ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 150| 20 to 26 Nov., 2024 | Ph.: (510) 240-5949 | Email: asrtimes@gmail.com

# ਬਾਦਲ ਅਕਾਲੀ ਦਲ ਵੱਲੋਂ ਆਪਣੀ ਹੋਂਦ ਲਈ ਜੱਦੋਜਹਿਦ

## ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਬਾਅਦ ਅਕਾਲੀ ਦਲ ਵੱਲੋਂ ਅਸਤੀਫ਼ਾ ਨਾਮਨਜ਼ੂਰ

### ਵਿੱਢੀ ਮੁਹਿੰਮ ਕਿ ਇਹ ਅਕਾਲੀ ਦਲ ਨੂੰ ਖ਼ਤਮ ਕਰਨ ਦੀ ਸਾਜਿਸ਼

### ਕੀ ਇਹ ਸਿੱਧਾ ਚੈਲਿੰਜ ਹੈ ਅਕਾਲ ਤਖ਼ਤ ਸਾਹਿਬ ਨੂੰ ?

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916





ਪਿਛਲੇ ਕਈ ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਜਿਸ ਸਿਆਸੀ ਘੁੰਮਣਘੇਰੀ ਵਿੱਚ ਘਿਰਿਆ ਹੋਇਆ ਹੈ, ਉਸ ਵਿੱਚੋਂ ਨਿਕਲਣ ਲਈ ਇਸ ਨੂੰ ਕੋਈ ਰਾਹ ਨਹੀਂ ਮਿਲ ਰਿਹਾ। ਸਿੱਖ ਪੰਥ ਅਕਾਲੀ ਦਲ ਵਿੱਚ ਦੁਬਾਰਾ ਵਿਸ਼ਵਾਸ ਪ੍ਰਗਟ ਨਹੀਂ ਕਰ ਰਿਹਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨੀਂ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਸੀ ਪਰ ਅਕਾਲੀ ਹਾਈਕਮਾਂਡ ਤੇ ਯੂਥ ਵਿੰਗ ਨੇ ਇਸ ਨੂੰ ਨਾਮਨਜ਼ੂਰ ਕਰ ਦਿੱਤਾ ਸੀ ਤੇ ਇਹ ਕਿਹਾ ਸੀ ਕਿ ਜੇ ਸੁਖਬੀਰ ਸਿੰਘ ਬਾਦਲ ਅਸਤੀਫ਼ਾ ਵਾਪਸ ਨਹੀਂ ਲੈਣਗੇ ਤਾਂ ਉਹ ਸਾਰੇ ਜਣੇ ਅਸਤੀਫ਼ਾ ਦੇ ਦੇਣਗੇ। ਇਹ ਵੀ ਕਿਹਾ ਗਿਆ ਕਿ ਇਹ ਸਭ ਅਕਾਲੀ ਦਲ ਵਿਰੁੱਧ ਸਾਜਿਸ਼ ਹੈ।

ਯਾਦ ਰਹੇ ਨੂੰ ਕੁਝ ਮਹੀਨੇ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਸਿੱਖ ਪੰਥ ਵਿਰੁੱਧ ਗੁਨਾਹਗਾਰ ਠਹਿਰਾਉਂਦੇ ਤਨਖਾਹੀਆ ਕਰਾਰ ਦਿੱਤਾ ਗਿਆ ਸੀ ਜਿਸ ਦੀ ਸਜ਼ਾ ਦਾ ਐਲਾਨ ਹੋਣਾ ਅਜੇ ਬਾਕੀ ਹੈ। ਸੁਖਬੀਰ ਸਿੰਘ ਬਾਦਲ ਪੰਜਾਬ ਦੀ ਸੱਤਾ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਪੰਥ ਅਤੇ ਪੰਜਾਬ ਦੇ 'ਹਿੱਤਾਂ' ਦੇ ਉਲਟ ਕੀਤੇ ਫ਼ੈਸਲਿਆਂ ਅਤੇ ਕਾਰਵਾਈਆਂ ਦੀ ਜ਼ਿੰਮੇਵਾਰੀ ਲੈਂਦੇ ਹੋਏ ਖੁਦ ਅਕਾਲ ਤਖ਼ਤ ਸਾਹਮਣੇ ਪੇਸ਼ ਹੋਏ ਸਨ।

ਇਸ ਦੌਰਾਨ ਸੁਖਬੀਰ ਸਿੰਘ ਬਾਦਲ ਸਮੇਤ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਹੋਰਨਾਂ ਜਥੇਦਾਰਾਂ ਨਾਲ ਮੁਲਾਕਾਤਾਂ ਕਰ ਕੇ ਇਹ ਮੰਗ ਕੀਤੀ ਜਾ ਰਹੀ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਜਲਦੀ 'ਸਜ਼ਾ' ਲਗਾ ਕੇ ਫ਼ਾਰਗ ਕੀਤਾ ਜਾਵੇ। ਪਰ ਅਕਾਲ ਤਖ਼ਤ ਸਾਹਿਬ ਵੱਲੋਂ ਕਿਹਾ ਗਿਆ ਸੀ ਕਿ ਸੁਖਬੀਰ ਸਿੰਘ ਬਾਦਲ ਤਨਖਾਹੀਆ ਹੈ, ਉਹ ਪਹਿਲਾਂ ਅਸਤੀਫ਼ਾ ਦੇਵੇ। ਫ਼ਿਰ ਫ਼ੈਸਲਾ ਹੋਵੇਗਾ।

**ਅਕਾਲੀ ਦਲ ਦਾ ਅਕਾਲ ਤਖ਼ਤ ਸਾਹਿਬ ਉੱਪਰ ਦਬਾਅ**

ਅਕਾਲ ਤਖ਼ਤ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਤੋਂ ਬਾਅਦ ਕਾਫ਼ੀ ਸਮਾਂ ਗੁਜ਼ਰ ਚੁੱਕਿਆ ਹੈ ਜਿਸ ਕਰ ਕੇ ਪਾਰਟੀ ਵੱਲੋਂ ਜਥੇਦਾਰ ਸਾਹਿਬਾਨ 'ਤੇ ਇਹ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਕਿ ਸਜ਼ਾ ਦੇ ਮੁੱਦੇ ਨੂੰ ਜਲਦੀ ਨਿਬੇੜ ਦਿੱਤਾ ਜਾਵੇ। ਇਸ ਦੇ ਨਾਲ ਹੀ ਪਾਰਟੀ ਆਗੂਆਂ ਵੱਲੋਂ

(ਬਾਕੀ ਸ.ਫ਼ਾ 30 'ਤੇ)

## ਸੁਖਬੀਰ ਬਾਦਲ ਦੀ ਗੁਪਤ ਸਿਆਸੀ ਨੀਤੀ ਕੀ ਹੈ ?

ਪਿਛਲੇ ਹ.ਫ਼ਤੇ ਹੀ ਸੁਖਬੀਰ ਸਿੰਘ ਬਾਦਲ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਸੌਂਪ ਕੇ ਆਏ ਸਨ ਜਿਸ ਵਿੱਚ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਉਨ੍ਹਾਂ ਦੀ ਸਜ਼ਾ ਦਾ ਮਾਮਲਾ ਜਲਦੀ ਨਿਬੇੜਿਆ ਜਾਵੇ। ਸੁਖਬੀਰ ਸਿੰਘ ਬਾਦਲ ਵੱਲੋਂ ਸ਼ਨਿਚਰਵਾਰ ਨੂੰ ਅਸਤੀਫ਼ਾ ਦੇਣ ਦਾ ਕੋਈ ਕਾਰਨ ਭਾਵੇਂ ਬਿਆਨ ਨਹੀਂ ਕੀਤਾ ਗਿਆ ਪਰ ਇਹ ਮੰਨਿਆ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਅਸਤੀਫ਼ਾ ਦੇ ਕੇ ਆਪਣਾ ਕੇਸ ਲੋਕਾਂ ਦੀ ਕਚਹਿਰੀ ਵਿੱਚ ਲਿਜਾਣਾ ਚਾਹੁੰਦੇ ਹਨ। ਸੋਮਵਾਰ ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਦੇ ਰੁਖ਼ ਤੋਂ ਵੀ ਝਲਕ ਰਿਹਾ ਹੈ ਕਿ ਪਾਰਟੀ ਲੀਡਰਸ਼ਿਪ ਇਸ ਮੁੱਦੇ ਨੂੰ ਲੈ ਕੇ ਹੇਠਲੇ ਪੱਧਰ 'ਤੇ ਅਕਾਲ ਤਖ਼ਤ ਸਾਹਿਬ



ਵਿਰੁੱਧ ਲਾਮਬੰਦੀ ਵਿੱਢ ਸਕਦੀ ਹੈ। ਇਸ ਤੋਂ ਪਹਿਲਾਂ ਵੀ ਪਾਰਟੀ ਲੀਡਰਸ਼ਿਪ ਦੱਬਵੀਂ ਜ਼ਬਾਨ ਵਿੱਚ ਇਹ ਗੱਲ ਆਖਦੀ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਦੋਸ਼ਾਂ ਵਿੱਚ ਕੋਈ ਸੱਚਾਈ ਨਹੀਂ ਹੈ। ਜੇ ਪਾਰਟੀ ਇਹ ਪੈਂਤੜਾ ਅਖ਼ਤਿਆਰ ਕਰਦੀ ਹੈ ਤਾਂ ਕੀ ਇਹ ਇਸ ਸਵਾਲ 'ਤੇ ਸਿੱਖ ਪੰਥ ਨਾਲ ਟਕਰਾਅ ਦਾ ਜੋਖ਼ਮ ਮੁੱਲ ਲਵੇਗੀ ? ਸਭ ਕਾਸੇ ਦੇ ਬਾਵਜੂਦ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਚੁੱਕੀ ਹੈ ਅਤੇ ਪਾਰਟੀ ਲੀਡਰਸ਼ਿਪ ਅਜੇ ਵੀ ਉਹੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਕਰ ਕੇ ਇਹ ਨੌਬਤ ਬਣੀ ਹੈ ਤੇ ਅਕਾਲੀ ਦਲ ਆਪਣਾ ਸਿਆਸੀ ਵਾਜੂਦ ਗੁਆ ਬੈਠਾ ਹੈ। ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚਾਰ ਸੀਟਾਂ- ਡੇਰਾ ਬਾਬਾ ਨਾਨਕ, ਗਿੱਦੜਬਾਹਾ, ਬਰਨਾਲਾ ਤੇ ਚੱਬੇਵਾਲ ਦੀਆਂ ਜ਼ਿਮਨੀ ਚੋਣਾਂ ਹੋ ਰਹੀਆਂ ਹਨ। 1992 ਦੀਆਂ ਵਿਧਾਨ ਸਭਾ ਚੋਣਾਂ ਜਦੋਂ ਪੰਜਾਬ ਵਿੱਚ ਅਸ਼ਾਂਤੀ ਦਾ ਮਾਹੌਲ ਚੱਲ ਰਿਹਾ ਸੀ (ਬਾਕੀ ਸ.ਫ਼ਾ 30 'ਤੇ)

## ਕੀ ਕਰੇ ਸ਼੍ਰੋਮਣੀ ਅਕਾਲੀ ਦਲ ?

ਸ਼੍ਰੋਮਣੀ ਅਕਾਲੀ ਦਲ ਜਾਂ ਇਸ ਤੋਂ ਵੱਖ ਹੋਏ ਧੜਿਆਂ ਸਾਹਮਣੇ ਹੁਣ ਟਾਲਾ ਵੱਟਣ ਦੀ ਗੁੰਜਾਇਸ਼ ਨਹੀਂ ਬਚੀ। ਜੇ ਇਨ੍ਹਾਂ ਨੇ ਪੰਜਾਬ ਵਿੱਚ ਆਪਣੀ ਗੁਆਈ ਸਿਆਸੀ ਜ਼ਮੀਨ ਮੁੜ ਪ੍ਰਾਪਤ ਕਰਨੀ ਹੈ ਅਤੇ ਪੰਥਕ ਹਲਕਿਆਂ ਵਿੱਚ ਆਪਣੀ ਸ਼ਾਨ ਬਹਾਲ ਕਰਨੀ ਹੈ ਤਾਂ ਇਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਅੱਗੇ ਸੀਸ ਨਿਵਾਉਣਾ ਪਵੇਗਾ। ਉਨ੍ਹਾਂ ਸਾਰੇ ਪੰਥਕ ਤੇ ਪੰਜਾਬ ਮੁੱਦਿਆਂ ਨੂੰ ਮੁਖ਼ਾਤਿਬ ਹੋਣਾ ਪਵੇਗਾ ਜਿਨ੍ਹਾਂ ਨੂੰ ਲੈ ਕੇ ਇਸ ਦੀ ਪਹੁੰਚ ਅਤੇ ਸਮੁੱਚੀ ਕਾਰਗੁਜ਼ਾਰੀ 'ਤੇ ਲਗਾਤਾਰ ਸਵਾਲ ਉੱਠਦੇ ਰਹੇ ਹਨ। ਇਸ ਨਾਲ ਜੁੜੇ ਮੁੱਦੇ ਐਨੇ ਗੰਭੀਰ ਹਨ ਕਿ ਇਨ੍ਹਾਂ ਨੂੰ ਨਿੱਠ ਕੇ ਚਰਚਾ ਕਰਨ ਲਈ ਹੀ ਲੰਮਾ ਸਮਾਂ ਲੱਗੇਗਾ ਅਤੇ ਇਨ੍ਹਾਂ ਉਪਰ ਦਰੁਸਤੀ ਕਦਮ ਪੁੱਟਣ ਦਾ ਰਾਹ ਹੋਰ ਵੀ ਲੰਮੇਰਾ ਹੋ ਸਕਦਾ ਹੈ ਪਰ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਪੰਥ, ਪੰਜਾਬ ਅਤੇ ਸਮੁੱਚੇ ਭਾਈਚਾਰੇ ਦੇ ਹਿੱਤਾਂ ਤੇ ਸਰੋਕਾਰਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਣਾ ਅਤੇ ਦ੍ਰਿੜਾਉਣਾ ਪਵੇਗਾ। ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਅਕਾਲੀ ਲੀਡਰਸ਼ਿਪ ਇਸ ਔਖੀ ਘੜੀ ਦਾ ਸਾਹਮਣਾ ਕਰਨ ਲਈ ਨਵੀਂ ਪਹੁੰਚ ਅਤੇ ਪਹਿਲ ਕਰਦੀ ਹੈ ਜਾਂ ਫ਼ਿਰ ਵੇਲਾ ਵਿਹਾਅ ਚੁੱਕੇ ਨੁਸਖਿਆਂ 'ਤੇ ਹੀ ਟੇਕ ਰੱਖ ਕੇ ਚਲਦੀ ਹੈ।

# ਇਤਿਹਾਸ 'ਚ ਪਹਿਲੀ ਵਾਰ ਬਰਤਾਨਵੀ ਸੰਸਦ 'ਚ ਸਿੱਖ ਦਾ ਚਿੱਤਰ ਕੀਤਾ ਗਿਆ ਸਥਾਪਿਤ

## ਸਿੱਖ ਸਾਂਸਦ ਲਾਰਡ ਇੰਦਰਜੀਤ ਸਿੰਘ ਦਾ ਚਿੱਤਰ ਬਰਤਾਨਵੀ ਰਾਜੇ-ਰਾਣੀਆਂ ਦੇ ਚਿੱਤਰਾਂ ਬਰਾਬਰ ਲਗਾਇਆ

ਲੰਡਨ/ਏ.ਟੀ.ਨਿਊਜ਼ : ਯੂਰਪ ਅਤੇ ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਲਾਰਡ ਇੰਦਰਜੀਤ ਸਿੰਘ ਵੱਲੋਂ ਸੰਸਦ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਅਤੇ ਯੂ.ਕੇ. ਲਈ ਬਿਹਤਰ ਲੋਕ ਸੇਵਾਵਾਂ ਦੇਣ ਦੇ ਯੋਗਦਾਨ ਵਜੋਂ ਉਨ੍ਹਾਂ ਦਾ ਚਿੱਤਰ ਵੈਸਟਮਿੰਸਟਰ, ਲੰਡਨ ਸਥਿਤ ਬਰਤਾਨਵੀ ਸੰਸਦ ਦੇ ਉਪਰਲੇ ਸਦਨ 'ਹਾਊਸ ਆਫ ਲਾਰਡਜ਼' ਦੇ ਬਿਸ਼ਪ ਕਾਰੀਡੋਰ ਵਿੱਚ ਸਥਾਪਿਤ ਕੀਤਾ ਗਿਆ ਹੈ। ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਬਰਤਾਨਵੀ ਸੰਸਦ ਵਿੱਚ ਕਿਸੇ ਸਿੱਖ ਦਾ ਚਿੱਤਰ ਪ੍ਰਦਰਸ਼ਿਤ ਕੀਤਾ ਗਿਆ ਹੈ। ਲਾਰਡ ਇੰਦਰਜੀਤ ਸਿੰਘ ਦੇ ਚਿੱਤਰ ਦੇ ਘੁੰਡ ਚੁਕਾਈ ਸਮਾਰੋਹ ਵਿੱਚ ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵਿੱਚ ਹੇਠਲੇ ਸਦਨ 'ਹਾਊਸ ਆਫ ਕਾਮਨਜ' ਦੇ ਪਹਿਲੇ ਸਿੱਖ ਮੈਂਬਰ ਤਨਮਨਜੀਤ ਸਿੰਘ ਢੇਸੀ, ਲਾਰਡ ਕੁਲਦੀਪ ਸਿੰਘ ਸਹੋਤਾ, ਸੰਸਦ ਮੈਂਬਰ ਜਸ ਅਠਵਾਲ, ਸੰਸਦ ਮੈਂਬਰ ਕਿਰਥ ਐਂਟਵਿਸਲ, ਸੰਸਦ ਮੈਂਬਰ ਰਿਚਰਡ ਬੇਕਨ, ਸੰਸਦ ਮੈਂਬਰ ਭਗਤ ਸਿੰਘ ਸ਼ੰਕਰ ਅਤੇ ਲੇਡੀ ਸਿੰਘ ਕੰਵਲਜੀਤ ਕੌਰ ਓਬੀਈ ਸਮੇਤ ਉਨ੍ਹਾਂ ਦੇ ਪਰਿਵਾਰ ਵੀ ਹਾਜ਼ਰ ਸਨ। ਲਾਰਡ



ਇੰਦਰਜੀਤ ਸਿੰਘ ਦੇ ਯੋਗਦਾਨ ਦੀ ਪ੍ਰਸ਼ੰਸਾ ਕਰਦੇ ਹੋਏ, ਹਾਊਸ ਆਫ ਲਾਰਡਜ਼ ਹੈਰਿਟੇਜ ਕਮੇਟੀ ਦੇ ਚੇਅਰਮੈਨ, ਲਾਰਡ ਸਪੀਕਰ ਫਾਲਕਨਰ ਨੇ ਕਿਹਾ ਕਿ ਉਨ੍ਹਾਂ ਨੇ ਬੀ.ਬੀ.ਸੀ. ਦੇ ਸਵੇਰ ਵੇਲੇ ਦੇ ਮਸ਼ਹੂਰ ਪ੍ਰੋਗਰਾਮ ਰਾਹੀਂ ਯੂ.ਕੇ. ਵਿੱਚ ਨਾਸ਼ਤੇ ਵੇਲੇ ਮੇਜ਼ਾਂ 'ਤੇ ਸਿੱਖ ਧਰਮ ਅਤੇ ਧਰਮਾਂਤਰ ਸਾਂਝਾਂ ਦੀ ਗੱਲ ਚਲਾਈ ਹੈ। ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੰਸਦ ਵਿੱਚ ਲਾਰਡ ਇੰਦਰਜੀਤ ਸਿੰਘ ਦਾ ਚਿੱਤਰ ਪ੍ਰਦਰਸ਼ਿਤ ਕਰਨਾ ਇੱਕ ਇਤਿਹਾਸਕ ਕਦਮ ਹੈ ਅਤੇ ਇਹ ਚਿੱਤਰ ਇਸ ਇਤਿਹਾਸਕ ਸੰਸਦ ਭਵਨ ਦੇ ਸਭ ਸੰਸਦ ਮੈਂਬਰਾਂ ਅਤੇ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣੇਗਾ। ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਦੇ ਖਜਾਨਚੀ, ਪੁੱਡੂਚੇਰੀ ਤੋਂ ਹਰਸਰਨ ਸਿੰਘ ਨੇ ਇਸ ਪ੍ਰਾਪਤੀ 'ਤੇ ਦੂਰਦਰਸ਼ੀ ਨੇਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਯੂ.ਕੇ. ਦੀ ਸੰਸਦ ਵਿੱਚ ਲਾਰਡ ਸਿੰਘ ਦਾ ਚਿੱਤਰ ਲਗਾਇਆ ਜਾਣਾ ਸਮੁੱਚੀ ਸਿੱਖ ਕੌਮ ਅਤੇ ਪੰਜਾਬੀ ਸਮਾਜ ਲਈ ਬਹੁਤ ਮਾਣ ਵਾਲੀ ਗੱਲ ਹੈ। ਜੀ.ਐਸ.ਸੀ. ਦੇ ਡਿਪਟੀ ਪ੍ਰਧਾਨ ਰਾਮ ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਗੁਰਸਿੱਖ ਦਾ ਚਿੱਤਰ ਯੂ.ਕੇ. ਦੀ ਮਾਣਮੱਤੀ ਸੰਸਦ ਦੀਆਂ ਕੰਧ 'ਤੇ ਸਜਾਇਆ ਹੋਵੇਗਾ। ਕੌਂਸਲ ਦੇ ਡਿਪਟੀ ਪ੍ਰਧਾਨ, ਅਮਰੀਕਾ ਤੋਂ ਪਰਮਜੀਤ ਸਿੰਘ ਬੇਦੀ ਨੇ ਕਿਹਾ ਕਿ ਇਹ ਸਾਰੇ ਸਿੱਖਾਂ ਲਈ ਵੱਡੇ ਸਨਮਾਨ ਦੀ ਗੱਲ ਹੈ ਕਿ ਲਾਰਡ ਸਿੰਘ ਦੀਆਂ ਪ੍ਰਾਪਤੀਆਂ ਅਤੇ ਨਿਸਵਾਰਥ ਸੇਵਾਵਾਂ ਨੂੰ ਸਭ ਤੋਂ ਉੱਚੇ ਪੱਧਰ 'ਤੇ ਸਵੀਕਾਰਿਆ ਗਿਆ ਹੈ।

(ਬਾਕੀ ਸ.ਫ਼ਾ 30 'ਤੇ)

# ਕੈਨੇਡਾ 'ਚ ਫ਼ਾਸਟ-ਟ੍ਰੈਕ ਵੀਜ਼ਾ 'ਤੇ ਪਾਬੰਦੀ ਮਗਰੋਂ ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ ਦਾ ਰੁਖ ਕਰ ਸਕਦੇ ਹਨ ਭਾਰਤੀ ਵਿਦਿਆਰਥੀ

ਜਲੰਧਰ/ਏ.ਟੀ.ਨਿਊਜ਼: ਕੈਨੇਡਾ ਵੱਲੋਂ ਫਾਸਟ-ਟ੍ਰੈਕ ਵੀਜ਼ਿਆਂ 'ਤੇ ਪਾਬੰਦੀ ਲਾਉਣ ਤੋਂ ਬਾਅਦ ਭਾਰਤੀ ਵਿਦਿਆਰਥੀਆਂ ਨੂੰ ਲੰਮਾ ਸਮਾਂ ਇੰਤਜ਼ਾਰ ਕਰਨਾ ਪੈ ਸਕਦਾ ਹੈ, ਜਿਸ ਕਾਰਨ ਉਹ ਹੁਣ ਅਮਰੀਕਾ, ਯੂ.ਕੇ., ਆਸਟ੍ਰੇਲੀਆ, ਜਰਮਨੀ, ਫਰਾਂਸ, ਆਇਰਲੈਂਡ ਤੇ ਜਾਪਾਨ ਵਰਗੇ ਹੋਰ ਦੇਸ਼ਾਂ 'ਚ ਉੱਚ ਸਿੱਖਿਆ ਹਾਸਲ ਕਰਨ ਬਾਰੇ ਵਿਚਾਰ ਕਰ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਅਤੇ ਕੈਨੇਡਾ ਦੇ ਵਿਗੜ ਰਹੇ ਦੁਵੱਲੇ ਕੂਟਨੀਤਕ ਸਬੰਧਾਂ, ਵਧਦੇ ਰਿਹਾਇਸ਼ੀ ਸੰਕਟ ਅਤੇ ਕੈਨੇਡਾ 'ਚ ਵੱਧਦੀ ਬੇਰੁਜ਼ਗਾਰੀ ਦੀ ਸਮੱਸਿਆ ਕਾਰਨ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋ ਗਿਆ ਹੈ।

**ਬਦਲਾਂ ਦੀ ਭਾਲ ਕਰ ਰਹੇ ਵਿਦਿਆਰਥੀ**

ਕੰਸਲਟੈਂਸੀ ਲੀਵਰੇਜ ਡਾਟ ਬਿਜ ਦੇ ਸੰਸਥਾਪਕ ਅਕਸ਼ੈ ਚਤੁਰਵੇਦੀ ਦੇ ਹਵਾਲੇ ਨਾਲ ਇੱਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਸਟੂਡੈਂਟ ਡਾਇਰੈਕਟ ਸਟ੍ਰੀਮ (ਐੱਸ.ਡੀ.ਐੱਸ.) ਪ੍ਰੋਗਰਾਮ ਨੂੰ ਬੰਦ ਕਰਨ ਦਾ ਕੈਨੇਡਾ ਦਾ ਫੈਸਲਾ ਪੂਰੀ ਤਰ੍ਹਾਂ ਗਲਤ ਹੈ। ਇਸ ਨਾਲ ਨਾ ਸਿਰਫ਼ ਕੈਨੇਡਾ 'ਚ ਪੜ੍ਹਾਈ ਲਈ ਸਥਿਤੀ ਹੋਰ ਵਿਗੜ ਜਾਵੇਗੀ, ਸਗੋਂ ਇਸਦਾ ਨਿਯਮਤ ਵੀਜ਼ਾ ਬਿਨੈ-ਪੱਤਰਾਂ 'ਤੇ ਵੀ ਭਾਰੀ ਦਬਾਅ ਪਵੇਗਾ। ਲੀਵਰੇਜ ਡਾਟ ਬਿਜ ਕੋਲ ਕੈਨੇਡਾ 'ਚ ਆਗਾਮੀ ਦਾਖਲੇ ਲਈ 5,000 ਤੋਂ ਵੱਧ ਬਿਨੈਕਾਰ ਹਨ। ਚਤੁਰਵੇਦੀ ਨੇ ਦੱਸਿਆ ਕਿ ਇਨ੍ਹਾਂ 'ਚੋਂ ਕਰੀਬ 65 ਫੀਸਦੀ ਨੇ ਯੂ.ਕੇ., ਯੂ.ਐੱਸ. ਅਤੇ ਜਰਮਨੀ 'ਚ ਸੰਭਾਵਿਤ ਬਦਲਾਂ ਬਾਰੇ ਪੁੱਛਗਿੱਛ ਕੀਤੀ ਹੈ।

**ਸਿੱਖਿਆ ਦੇ ਖੇਤਰ 'ਚ ਪਛਾਣ ਗੁਆ ਦੇਵੇਗਾ ਕੈਨੇਡਾ**

ਕਾਲਜਿਫਾਈ ਦੇ ਸਹਿ-ਸੰਸਥਾਪਕ ਆਦਰਸ਼ ਖੰਡੇਲਵਾਲ ਨੇ ਕਿਹਾ ਹੈ ਕਿ ਅਚਾਨਕ ਹੋਈ ਤਬਦੀਲੀ ਮਹੱਤਵਪੂਰਨ ਪ੍ਰਣਾਲੀਆਂ ਨੂੰ ਅਸਫਲ ਕਰ ਦਿੰਦੀ ਹੈ। ਇਨ੍ਹਾਂ 'ਚ ਰਿਹਾਇਸ਼ ਸੁਰੱਖਿਅਤ ਕਰਨਾ, ਟਿਊਸ਼ਨ ਦਾ




ਭੁਗਤਾਨ ਕਰਨਾ ਅਤੇ ਯਾਤਰਾ ਦੀ ਯੋਜਨਾ ਬਣਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਕਈ ਲੋਕ, ਜੋ ਆਪਣੀ ਪੜ੍ਹਾਈ ਸ਼ੁਰੂ ਕਰਨ ਲਈ ਤਿਆਰ ਸਨ, ਨੂੰ ਹੁਣ ਵਿਘਨ ਵਾਲੀਆਂ ਯੋਜਨਾਵਾਂ ਦੇ ਤਣਾਅ ਨਾਲ ਨਜਿੱਠਣਾ ਪੈ ਸਕਦਾ ਹੈ। 2023 'ਚ 2,25,000 ਤੋਂ ਵੱਧ ਭਾਰਤੀ ਵਿਦਿਆਰਥੀਆਂ ਨੇ ਕੈਨੇਡਾ ਲਈ ਵੀਜ਼ਾ ਪ੍ਰਾਪਤ ਕੀਤਾ ਸੀ, ਜਿਨ੍ਹਾਂ 'ਚ ਜ਼ਿਆਦਾਤਰ ਫਾਸਟ-ਟ੍ਰੈਕ ਵੀਜ਼ੇ ਸਨ। ਖੰਡੇਲਵਾਲ ਨੇ ਕਿਹਾ ਕਿ ਕੈਨੇਡਾ ਇਸ ਪਾਬੰਦੀ ਨਾਲ ਚੋਟੀ ਦੇ ਸਥਾਨ ਵਜੋਂ ਆਪਣੀ ਲੀਡ ਗੁਆ ਸਕਦਾ ਹੈ।

**ਸਿੱਖਿਆ ਬਾਜ਼ਾਰ 'ਚ ਕਰੀਬ 30 ਫ਼ੀਸਦੀ ਦੀ ਗਿਰਾਵਟ**

ਆਈ.ਡੀ.ਪੀ. ਐਜੂਕੇਸ਼ਨ ਦੇ ਦੱਖਣੀ ਏਸ਼ੀਆ, ਕੈਨੇਡਾ ਅਤੇ ਲੈਟਿਨ ਅਮਰੀਕਾ ਦੇ ਖੇਤਰੀ ਨਿਰਦੇਸ਼ਕ ਪੀਯੂਸ਼ ਕੁਮਾਰ ਅਨੁਸਾਰ ਫਾਸਟ ਟ੍ਰੈਕ ਵੀਜ਼ਾ ਪ੍ਰੋਗਰਾਮ ਨੂੰ ਰੋਕਣ ਦੇ ਫੈਸਲੇ ਸਮੇਤ ਕਈ ਕਾਰਨਾਂ ਕਰ ਕੇ ਇਸ ਸਾਲ ਭਾਰਤ 'ਚ ਕੈਨੇਡੀਅਨ ਸਿੱਖਿਆ ਬਾਜ਼ਾਰ 'ਚ ਲਗਭਗ 30 ਫੀਸਦੀ ਦੀ ਗਿਰਾਵਟ ਆਈ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਆਗਾਮੀ ਦਾਖਲੇ ਲਈ 8 ਨਵੰਬਰ ਤੱਕ ਅਪਲਾਈ ਕੀਤਾ ਹੈ, ਉਹ ਐੱਸ.ਡੀ.ਐੱਸ. ਸ਼੍ਰੇਣੀ ਤਹਿਤ ਆਪਣਾ ਵੀਜ਼ਾ ਪ੍ਰਾਪਤ ਕਰ ਸਕਣਗੇ। ਜਿਨ੍ਹਾਂ ਨੇ ਕੈਨੇਡਾ 'ਚ ਪੜ੍ਹਾਈ ਲਈ ਜਨਵਰੀ ਜਾਂ ਮਈ 2025 'ਚ ਦਾਖਲੇ ਲਈ 8 ਨਵੰਬਰ ਤੋਂ ਬਾਅਦ ਅਪਲਾਈ ਕੀਤਾ ਹੈ, ਉਨ੍ਹਾਂ ਨੂੰ ਨਿਯਮਤ ਗੈਰ-ਐੱਸ. ਡੀ. ਐੱਸ. ਰੂਟ ਰਾਹੀਂ ਆਪਣਾ ਵੀਜ਼ਾ ਫਾਈਲ ਕਰਨਾ ਚਾਹੀਦਾ ਹੈ। ਕੁਮਾਰ ਨੇ ਕਿਹਾ ਕਿ ਕੁਝ ਵਿਦਿਆਰਥੀ ਬਚੇ ਹਨ, ਜਿਨ੍ਹਾਂ ਨੇ ਐੱਸ.ਡੀ.ਐੱਸ. ਰੂਟ ਰਾਹੀਂ ਅਪਲਾਈ ਨਹੀਂ ਕੀਤਾ ਹੈ ਅਤੇ ਹੁਣ ਅਸੀਂ ਉਨ੍ਹਾਂ ਨੂੰ ਗੈਰ-ਐੱਸ.ਡੀ.ਐੱਸ. ਰੂਟ ਰਾਹੀਂ ਅਪਲਾਈ ਕਰਨ 'ਚ ਮਦਦ ਕਰਾਂਗੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਹੁਣ 4 ਤੋਂ 6 ਹਫ਼ਤੇ ਪਹਿਲਾਂ ਅਪਲਾਈ ਕਰਨਾ ਪਵੇਗਾ।

**ਦਾਖਲਿਆਂ 'ਚ 85 ਫ਼ੀਸਦੀ ਗਿਰਾਵਟ ਦਾ ਅੰਦਾਜਾ**

ਫਾਰੇਨ ਐਡਮਿਟਸ ਦੇ ਸਹਿ-ਸੰਸਥਾਪਕ ਨਿਖਿਲ ਜੈਨ ਦਾ ਕਹਿਣਾ ਹੈ, ਜੋ ਪ੍ਰਕਿਰਿਆ 20-45 ਦਿਨਾਂ ਦੀ ਸੀ ਉਹ ਹੁਣ ਘੱਟੋ-ਘੱਟ 60-90 ਦਿਨਾਂ ਤੱਕ ਵੱਧ ਜਾਵੇਗੀ। ਇਹ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬਹੁਤ ਜ਼ਿਆਦਾ ਪ੍ਰੇਸ਼ਾਨੀ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮਾਪਿਆਂ ਦੀ ਉਹ ਕੌਂਸਲਿੰਗ ਕਰ ਰਹੇ ਹਨ, ਉਨ੍ਹਾਂ 'ਚੋਂ ਇਕ ਨੇ ਕੈਨੇਡਾ ਦੇ ਇੱਕ ਕਾਲਜ 'ਚ ਆਪਣੇ ਬੱਚੇ ਦੇ ਪਹਿਲੇ ਸਮੈਸਟਰ ਦੀ ਫੀਸ ਦਾ ਭੁਗਤਾਨ ਕਰ ਦਿੱਤਾ ਹੈ। ਹੁਣ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਉਨ੍ਹਾਂ ਦਾ ਬੱਚਾ ਦਾਖਲੇ ਲਈ ਸਮੇਂ ਸਿਰ ਜਾਵੇਗਾ ਜਾਂ ਨਹੀਂ। ਕੈਰੀਅਰ ਮੋਜ਼ੇਕ ਦੀ ਮਨੀਸ਼ਾ ਜੇਵੇਰੀ ਨੇ ਕਿਹਾ ਕਿ ਐੱਸ.ਡੀ.ਐੱਸ. ਰੂਟ ਦੇ ਬੰਦ ਹੋਣ ਦੇ ਨਤੀਜੇ ਵਜੋਂ ਕੈਨੇਡਾ 'ਚ ਦਾਖਲਿਆਂ 'ਚ 85 ਫੀਸਦੀ ਦੀ ਗਿਰਾਵਟ ਦਾ ਅੰਦਾਜਾ ਹੈ।

# ਬ੍ਰਿਟਿਸ਼ ਕੋਲੰਬੀਆ ਮੰਤਰੀ ਮੰਡਲ 'ਚ ਚਾਰ ਪੰਜਾਬੀ ਸ਼ਾਮਲ

## ਨਿੱਕੀ ਸ਼ਰਮਾ ਬਣੀ ਉਪ ਮੁੱਖ ਮੰਤਰੀ, ਜਗਰੂਪ ਬਰਾੜ ਤੇ ਰਵੀ ਪਰਮਾਰ ਵੀ ਬਣੇ ਮੰਤਰੀ



ਵੈਨਕੂਵਰ/ਏ.ਟੀ.ਨਿਊਜ਼:ਪਿਛਲੇ ਮਹੀਨੇ ਬ੍ਰਿਟਿਸ਼ ਕੋਲੰਬੀਆ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੁਝ ਹਲਕਿਆਂ ਵਿੱਚ ਜਿੱਤ-ਹਾਰ ਦਾ ਫ਼ਰਕ 100 ਤੋਂ ਵੀ ਘੱਟ ਹੋਣ ਕਰ ਕੇ ਵੋਟਾਂ ਦੀ ਦੁਬਾਰਾ ਗਿਣਤੀ ਹੋਈ ਸੀ। ਦੁਬਾਰਾ ਗਿਣਤੀ ਮਗਰੋਂ ਐਲਾਨੇ ਗਏ ਨਤੀਜਿਆਂ ਵਿੱਚ ਮੁੜ ਤੋਂ ਸੱਤਾ ਵਿੱਚ ਆਈ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਡੇਵਿਡ ਈਬੀ ਨੇ ਆਪਣੇ ਮੰਤਰੀ ਮੰਡਲ ਦਾ ਐਲਾਨ ਕਰਦੇ ਹੋਏ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਵੀ ਕਰ ਦਿੱਤੀ ਹੈ।

ਇਸ ਦੌਰਾਨ ਪਹਿਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੀ ਨਿੱਕੀ ਸ਼ਰਮਾ ਨੂੰ ਉਪ ਮੁੱਖ ਮੰਤਰੀ ਅਤੇ ਅਟਾਰਨੀ ਜਨਰਲ ਬਣਾਇਆ ਗਿਆ ਹੈ।

ਸੱਤਵੀਂ ਵਾਰ ਜੇਤੂ ਰਹੇ ਜਗਰੂਪ ਬਰਾੜ ਨੂੰ ਪਹਿਲੀ ਵਾਰ ਮੰਤਰੀ ਬਣਾ ਕੇ ਖਾਣਾਂ ਤੇ ਖਣਿਜ ਵਿਭਾਗ ਸੌਂਪੇ ਗਏ ਹਨ। ਰਵੀ ਪਰਮਾਰ ਨੂੰ ਜੰਗਲਾਤ ਮੰਤਰੀ ਬਣਾਇਆ ਗਿਆ ਹੈ। ਰਵੀ ਕਾਹਲੋਂ ਨੂੰ ਪਹਿਲੇ ਵਿਭਾਗ ਹਾਊਸਿੰਗ ਦੇ ਨਾਲ ਹੁਣ ਮਿਊਂਸਿਪਲ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ।

24 ਮੰਤਰੀਆਂ ਅਤੇ ਚਾਰ ਰਾਜ ਮੰਤਰੀਆਂ ਦੇ ਨਾਲ ਕੁਝ ਪਾਰਲੀਮਾਨੀ ਸਕੱਤਰ ਵੀ ਬਣਾਏ ਗਏ ਹਨ, ਜਿਨ੍ਹਾਂ ਵਿੱਚ ਜੈਸੀ ਸੁੰਨੜ, ਹਰਵਿੰਦਰ ਸੰਧੂ, ਆਮਨਾ ਸ਼ਾਹ ਤੇ ਸੁਨੀਤਾ ਧੀਰ ਸ਼ਾਮਲ ਹਨ। ਡੇਵਿਡ ਈਬੀ ਵੱਲੋਂ ਸਾਰੇ ਭਾਈਚਾਰਿਆਂ ਦੀ ਹੋਂਦ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਬਣਦਾ ਹਿੱਸਾ ਦਿੱਤਾ ਗਿਆ ਹੈ। ਉਨ੍ਹਾਂ ਔਰਤਾਂ ਨੂੰ ਵੀ ਬਰਾਬਰਤਾ ਨਾਲ ਨਿਵਾਜਿਆ ਹੈ।

ਪਿਛਲੇ ਮੰਤਰੀ ਮੰਡਲ ਵਿੱਚ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਕੁਝ ਆਗੂਆਂ ਦੇ ਵਿਭਾਗ ਇਸ ਵਾਰ ਬਦਲ ਦਿੱਤੇ ਗਏ ਹਨ। ਸੱਤ ਸਾਲ ਤੋਂ ਸਿਹਤ ਮੰਤਰੀ ਵਜੋਂ ਸੇਵਾਵਾਂ ਨਿਭਾਅ ਰਹੇ ਐਂਡਰੀਅਨ ਡਿਕਸ ਨੂੰ ਇਸ ਵਾਰ ਊਰਜਾ ਵਿਭਾਗ ਦਿੱਤਾ ਗਿਆ ਹੈ।

## ਲਾਸ ਵੇਗਾਸ 'ਚ ਹੋਈ ਵਿਸ਼ਵ ਪਾਵਰ ਲਿਫ਼ਟਿੰਗ ਚੈਂਪੀਅਨਸ਼ਿਪ ਵਿੱਚ ਪੰਜਾਬੀਆਂ ਨੇ ਗੱਡੇ ਝੰਡੇ




ਫ਼ਰਿਜ਼ਨੋ (ਕੈਲੀਫ਼ੋਰਨੀਆ)/ਏ.ਟੀ.ਨਿਊਜ਼ : ਅਮਰੀਕਾ ਦੇ ਲਾਸ ਵੇਗਾਸ ਵਿੱਚ ਹੋਈ ਵਿਸ਼ਵ ਪਾਵਰ ਲਿਫ਼ਟਿੰਗ ਚੈਂਪੀਅਨਸ਼ਿਪ ਵਿੱਚ ਪੰਜਾਬੀਆਂ ਨੇ ਵੱਡੀ ਕਾਮਯਾਬੀ ਹਾਸਲ ਕਰਦਿਆਂ ਤਿੰਨ ਸੋਨ ਤ਼ਗਮੇ ਜਿੱਤ ਕੇ ਨਾ ਸਿਰਫ਼ ਪੰਜਾਬ ਬਲਕਿ ਪੂਰੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਆਈ.ਬੀ.ਐਫ਼. ਏਸ਼ੀਆ ਦੇ ਪ੍ਰਧਾਨ ਹਰਵਿੰਦਰ ਸਿੰਘ ਸਲੀਨਾ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਦੁਨੀਆਂ ਭਰ ਦੇ ਦੇਸ਼ਾਂ ਦੇ ਐਥਲੀਟਾਂ ਨੇ ਭਾਗ ਲਿਆ। ਇਸੇ ਤਰ੍ਹਾਂ ਉਹ ਵੀ ਆਪਣੀ ਟੀਮ ਨਾਲ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਸਨ। ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਅਬੋਹਰ ਦੇ ਰਹਿਣ ਵਾਲੇ ਅਮਨ ਪ੍ਰਕਾਸ਼ ਟੋਨੀ ਸੰਧੂ ਨੇ 90 ਕਿਲੋ ਭਾਰ ਵਰਗ ਦੇ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਪੰਜਾਬੀ ਅਥਲੀਟ ਨੇ ਤਿੰਨ ਗੋਲਡ ਮੈਡਲ ਜਿੱਤ ਕੇ ਇਤਿਹਾਸ ਰਚਿਆ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਜਿੱਤ ਨਾਲ ਪ੍ਰਕਾਸ਼ ਟੋਨੀ ਨੇ ਅਗਲੇ ਸਾਲ 2025 ਵਿੱਚ ਹੋਣ ਵਾਲੀਆਂ ਉਲੰਪਿਕ ਖੇਡਾਂ ਲਈ ਕੁਆਲੀਫ਼ਾਈ ਕਰ ਲਿਆ ਹੈ। ਹਰਵਿੰਦਰ ਸਿੰਘ ਸਲੀਣਾ ਨੇ ਕਿਹਾ ਕਿ ਖੇਡਾਂ ਮਨੁੱਖ ਲਈ ਬੇਹੱਦ ਜ਼ਰੂਰੀ ਹਨ ਅਤੇ ਖੇਡਾਂ ਵਿੱਚ ਪੰਜਾਬੀਆਂ ਦੀ ਵੱਖਰੀ ਪਛਾਣ ਹੈ। ਪਹਿਲਾਂ ਵੀ ਪੰਜਾਬੀਆਂ ਨੇ ਖੇਡਾਂ ਦੇ ਖੇਤਰ ਵਿੱਚ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਹੁਣ ਵੀ ਪੰਜਾਬ ਦੇ ਨੌਜਵਾਨ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਵੱਲੋਂ ਅਮਰੀਕਾ ਵਿੱਚ ਹੋਈ ਵਿਸ਼ਵ ਚੈਂਪੀਅਨਸ਼ਿਪ ਵਿੱਚ ਤਿੰਨ ਤਗਮੇ ਜਿੱਤਣਾ ਆਪਣੇ ਆਪ ਵਿੱਚ ਵੱਡੀ ਪ੍ਰਾਪਤੀ ਹੈ।

# ਭਾਰਤ 'ਤੇ ਟੈਰਿਫ ਲਗਾਉਣ ਨਾਲ ਵਪਾਰਕ ਜੰਗ ਭੜਕੇਗੀ : ਸੁਬਰਾਮਣੀਅਮ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਦੇ ਨਵੇਂ ਚੁਣੇ ਗਏ ਸੰਸਦ ਮੈਂਬਰ ਸੁਹਾਸ ਸੁਬਰਾਮਣੀਅਮ ਨੇ ਕਿਹਾ ਹੈ ਕਿ ਉਹ ਭਾਰਤ 'ਤੇ ਟੈਰਿਫ ਲਗਾਉਣ ਦੇ ਵਿਰੁੱਧ ਹਨ ਕਿਉਂਕਿ ਇਸ ਨਾਲ ਦੋਹਾਂ ਦੇਸ਼ਾਂ ਵਿਚਾਲੇ ਵਪਾਰ ਜੰਗ ਸ਼ੁਰੂ ਹੋ ਜਾਵੇਗੀ। ਸੁਬਰਾਮਣੀਅਮ ਦੀ ਇਹ ਟਿੱਪਣੀ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵਲੋਂ ਭਾਰਤੀ ਨਿਰਯਾਤ 'ਤੇ ਉੱਚ ਟੈਰਿਫ ਲਗਾਏ ਜਾਣ ਦੇ ਵਿਚਕਾਰ ਆਈ ਹੈ।



ਪੋਂਪੀਓ ਨੇ ਇੱਕ ਇੰਟਰਵਿਊ 'ਚ ਕਿਹਾ, "ਮੈਂ ਭਾਰਤ 'ਤੇ ਟੈਰਿਫ ਦਾ ਸਮਰਥਨ ਨਹੀਂ ਕਰਦਾ। ਮੈਨੂੰ ਲਗਦਾ ਹੈ ਕਿ ਇਹ ਸੱਚਮੁੱਚ ਬੁਰਾ ਹੋਵੇਗਾ। ਇਸ ਨਾਲ ਵਪਾਰ ਜੰਗ ਸ਼ੁਰੂ ਹੋਵੇਗਾ ਅਤੇ ਮੈਨੂੰ ਨਹੀਂ ਲਗਦਾ ਕਿ ਇਹ ਕਿਸੇ ਦੇਸ਼ ਲਈ ਚੰਗਾ ਹੈ।"

ਅਮਰੀਕੀ ਰਾਸ਼ਟਰਪਤੀ ਚੁਣੇ ਜਾਣ ਤੋਂ ਪਹਿਲਾਂ ਟਰੰਪ ਨੇ ਭਾਰਤ ਦੇ ਟੈਰਿਫ ਢਾਂਚੇ 'ਤੇ ਨਿਸ਼ਾਨਾ ਲਾਇਆ ਸੀ ਅਤੇ ਚੀਨ ਅਤੇ ਭਾਰਤ ਵਰਗੇ ਦੇਸ਼ਾਂ 'ਤੇ ਆਪਸੀ ਟੈਕਸ ਲਗਾਉਣ ਦੀ ਗੱਲ ਕੀਤੀ ਸੀ। ਟਰੰਪ ਦੇ ਅਮਰੀਕੀ ਰਾਸ਼ਟਰਪਤੀ ਬਣਨ ਨਾਲ ਭਾਰਤੀ ਨਿਰਯਾਤ 'ਤੇ ਜ਼ਿਆਦਾ ਟੈਰਿਫ ਲੱਗਣ ਦੀ ਸੰਭਾਵਨਾ ਹੈ। ਸੁਬਰਾਮਣੀਅਮ ਨੇ ਕਿਹਾ, "ਬਹੁਤ ਸਾਰੇ ਕਾਰੋਬਾਰ ਹਨ ਜੋ ਭਾਰਤ ਵਿੱਚ ਬਹੁਤ ਵਧੀਆ ਕੰਮ ਕਰਦੇ ਹਨ

(ਬਾਕੀ ਸਫ਼ਾ 31 'ਤੇ)

# 'ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ' ਦਾ ਸੰਦੇਸ਼ ਅਜੇ ਵੀ ਪ੍ਰਸੰਗਿਕ ਹੈ : ਮੋਦੀ

ਰੀਓ ਡੀ ਜਨੇਰੀਓ/ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਵਿਸ਼ਵੀ ਸੰਘਰਸ਼ਾਂ ਕਾਰਨ ਖੁਰਾਕ, ਈਂਧਨ ਅਤੇ ਖਾਦ ਸੰਕਟ ਸੱਭ ਤੋਂ ਵੱਧ ਪ੍ਰਭਾਵਤ ਦੇਸ਼ ਗਲੋਬਲ ਸਾਊਥ 'ਚ ਹਨ ਅਤੇ ਜੀ-20 ਨੂੰ ਇਸ ਦਾ ਹੱਲ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।



ਜੀ-20 ਸਿਖਰ ਸੰਮੇਲਨ ਦੇ ਇੱਕ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਪਿਛਲੇ ਸਾਲ ਭਾਰਤ 'ਚ ਹੋਏ ਜੀ-20 ਸਿਖਰ ਸੰਮੇਲਨ ਦਾ ਵਿਸ਼ਾ 'ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ' ਇਸ ਸਿਖਰ ਸੰਮੇਲਨ 'ਚ ਵੀ ਓਨਾ ਹੀ ਪ੍ਰਸੰਗਿਕ ਹੈ, ਜਿੰਨਾ ਪਿਛਲੇ ਸਾਲ ਸੀ।

ਉਨ੍ਹਾਂ ਕਿਹਾ, "ਮੈਂ ਇਹ ਕਹਿਣਾ ਚਾਹਾਂਗਾ ਕਿ ਗਲੋਬਲ ਸਾਊਥ ਦੇ ਦੇਸ਼ ਵਿਸ਼ਵ ਵਿਆਪੀ ਟਕਰਾਅ ਕਾਰਨ ਭੋਜਨ, ਬਾਲਣ ਅਤੇ ਖਾਦ ਸੰਕਟ ਤੋਂ ਸੱਭ ਤੋਂ ਵੱਧ ਪ੍ਰਭਾਵਤ ਹਨ। ਉਨ੍ਹਾਂ ਕਿਹਾ ਕਿ ਇਸ ਲਈ ਸਾਡੀ ਗੱਲਬਾਤ ਤਾਂ ਹੀ ਸਫਲ ਹੋ ਸਕਦੀ ਹੈ ਜੇਕਰ ਅਸੀਂ ਗਲੋਬਲ ਸਾਊਥ ਦੀਆਂ ਚੁਨੌਤੀਆਂ ਅਤੇ ਤਰਜੀਹਾਂ ਨੂੰ ਧਿਆਨ 'ਚ ਰੱਖੀਏ।" 'ਗਲੋਬਲ ਸਾਊਥ' ਕਮਜ਼ੋਰ ਜਾਂ ਵਿਕਾਸਸ਼ੀਲ ਦੇਸ਼ਾਂ ਨੂੰ ਦਰਸਾਉਂਦਾ ਹੈ।

ਪ੍ਰਧਾਨ ਮੰਤਰੀ ਨੇ ਇਹ ਟਿਪਣੀਆਂ ਜੀ-20 ਸੈਸ਼ਨ 'ਚ 'ਸਮਾਜਕ ਸ਼ਮੂਲੀਅਤ ਅਤੇ ਭੁੱਖਮਰੀ ਅਤੇ ਗਰੀਬੀ ਨਾਲ ਲੜਨ' ਵਿਸ਼ੇ 'ਤੇ ਕੀਤੀਆਂ। ਮੋਦੀ ਨੇ ਗਲੋਬਲ ਸ਼ਾਸਨ ਸੰਸਥਾਵਾਂ 'ਚ ਸੁਧਾਰ ਦਾ ਵੀ ਸੱਦਾ ਦਿਤਾ। ਉਨ੍ਹਾਂ ਕਿਹਾ, "ਜਿਸ ਤਰ੍ਹਾਂ ਅਸੀਂ ਨਵੀਂ ਦਿੱਲੀ ਸਿਖਰ ਸੰਮੇਲਨ ਦੌਰਾਨ ਅਫਰੀਕੀ ਯੂਨੀਅਨ ਨੂੰ ਜੀ-20 ਦੀ ਸਥਾਈ ਮੈਂਬਰਸ਼ਿਪ ਦੇ ਕੇ 'ਗਲੋਬਲ ਸਾਊਥ' ਦੀ ਆਵਾਜ਼ ਦਿਤੀ ਸੀ,

(ਬਾਕੀ ਸਫ਼ਾ 31 'ਤੇ)

# ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰੇਗਾ ਕੈਨੇਡਾ

## ਵਿਜ਼ਟਰ ਵੀਜ਼ਾ ਵਾਲਿਆਂ ਵਿਰੁੱਧ ਹੋਵੇਗੀ ਸਖ਼ਤੀ

## 10,000 ਵਿਦਿਆਰਥੀਆਂ ਦੇ ਫ਼ਰਜ਼ੀ ਮਨਜ਼ੂਰੀ ਪੱਤਰ ਬਾਰੇ ਇਮੀਗ੍ਰੇਸ਼ਨ ਅਧਿਕਾਰੀ ਸਖ਼ਤ





ਕੈਨੇਡਾ ਨੇ ਇਮੀਗ੍ਰੇਸ਼ਨ ਪ੍ਰਤੀ ਸਖ਼ਤੀ ਵਰਤਣੀ ਸ਼ੁਰੂ ਕਰ ਦਿਤੀ ਹੈ।ਹਾਲ ਹੀ ਵਿਚ ਕੈਨੇਡਾ ਵਿੱਚ ਗ਼ੈਰਕਾਨੂੰਨੀ ਤੌਰ ’ਤੇ ਮੌਜੂਦ ਪ੍ਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦੇ ਸੰਕੇਤ ਦਿੰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਸਸਤੇ ਮਜ਼ਦੂਰਾਂ ਦੀ ਉਪਲਬਧਤਾ ਵਾਲਾ ਦੌਰ ਬੀਤੇ ਦੀ ਗੱਲ ਹੋ ਚੁੱਕੀ ਹੈ ਅਤੇ ਹੁਣ ਕੈਨੇਡੀਅਨ ਇੰਪਲਾਈਜ਼ ਨੂੰ ਉੱਚੀਆਂ ਉਜਰਤ ਦਰਾਂ ’ਤੇ ਕਾਮੇ ਰੱਖਣੇ ਹੋਣਗੇ। ਮਾਰਕ ਮਿਲਰ ਦਾ ਕਹਿਣਾ ਸੀ ਕਿ ਟੈਂਪਰੇਰੀ ਵੀਜ਼ਾ ’ਤੇ ਆਏ ਵੱਡੀ ਗਿਣਤੀ ਵਿੱਚ ਲੋਕ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਵਾਪਸੀ ਨਹੀਂ ਕਰਦੇ ਅਤੇ ਇਸ ਤਰੀਕੇ ਨਾਲ ਉਹ ਕਾਨੂੰਨ ਤੋੜ ਰਹੇ ਹੁੰਦੇ ਹਨ।ਟੈਂਪਰੇਰੀ ਵੀਜ਼ਾ ’ਤੇ ਆਏ ਅਜਿਹੇ ਵਿਅਕਤੀਆਂ ਨੂੰ ਆਉਂਦੇ ਕੁਝ ਮਹੀਨਿਆਂ ਦੌਰਾਨ ਵੱਡੀ ਗਿਣਤੀ ਵਿੱਚ ਡਿਪੋਰਟ ਕੀਤਾ ਜਾ ਸਕਦਾ ਹੈ।ਮੰਨਿਆ ਜਾ ਰਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਪ੍ਰਵਾਸੀਆਂ ਵਿਚੋਂ ਜ਼ਿਆਦਾਤਰ ਉਹ ਲੋਕ ਹੋ ਸਕਦੇ ਹਨ ਜਿਨ੍ਹਾਂ ਨੂੰ ਪਿਛਲੇ ਅੱਠ ਸਾਲ ਦੌਰਾਨ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਪਰ ਉਨ੍ਹਾਂ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਫ਼ਸਰਾਂ ਦੀਆਂ ਅੱਖਾਂ ਵਿੱਚ ਘਟਾ ਪਾਉਂਦਿਆਂ ਆਪਣਾ ਟਿਕਾਣਾ ਹੀ ਬਦਲ ਰਹੇ ਹਨ।

ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵੱਲੋਂ ਕਰਵਾਏ ਸਮਾਗਮ ਵਿੱਚ ਪੁੱਜੇ ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਰੁਜ਼ਗਾਰਦਾਤਾਵਾਂ ਅਤੇ ਕਾਮਿਆਂ ਦਰਮਿਆਨ ਸਭ ਤੋਂ ਮਾੜੇ ਸਬੰਧ ਦੇਖਣੇ ਹੋਣ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਸ਼੍ਰੇਣੀ ਵਿੱਚ ਦੇਖੇ ਜਾ ਸਕਦੇ ਹਨ ਜਿੱਥੇ ਕਿਰਤੀਆਂ ਦਾ ਵੱਡੇ ਪੱਧਰ ’ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਖੇਤੀ ਸੈਕਟਰ ਅਤੇ ਫ਼ੂਡ ਪ੍ਰੋਸੈਸਿੰਗ ਵਿੱਚ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਬਣਦਾ ਮਿਹਨਤਾਨਾ ਵੀ ਨਹੀਂ ਮਿਲਦਾ ਪਰ ਫ਼ੈਡਰਲ ਸਰਕਾਰ ਵੱਲੋਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਅਥਾਹ ਆਮਦ ’ਤੇ ਰੋਕ ਲਾ ਦਿੱਤੀ ਗਈ ਹੈ ਅਤੇ ਹੁਣ ਸਸਤੇ ਵਿਦੇਸ਼ੀ ਮਜ਼ਦੂਰ ਮਿਲਣ ਵਾਲਾ ਦੌਰ ਲੰਘ ਚੁੱਕਾ ਹੈ।

ਮਾਰਕ ਮਿਲਰ ਨੇ ਦੱਸਿਆ ਕਿ ਨਵੇਂ ਵਰ੍ਹੇ ਵਿੱਚ ਦਾਖ਼ਲ ਹੁੰਦਿਆਂ ਹਾਲਾਤ ਹੋਰ ਬਿਹਤਰ ਹੋਣਗੇ ਅਤੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਗਿਣਤੀ ਹੋਰ ਘੱਟ ਜਾਵੇਗੀ। ਉਨ੍ਹਾਂ ਦਲੀਲ ਦਿੱਤੀ ਕਿ ਕੈਨੇਡਾ ਵਿੱਚ ਮੌਜੂਦ ਕਿਰਤੀਆਂ ਨੂੰ ਪੀ.ਆਰ. ਦੇਣ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਵਿਦੇਸ਼ਾਂ ਤੋਂ ਕਿਰਤੀ ਸੱਦਣ ਦਾ ਰੁਝਾਨ ਘਟਾਇਆ ਗਿਆ ਹੈ।



ਦੱਸ ਦੇਈਏ ਕਿ ਗਲੋਬਲ ਨਿਊਜ਼ ਵੱਲੋਂ ਪ੍ਰਕਾਸ਼ਤ ਇਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਕਿ ਅਪਰਾਧਕ ਸਰਗਰਮੀਆਂ ਵਿੱਚ ਸ਼ਾਮਲ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਤਾਂ ਜਾਰੀ ਹੋਏ ਪਰ 2018 ਤੱਕ 1,200 ਲੋਕ ਕੈਨੇਡਾ ਵਿੱਚ ਹੀ ਮੌਜੂਦ ਸਨ। ਉਧਰ ਅਮਰੀਕਾ ਚੋਣਾਂ ਵਿੱਚ ਡੋਨਾਲਡ ਟਰੰਪ ਦੀ ਜਿੱਤ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਮਾਰਕ ਮਿਲਰ ਨੇ ਕਿਹਾ ਕਿ ਉਹ ਟੌਮ ਹੋਮੈਨ ਨਾਲ ਸਿੱਧੀ ਗੱਲਬਾਤ ਕਰਨਾ ਚਾਹੁਣਗੇ। ਬਿਨਾਂ ਸ਼ੱਕ ਗੱਲਬਾਤ ਰਾਹ ਸੁਖਾਲਾ ਨਹੀਂ ਹੋਵੇਗਾ ਪਰ ਕੈਨੇਡਾ ਉਮੀਦ ਕਰਦਾ ਹੈ ਕਿ ਨਵੀਂ ਅਮਰੀਕੀ ਸਰਕਾਰ ਸੇਫ਼ ਥਰਡ ਕੰਟਰੀ ਐਗਰੀਮੈਂਟ ਦੀ ਪਾਲਣਾ ਯਕੀਨੀ ਬਣਾਵੇਗੀ।

### ਯੂਨੀਵਰਸਿਟੀਆਂ ਤੋਂ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਦੇ ਫ਼ਰਜ਼ੀ ਮਨਜ਼ੂਰੀ ਪੱਤਰ

ਕੈਨੇਡਾ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਲਈ ਇੱਕ ਬਹੁਤ ਹੀ ਹੈਰਾਨ ਕਰਨ ਵਾਲੀ ਤੇ ਚਿੰਤਾ ਵਾਲੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੰਚਾਰਜ਼ ਇਮੀਗ੍ਰੇਸ਼ਨ ਅਧਿਕਾਰੀ ਨੇ ਖੁਲਾਸਾ ਕੀਤਾ ਹੈ ਕਿ ਇਸ ਸਾਲ ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀ ਮਨਜ਼ੂਰੀ ਪੱਤਰਾਂ ਨੂੰ ਸੰਭਾਵੀ ਤੌਰ ’ਤੇ ਫ਼ਰਾਡ ਦੱਸਿਆ ਗਿਆ ਹੈ।

ਇਮੀਗ੍ਰੇਸ਼ਨ, ਰਫ਼ਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਜਾਰੀ ਅੰਕੜਿਆਂ ਵਿੱਚ ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀ ਮਿਲੇ ਹਨ ਜਿਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਪੜ੍ਹਨ ਲਈ ਇੱਕ ਅਸਲੀ ਜਗ੍ਹਾ ਹੈ ਪਰ ਹੋ ਸਕਦਾ ਹੈ ਕਿ ਕੈਨੇਡਾ ਵਿੱਚ ਦਾਖਲ ਹੋਣ ਲਈ ਅਰਜ਼ੀ ਵਿੱਚ ਉਹ ਇੱਕ ਫ਼ਰਜ਼ੀ ਪੱਤਰ ਨੱਥੀ ਕਰ ਰਹੇ ਹੋਣ।ਪਿਛਲੇ ਸਾਲ ਸਥਾਈ ਨਿਵਾਸ ਲਈ ਅਰਜ਼ੀ ਦੇਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੱਕ ਸਮੂਹ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨ ਤੋਂ ਬਾਅਦ ਸਖ਼ਤ ਜਾਂਚਾਂ ਦੀ ਸ਼ੁਰੂਆਤ ਕੀਤੀ ਗਈ ਸੀ ਕਿਉਂਕਿ ਭਾਰਤ ਵਿੱਚ ਇੱਕ ਗੈਰ-ਲਾਇਸੈਂਸੀ ਇਮੀਗ੍ਰੇਸ਼ਨ ਸਲਾਹਕਾਰ ਨੇ ਅਧਿਐਨ ਪਰਮਿਟ ਲਈ ਆਪਣੀਆਂ ਅਰਜ਼ੀਆਂ ਦੇ ਨਾਲ ਜਾਅਲੀ ਸਵੀਕ੍ਰਿਤੀ ਪੱਤਰ ਜਮ੍ਹਾਂ ਕਰਵਾਏ ਸਨ।

ਇਮੀਗ੍ਰੇਸ਼ਨ ਵਿਭਾਗ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਖਾ ਦੇ ਡਾਇਰੈਕਟਰ-ਜਨਰਲ ਬ੍ਰੌਨਵਿਨ ਮੇਅ ਨੇ ਪਿਛਲੇ ਹਫ਼ਤੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਜਦੋਂ ਤੋਂ ਆਈ.ਆਰ.ਸੀ.ਸੀ. ਨੇ ਪਿਛਲੇ ਸਾਲ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਮਨਜ਼ੂਰੀ ਪੱਤਰਾਂ ਦੀ ਪੁਸ਼ਟੀ ਕਰਨੀ ਸ਼ੁਰੂ ਕੀਤੀ ਹੈ। ਅਧਿਕਾਰੀਆਂ ਨੇ ਮਨਜ਼ੂਰੀ ਦੇ 10,000 ਤੋਂ ਵੱਧ ਸੰਭਾਵੀ ਤੌਰ ’ਤੇ ਧੋਖਾਧੜੀ ਵਾਲੇ ਪੱਤਰਾਂ ਨੂੰ ਰੋਕਿਆ ਹੈ।

ਉਸ ਨੇ ਕਿਹਾ ਕਿ ਵਿਭਾਗ ਦੁਆਰਾ ਪਿਛਲੇ 10 ਮਹੀਨਿਆਂ ਵਿੱਚ ਜਾਂਚ ਕੀਤੀਆਂ ਗਈਆਂ ਸਟੱਡੀ ਪਰਮਿਟ ਅਰਜ਼ੀਆਂ ਨਾਲ ਜੁੜੇ 500,000 ਮਨਜ਼ੂਰੀ ਪੱਤਰਾਂ ਵਿੱਚੋਂ 93 ਫ਼ੀਸਦੀ ਕਾਲਜ ਜਾਂ ਯੂਨੀਵਰਸਿਟੀ ਸਹੀ ਤਸਦੀਕ ਕੀਤੀਆਂ ਗਈਆਂ। ਪਰ 2 ਪ੍ਰਤੀਸ਼ਤ ਗੈਰ ਪ੍ਰਮਾਣਿਕ, 1 ਫ਼ੀਸਦੀ ਦੀ ਜਗ੍ਹਾ ਕਾਲਜ ਜਾਂ ਯੂਨੀਵਰਸਿਟੀ ਦੁਆਰਾ ਰੱਦ ਕਰ ਦਿੱਤੀ ਗਈ ਸੀ, ਜਦੋਂ ਕਿ ਦੂਜੇ ਮਾਮਲਿਆਂ ਵਿੱਚ ਕਾਲਜ ਅਤੇ ਯੂਨੀਵਰਸਿਟੀਆਂ ਇਹ ਦੱਸਣ ਵਿੱਚ ਅਸਫ਼ਲ ਰਹੀਆਂ ਕਿ ਕੀ ਬਿਨੈਕਾਰਾਂ ਨੂੰ ਪੜ੍ਹਨ ਲਈ ਜਗ੍ਹਾ ਦੀ ਪੇਸ਼ਕਸ਼ ਕਰਨ ਵਾਲੇ ਪੱਤਰ ਅਸਲ ਸਨ। ਉਸ ਨੇ ਕਾਮਨਜ਼ ਇਮੀਗ੍ਰੇਸ਼ਨ ਕਮੇਟੀ ਨੂੰ ਦੱਸਿਆ ਕਿ ਆਈ.ਆਰ.ਸੀ.ਸੀ. ਫ਼ਰਜ਼ੀ ਪੱਤਰਾਂ ਦੇ ਸਰੋਤ ਬਾਰੇ ਹੋਰ ਪੁੱਛਗਿੱਛ ਕਰ ਰਹੀ ਹੈ।

ਐਨੀ ਬਿਊਡੋਇਨ, ਇੱਕ ਸਾਬਕਾ ਇਮੀਗ੍ਰੇਸ਼ਨ ਅਧਿਕਾਰੀ, ਜੋ ਹੁਣ ਇੱਕ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰ ਹੈ, ਨੇ ਕਿਹਾ ਕਿ ਉਹ ਸੰਭਾਵੀ ਧੋਖਾਧੜੀ ਦੇ ਪੈਮਾਨੇ ਤੋਂ ਹੈਰਾਨ ਨਹੀਂ ਸੀ। ਉਸਨੇ ਕਿਹਾ ਕਿ ਵਿਸਤ੍ਰਿਤ ਪ੍ਰਣਾਲੀ ਦੀ ਸ਼ੁਰੂਆਤ ਤੋਂ ਪਹਿਲਾਂ, ਪ੍ਰਸ਼ਨਾਤਮਕ ਸਵੀਕ੍ਰਿਤੀ ਪੱਤਰਾਂ ਨੂੰ ਵੇਖਣਾ ਅਸਧਾਰਨ ਨਹੀਂ ਸੀ। ਇੱਕ ਮਾਮਲੇ ਵਿੱਚ ਉਸਨੇ ਨੌਜਵਾਨ ਕੋਰੀਆਈ ਔਰਤਾਂ ਦੇ ਇੱਕ ਸਮੂਹ ਨੂੰ ਦੇਖਿਆ। ਸਾਰੀਆਂ ਨੂੰ ਇੱਕੋ ਸੰਸਥਾ ਤੋਂ ਇੱਕੋ ਮਨਜ਼ੂਰੀ ਪੱਤਰ ਮਿਲੇ ਸਨ। ਮੰਨਿਆ ਜਾ ਰਿਹਾ ਹੈ ਕਿ ਉਹ ਸੈਕਸ-ਤਸਕਰੀ ਨਾਲ ਜੁੜੇ ਹੋਏ ਸਨ।ਉਸ ਨੇ ਕਿਹਾ ਕਿ ਇਹ ਵੱਡੀ ਧੋਖਾਧੜੀ ਹੈ। ਅਸੀਂ ਖੁਸ਼ ਸੀ ਜਦੋਂ ਆਈ.ਆਰ.ਸੀ.ਸੀ. ਨੇ ਇਹ ਜਾਂਚ ਕਰਨ ਦਾ ਇੱਕ ਤੇਜ਼, ਕੁਸ਼ਲ ਤਰੀਕਾ ਰੱਖਿਆ ਕਿ ਕੀ ਮਨਜ਼ੂਰੀ ਪੱਤਰ ਅਸਲੀ ਜਾਰੀ ਕੀਤੇ ਗਏ ਸਨ।

ਐੱਨ.ਡੀ.ਪੀ. ਇਮੀਗ੍ਰੇਸ਼ਨ ਆਲੋਚਕ ਜੈਨੀ ਕਵਾਨ ਨੇ ਕਿਹਾ ਕਿ ਸਰਕਾਰ ਵੱਲੋਂ ਹਾਲ ਹੀ ਵਿੱਚ 10,000 ਜਾਅਲੀ ਦਾਖਲਾ ਪੱਤਰਾਂ ਦਾ ਪਰਦਾਫ਼ਾਸ਼ ਕੀਤੇ ਜਾਣ ਦਾ ਖੁਲਾਸਾ ਬਹੁਤ ਚਿੰਤਾਜਨਕ ਹੈ। ਇਹ ਗੈਰ-ਸੰਵੇਦਨਸ਼ੀਲ ਹੈ ਕਿ ਲਿਬਰਲਾਂ ਨੇ ਬੇਈਮਾਨਾਂ ਨੂੰ ਇੰਨੇ ਲੰਬੇ ਸਮੇਂ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਅਤੇ ਦੁਰਵਿਵਹਾਰ ਕਰਨ ਦੀ ਇਜਾਜ਼ਤ ਦਿੱਤੀ। ਸਰਕਾਰ ਨੂੰ ਨਾ ਸਿਰਫ਼ ਇਹ ਪਛਾਣ ਕਰਨ ਦੀ ਜ਼ਰੂਰਤ ਹੈ ਕਿ ਉਹ ਕੌਣ ਹਨ ਬਲਕਿ ਉਨ੍ਹਾਂ ਨੂੰ ਉਨ੍ਹਾਂ ਸੰਸਥਾਵਾਂ ਦੀ ਵੀ ਪਛਾਣ ਕਰਨ ਦੀ ਜ਼ਰੂਰਤ ਹੈ ਜੋ ਕਿਸੇ ਵੀ ਧੋਖਾਧੜੀ ਦੀਆਂ ਯੋਜਨਾਵਾਂ ਵਿੱਚ ਸ਼ਾਮਲ ਹਨ।

ਓਟਾਵਾ ਨੇ ਪਿਛਲੇ ਸਾਲ ਭਾਰਤ, ਚੀਨ ਅਤੇ ਵੀਅਤਨਾਮ ਦੇ ਵਿਦਿਆਰਥੀਆਂ ਦੇ 2,000 ਸ਼ੱਕੀ ਮਾਮਲਿਆਂ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਵਿੱਚ ਪਾਇਆ ਗਿਆ ਕਿ ਵਿਦੇਸ਼ਾਂ ਦੇ ਇਮੀਗ੍ਰੇਸ਼ਨ ਸਲਾਹਕਾਰਾਂ ਦੁਆਰਾ ਲਗਭਗ 1,485 ਨੂੰ ਕੈਨੇਡਾ ਆਉਣ ਲਈ ਜਾਅਲੀ ਦਸਤਾਵੇਜ਼ ਜਾਰੀ ਕੀਤੇ ਗਏ ਸਨ। ਕਈਆਂ ਨੂੰ ਕਾਲਜਾਂ ਤੋਂ ਮਨਜ਼ੂਰੀ ਪੱਤਰ ਜਾਅਲੀ ਪਾਏ ਜਾਣ ਤੋਂ ਬਾਅਦ ਕੈਨੇਡਾ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਪਰ ਬਾਕੀ ਪਹਿਲਾਂ ਹੀ ਆ ਚੁੱਕੇ ਸਨ।

# ਟਰੂਡੋ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਖ਼ਾਮੀਆਂ ਮੰਨੀਆਂ

ਓਟਾਵਾ/ਏ.ਟੀ.ਨਿਊਜ਼: ਟਰੂਡੋ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਖ਼ਾਮੀਆਂ ਮੰਨੀਆਂਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਗਲਤੀਆਂ ਕੀਤੀਆਂ ਹਨ, ਜਿਸ ਕਾਰਨ ‘ਫਰਜ਼ੀ ਕਾਲਜਾਂ’ ਅਤੇ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਆਪਣੇ ਨਿੱਜੀ ਹਿੱਤਾਂ ਲਈ ਸਿਸਟਮ ਦਾ ਸ਼ੋਸ਼ਣ ਕੀਤਾ ਗਿਆ। ਟਰੂਡੋ ਦਾ ਇਹ ਬਿਆਨ ਕੈਨੇਡਾ ’ਚ 2025 ਵਿੱਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਲਿਬਰਲ ਪਾਰਟੀ ਦੀ ਲੋਕਪ੍ਰਿਅਤਾ ’ਚ ਆਈ ਕਮੀ ਦੌਰਾਨ ਆਇਆ ਹੈ। ਪ੍ਰਧਾਨ ਮੰਤਰੀ ਨੂੰ ਦੇਸ਼ ਵਿੱਚ ਰਿਹਾਇਸ਼ ਦੀ ਘਾਟ, ਮਹਿੰਗਾਈ ਅਤੇ ਸਿਹਤ ਤੇ ਆਵਾਜਾਈ ਪ੍ਰਣਾਲੀ ’ਚ ਆ ਰਹੇ ਵਿਗਾੜ ਕਾਰਨ ਆਪਣੀਆਂ ਨੀਤੀਆਂ ਲਈ ਲੋਕਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੂਡੋ ਨੇ ਆਪਣੇ ਯੂਟਿਊਬ ਚੈਨਲ ’ਤੇ ਸਾਂਝੀ ਕੀਤੀ ਵੀਡੀਓ ਵਿੱਚ ਕਿਹਾ, ‘ਪਿਛਲੇ ਦੋ ਸਾਲਾਂ ’ਚ ਸਾਡੀ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਫਰਜ਼ੀ ਕਾਲਜ ਅਤੇ ਵੱਡੀਆਂ ਚੇਨ ਕਾਰਪੋਰੇਸ਼ਨਾਂ ਆਪਣੇ ਹਿੱਤਾਂ ਲਈ ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਦਾ ਸ਼ੋਸ਼ਣ ਕਰ ਰਹੀਆਂ ਹਨ। ਇਸ ਨਾਲ ਨਜਿੱਠਣ ਲਈ ਅਸੀਂ ਅਗਲੇ ਤਿੰਨ ਸਾਲ ਕੈਨੇਡਾ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਘਟਾ ਰਹੇ ਹਾਂ।’ ਉਨ੍ਹਾਂ ਆਪਣੀ ਸਰਕਾਰ ਦੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ, ‘ਅਸੀਂ ਕੁਝ ਗਲਤੀਆਂ ਕੀਤੀਆਂ, ਇਸੇ ਲਈ ਅਸੀਂ ਵੱਡਾ ਕਦਮ ਚੁੱਕ ਰਹੇ ਹਾਂ।’



**ਕੈਨੇਡਾ ’ਚ 42,700 ਭਾਰਤੀ ਵਿਦਿਆਰਥੀ**

ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨ ਅਨੁਸਾਰ ਕੈਨੇਡਾ ’ਚ ਪੜ੍ਹਨ ਆਉਂਦੇ ਵਿਦਿਆਰਥੀਆਂ ’ਚ ਬਹੁਗਿਣਤੀ ਭਾਰਤੀ ਹਨ। ਅੰਦਾਜ਼ੇ ਅਨੁਸਾਰ 4,27,000 ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਹਨ। ਟਰੂਡੋ ਨੇ ਕਿਹਾ ਕਿ ਸਾਲਾਂ ਤੋਂ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਸਿਰਫ ਸਥਾਈ ਇਮੀਗ੍ਰੇਸ਼ਨ ’ਤੇ ਕੇਂਦਰਿਤ ਰਹੀ ਹੈ। ਲੋਕ ਆਪੋ-ਆਪਣੇ ਪਰਿਵਾਰਾਂ ਨਾਲ ਕੈਨੇਡਾ ਵਸਣ ਲਈ ਆਉਂਦੇ ਹਨ ਅਤੇ ਸਰਕਾਰ ਇਹ ਫੈਸਲਾ ਕਰਦੀ ਹੈ ਕਿ ਉਹ ਹਰ ਸਾਲ ਕਿੰਨੇ ਸਥਾਈ ਵਸਨੀਕਾਂ ਨੂੰ ਦਾਖਲ ਕਰਨਾ ਚਾਹੁੰਦੀ ਹੈ। ਹਾਲਾਂਕਿ ਇਸ ਦੌਰਾਨ ਅਸਥਾਈ ਇਮੀਗ੍ਰੇਸ਼ਨ ਵਿਚਾਲੇ ਹੀ ਰਹਿ ਗਈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਨਵੀਂ ਇਮੀਗ੍ਰੇਸ਼ਨ ਯੋਜਨਾ ਅਨੁਸਾਰ ਉਹ ਸਥਾਈ ਅਤੇ ਅਸਥਾਈ ਦੋਵਾਂ ਤਰ੍ਹਾਂ ਦੇ ਪ੍ਰਵਾਸੀਆਂ ਦੀ ਗਿਣਤੀ ਘੱਟ ਕਰਨਾ ਚਾਹੁੰਦੇ ਹਨ।

# ਟਰੰਪ ਦੀ ਜਿੱਤ ਤੋਂ ਬਾਅਦ ਕਈ ਅਮਰੀਕੀ ਆਪਣਾ ਦੇਸ਼ ਕਿਉਂ ਛੱਡਣ ਲਗੇ ?

## ਅਮਰੀਕਨ ਅਖ਼ਬਾਰਾਂ ਵਾਸ਼ਿੰਗਟਨ ਪੋਸਟ, ਨਿਊਯਾਰਕ ਟਾਈਮਜ਼ ਅਤੇ ਯੂ.ਐਸ.ਏ. ਟੂਡੇ ਨੇ ਕੀਤਾ ਖ਼ੁਲਾਸਾ

ਪ੍ਰਸਿੱਧ ਅਮਰੀਕਨ ਮੀਡੀਆ ਫੋਰਬਸ ਦੁਆਰਾ ਇੱਕ ਸਟੋਰੀ ਦਾ ਸਿਰਲੇਖ ਹੈ - 'ਕੀ ਤੁਸੀਂ ਅਮਰੀਕਾ ਛੱਡਣਾ ਚਾਹੁੰਦੇ ਹੋ? ਕਿਹੜੇ ਦੇਸ਼ ਅਮਰੀਕੀਆਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰ ਰਹੇ ਹਨ?' ਵਾਸ਼ਿੰਗਟਨ ਪੋਸਟ ਵਰਗੇ ਵੱਕਾਰੀ ਅਮਰੀਕੀ ਅਖ਼ਬਾਰ ਵਿੱਚ ਇੱਕ ਕਹਾਣੀ ਦਾ ਸਿਰਲੇਖ ਹੈ - 'ਕੀ ਤੁਸੀਂ ਵਿਦੇਸ਼ ਜਾਣ ਦਾ ਸੁਪਨਾ ਦੇਖ ਰਹੇ ਹੋ? 5 ਦੇਸ਼ਾਂ ਵਿੱਚ ਪਰਵਾਸ ਕਰਨ ਲਈ ਕੀ ਕਰਨਾ ਹੋਵੇਗਾ?'

ਸਵਾਲ ਇਹ ਹੈ ਕਿ ਆਖਰ ਅਮਰੀਕਾ ਵਿੱਚ ਅਜਿਹਾ ਕੀ ਹੋਇਆ ਕਿ ਅਮਰੀਕੀ ਮੀਡੀਆ ਨੂੰ ਇਹ ਲਿਖਣਾ ਪਿਆ 'ਕੀ ਤੁਸੀਂ ਅਮਰੀਕਾ ਛੱਡਣਾ ਚਾਹੁੰਦੇ ਹੋ?' ਆਖ਼ਰਕਾਰ, ਵੱਡੇ ਅਖ਼ਬਾਰ ਉਨ੍ਹਾਂ ਦੇਸ਼ਾਂ ਦੀਆਂ ਸੂਚੀਆਂ ਕਿਉਂ ਛਾਪ ਰਹੇ ਹਨ ਜਿੱਥੇ ਅਮਰੀਕੀਆਂ ਲਈ ਪਰਵਾਸ ਕਰਨਾ ਬਿਹਤਰ ਹੋਵੇਗਾ? ਜਿਸ ਦੇਸ਼ ਵਿੱਚ ਭਾਰਤ ਵਰਗੇ ਦੇਸ਼ਾਂ ਦੇ ਲੋਕ ਪਰਵਾਸ ਜਾਂ ਵਸਣ ਦਾ ਸੁਪਨਾ ਲੈਂਦੇ ਹਨ ਅਤੇ 'ਡੰਕੀ ਰੂਟ' ਅਪਨਾਉਣ ਤੋਂ ਝਿਜਕਦੇ ਨਹੀਂ, ਉਸ ਦੇਸ਼ ਦੇ ਨਾਗਰਿਕਾਂ ਨੇ ਪਰਵਾਸ ਕਰਨਾ ਸ਼ੁਰੂ ਕਰ ਦਿੱਤਾ ਹੈ। ਆਖਰ ਅਮਰੀਕਾ ਵਿੱਚ ਅਜਿਹੀ ਸਥਿਤੀ ਕਿਵੇਂ ਪੈਦਾ ਹੋ ਗਈ?

ਇੱਕ ਹੋਰ ਵੱਕਾਰੀ ਅਮਰੀਕੀ ਅਖ਼ਬਾਰ, ਨਿਊਯਾਰਕ ਟਾਈਮਜ਼ ਨੇ ਪੁੱਛਿਆ, 'ਕੀ ਡਿਜ਼ੀਟਲ ਖ਼ਾਨਾਬਦੋਸ਼ ਦੀ ਨਵੀਂ ਲਹਿਰ ਆ ਰਹੀ ਹੈ?' 'ਵਿਦੇਸ਼ ਜਾਣ ਦੀ ਰੁਚੀ ਵਧ ਰਹੀ ਹੈ' ਇਸ ਸਿਰਲੇਖ ਵਾਲੀ ਲੰਬੀ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਅਮਰੀਕੀ ਚੋਣਾਂ ਦੇ ਮੱਦੇ-ਨਜ਼ਰ ਡਿਜੀਟਲ ਨੋਮੈਡ ਵੀਜ਼ਾ ਅਤੇ ਵਿਦੇਸ਼ ਜਾਣ ਵਿੱਚ ਅਮਰੀਕੀਆਂ ਦੀ ਦਿਲਚਸਪੀ ਵੱਧ ਰਹੀ ਹੈ।

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਅਮਰੀਕਾ ਛੱਡਣ ਦੀ ਚਰਚਾ ਤੇਜ਼ ਹੋ ਗਈ ਹੈ। ਅਮਰੀਕੀ ਚੋਣ ਨਤੀਜੇ ਐਲਾਨੇ ਜਾਣ ਅਤੇ ਟਰੰਪ ਦੀ ਜਿੱਤ ਤੋਂ ਬਾਅਦ ਨੋਮੈਡ ਵੀਜ਼ਿਆਂ ਵਿੱਚ ਵੀ ਵਾਧਾ ਹੋਇਆ ਹੈ। ਇਹ ਵੀਜ਼ਾ ਲੋਕਾਂ ਨੂੰ ਲੰਬੇ ਸਮੇਂ ਲਈ ਦੂਜੇ ਦੇਸ਼ ਵਿੱਚ ਰਹਿਕੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਮਹਾਂਮਾਰੀ ਦੇ ਦੌਰਾਨ ਡਿਜੀਟਲ ਖ਼ਾਨਾਬਦੋਸ਼ ਵਧਿਆ, ਜਦੋਂ ਬਹੁਤ ਸਾਰੇ ਲੋਕ ਕੰਮ ਵਾਲੀ ਥਾਂ ਤੱਕ ਸੀਮਤ ਨਹੀਂ ਸਨ ਅਤੇ ਸੁਤੰਤਰ ਤੌਰ 'ਤੇ ਦੂਰ-ਦੁਰਾਡੇ ਦੀਆਂ ਮੰਜ਼ਿਲਾਂ ਦੀ ਯਾਤਰਾ ਕਰ ਸਕਦੇ ਸਨ ਅਤੇ ਉੱਥੋਂ ਰਹਿ ਸਕਦੇ ਸਨ ਅਤੇ ਕੰਮ ਕਰ ਸਕਦੇ ਸਨ। ਜਦੋਂ ਬੀਤੇ ਦਿਨੀਂ ਇਹ ਸਪੱਸ਼ਟ ਹੋ ਗਿਆ ਕਿ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਵਜੋਂ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ ਹੈ, ਤਾਂ ਗੂਗਲ 'ਤੇ 'ਸਭ ਤੋਂ ਵਧੀਆ ਦੇਸ਼ ਜੋ ਤੁਸੀਂ ਜਾ ਸਕਦੇ ਹੋ' ਅਤੇ 'ਕੈਨੇਡਾ ਕਿਵੇਂ ਜਾਣਾ ਹੈ?' ਵਰਗੇ ਸ਼ਬਦਾਂ ਦੀ ਖੋਜ ਕੀਤੀ ਗਈ।

ਕਿਹਾ ਜਾ ਰਿਹਾ ਹੈ ਕਿ ਗੂਗਲ 'ਤੇ ਇਹ ਇਸ ਲਈ ਸਰਚ ਕੀਤਾ ਜਾ ਰਿਹਾ ਹੈ ਕਿਉਂਕਿ ਖੁਦ ਨੂੰ ਉਦਾਰਵਾਦੀ ਮੰਨਣ ਵਾਲੇ ਅਮਰੀਕੀਆਂ ਦਾ ਇੱਕ ਵਰਗ ਇਹ ਮੰਨਦਾ ਹੈ ਕਿ ਉਹ ਟਰੰਪ ਦੇ ਸ਼ਾਸਨ ਵਿੱਚ ਅਮਰੀਕਾ ਵਿਖੇ ਸੁਖੀ ਨਹੀਂ ਰਹਿ ਸਕਦੇ ਹਨ। ਉਹ ਟਰੰਪ ਨੂੰ ਵੰਡਣ ਵਾਲੀ ਤੇ ਨਸਲਵਾਦੀ ਸ਼ਖਸੀਅਤ ਵਜੋਂ ਦੇਖਦੇ ਹਨ। ਤੁਹਾਨੂੰ ਦੱਸ ਦੇਈਏ ਕਿ ਟਰੰਪ ਨੇ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕੱਸਣ ਦਾ ਵਾਅਦਾ ਕੀਤਾ ਹੈ ਅਤੇ ਉਹ ਇੰਮੀਗ੍ਰੇਸ਼ਨ ਵਿਰੁੱਧ ਸਖ਼ਤ ਕਾਨੂੰਨ ਲਿਆ ਰਹੇ ਹਨ।



ਹਾਲਾਂ ਕਿ ਅਮਰੀਕਾ ਤੋਂ ਬਾਹਰ ਜਾਣ ਦੇ ਚਾਹਵਾਨ ਲੋਕਾਂ ਬਾਰੇ ਕੋਈ ਠੋਸ ਡੇਟਾ ਨਹੀਂ ਹੈ, ਇਹ ਨਿਊਯਾਰਕ ਟਾਈਮਜ਼ ਅਤੇ ਯੂ.ਐਸ.ਏ. ਟੂਡੇ ਸਮੇਤ ਕਈ ਮੀਡੀਆ ਰਿਪੋਰਟਾਂ ਅਤੇ ਔਨਲਾਈਨ ਚਰਚਾਵਾਂ ਵਿੱਚ ਦਿਖਾਈ ਦਿੰਦਾ ਹੈ। ਅਜਿਹਾ ਹੀ ਰੁਝਾਨ 2016 ਵਿੱਚ ਵੀ ਦੇਖਣ ਨੂੰ ਮਿਲਿਆ ਸੀ ਜਦੋਂ ਟਰੰਪ ਨੇ ਹਿਲੇਰੀ ਕਲਿੰਟਨ ਨੂੰ ਹਰਾ ਕੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਸੀ।

ਪਿਛਲੀਆਂ ਚੋਣਾਂ ਦੌਰਾਨ ਕੈਲੀਫ਼ੋਰਨੀਆ ਤੋਂ ਪੁਰਤਗਾਲ ਚਲੇ ਗਏ 48 ਸਾਲਾ ਜਸਟਿਨ ਨੈਪਰ ਨੇ ਯੂ.ਐਸ.ਏ. ਟੂਡੇ ਨੂੰ ਮੌਜੂਦਾ ਸਥਿਤੀ ਬਾਰੇ ਦੱਸਿਆ, 'ਮੈਂ ਕਹਾਂਗਾ ਕਿ ਸਾਡੇ ਘੱਟੋ-ਘੱਟ 50% ਦੋਸਤ ਜਾਣ ਬਾਰੇ ਵਿਚਾਰ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਲਈ ਰਾਜਨੀਤੀ ਇੱਕ ਕਾਰਨ ਹੈ।'

(ਬਾਕੀ ਸਫ਼ਾ 30 'ਤੇ)

# ਅਮਰੀਕਾ 'ਚੋਂ ਲੱਖਾਂ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਲਈ ਟਰੰਪ ਕਰ ਸਕਦੇ ਨੇ ਫ਼ੌਜ ਦੀ ਵਰਤੋਂ

## ਅਮਰੀਕਾ 'ਚ ਰਾਸ਼ਟਰੀ ਐਮਰਜੈਂਸੀ ਦਾ ਵੀ ਕਰ ਸਕਦੇ ਨੇ ਐਲਾਨ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਚੁਣੇ ਗਏ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਡਾ ਐਲਾਨ ਕਰ ਦਿੱਤਾ ਹੈ। ਟਰੰਪ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਦਾ ਪ੍ਰਸ਼ਾਸਨ ਇੱਕ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕਰੇਗਾ ਅਤੇ ਬਾਈਡੇਨ ਦੇ ਫ਼ੈਸਲੇ ਨੂੰ ਉਲਟਾਉਣ ਲਈ ਇੱਕ ਸਮੂਹਿਕ ਦੇਸ਼ ਨਿਕਾਲੇ ਪ੍ਰੋਗਰਾਮ ਵਿੱਚ ਫ਼ੌਜੀ ਸੰਪਤੀਆਂ ਦੀ ਵਰਤੋਂ ਕਰੇਗਾ। ਟਰੰਪ ਦਾ ਕਹਿਣਾ ਹੈ ਕਿ ਉਹ ਆਪਣੇ ਚੋਣ ਵਾਅਦੇ ਨੂੰ ਪੂਰਾ ਕਰਨ ਲਈ ਵਿਵਾਦਪੂਰਨ ਉਪਾਵਾਂ ਦੀ ਵਰਤੋਂ ਕਰ ਸਕਦਾ ਹੈ, ਪਰ ਉਸਦੇ ਅਧਿਕਾਰ 'ਤੇ ਸਵਾਲ ਬਣੇ ਰਹਿਣਗੇ।

### ਲੱਖਾਂ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦੀ ਤਿਆਰੀ

ਸੰਯੁਕਤ ਰਾਜ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੁਸ਼ਟੀ ਕੀਤੀ ਹੈ ਕਿ ਉਹ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕਰਨ ਅਤੇ ਆਪਣੇ ਟੀਚਿਆਂ ਨੂੰ ਪੂਰਾ ਕਰਨ ਲਈ ਫ਼ੌਜੀ ਸੰਪੱਤੀ ਦੀ ਵਰਤੋਂ ਕਰਨ ਲਈ ਤਿਆਰ ਹੈ। 2024 ਦੀ ਚੋਣ ਮੁਹਿੰਮ ਵਿੱਚ ਉਸ ਨੇ ਸਮੂਹਿਕ ਦੇਸ਼ ਨਿਕਾਲੇ ਦਾ ਵਾਅਦਾ ਕੀਤਾ ਸੀ। ਟਰੰਪ ਨੇ ਲੱਖਾਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦੀ ਤਿਆਰੀ ਕਰ ਲਈ ਹੈ। ਰਾਸ਼ਟਰਪਤੀ ਬਣਦੇ ਹੀ ਉਹ ਐਮਰਜੈਂਸੀ ਲਗਾ ਕੇ ਪ੍ਰਵਾਸੀਆਂ ਨੂੰ ਡਿਪਰੋਟ ਕਰਨਗੇ। ਇੱਥੇ ਦੱਸ ਦਈਏ ਕਿ ਟਰੰਪ ਨੇ ਰੂੜੀਵਾਦੀ ਸਮੂਹ ਜੁਡੀਸ਼ੀਅਲ ਵਾਚ ਦੇ ਪ੍ਰਧਾਨ ਟੌਮ ਫਿਟਨ ਦੀ ਇੱਕ ਪੋਸਟ ਦੇ ਜਵਾਬ ਵਿੱਚ ਆਪਣੇ ਟਰੂਥ ਸੋਸ਼ਲ ਪਲੇਟਫਾਰਮ 'ਤੇ ਇੱਕ ਸੰਖੇਪ ਪੋਸਟ ਵਿੱਚ ਇਹ ਐਲਾਨ ਕੀਤਾ।

ਫਿਟਨ ਨੇ 8 ਨਵੰਬਰ ਨੂੰ ਲਿਖਿਆ ਸੀ ਕਿ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਆਉਣ ਵਾਲਾ ਟਰੰਪ ਪ੍ਰਸ਼ਾਸਨ 'ਰਾਸ਼ਟਰੀ ਐਮਰਜੈਂਸੀ ਘੋਸ਼ਿਤ ਕਰਨ' ਅਤੇ ਆਪਣੀ 'ਵੱਡੇ ਦੇਸ਼ ਨਿਕਾਲੇ' ਮੁਹਿੰਮ ਵਿੱਚ ਫ਼ੌਜੀ ਸੰਪਤੀਆਂ ਦੀ ਵਰਤੋਂ ਕਰਨ ਲਈ ਤਿਆਰ ਹੈ। ਇਸ 'ਤੇ ਟਰੰਪ ਨੇ ਜਵਾਬ ਦਿੱਤਾ ਕਿ ਇਹ 'ਸੱਚ' ਹੈ। ਇਹ ਬਿਆਨ ਅਜੇ ਤੱਕ ਦਾ ਸਭ ਤੋਂ ਮਜ਼ਬੂਤ ਸੰਦੇਸ਼ ਹੈ ਕਿ ਕਿਵੇਂ ਟਰੰਪ ਨੇ ਯੂ.ਐਸ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਦੇਸ਼ ਨਿਕਾਲੇ ਮੁਹਿੰਮ ਚਲਾਉਣ ਦੇ ਆਪਣੇ ਪ੍ਰਚਾਰ ਵਾਅਦੇ ਨੂੰ ਪੂਰਾ ਕਰਨ ਦੀ ਯੋਜਨਾ ਬਣਾਈ ਹੈ। ਸਰਹੱਦੀ ਜ਼ਾਰ ਟੌਮ ਹੋਮਨ ਨੇ

(ਬਾਕੀ ਸਫ਼ਾ 30 'ਤੇ)

# ਹੱਤਿਆ ਮਾਮਲੇ ਵਿੱਚ ਉਮਰ ਕੈਦ ਕਟ ਰਹੇ ਵਿਅਕਤੀ ਨੂੰ 16 ਸਾਲ ਬਾਅਦ ਮਿਲੀ ਰਿਹਾਈ



ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਹੱਤਿਆ ਦੇ ਮਾਮਲੇ ਵਿੱਚ ਉਮਰ ਕੈਦ ਕਟ ਰਹੇ ਮਿਨੀਸੋਟਾ ਦੇ ਇੱਕ ਵਿਅਕਤੀ ਦੀ ਸਜ਼ਾ ਇੱਕ ਜੱਜ ਵੱਲੋਂ ਰੱਦ ਕਰ ਦੇਣ ਦੀ ਖ਼ਬਰ ਹੈ। ਜੱਜ ਦੇ ਫੈਸਲੇ ਉਪਰੰਤ ਐਜਰ ਬੈਰੀਨਟੋਸ- ਕੁਇਨਟਾਨਾ ਨਾਮੀ ਵਿਅਕਤੀ ਨੂੰ 16 ਸਾਲ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਕੁਇਨਟਾਨਾ ਨੂੰ 2009 ਵਿੱਚ 18 ਸਾਲਾ ਜੈਸ ਮਿਕਲਸਨ ਨਾਮੀ ਵਿਅਕਤੀ ਦੀ ਹੱਤਿਆ ਲਈ ਦੋਸ਼ੀ ਪਾਏ ਜਾਣ 'ਤੇ ਅਦਾਲਤ ਨੇ ਬਿਨਾਂ ਪੈਰੋਲ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸ ਸਾਲ ਅਗਸਤ ਵਿੱਚ ਅਟਾਰਨੀ ਜਨਰਲ ਕੀਥ ਐਲੀਸਨ ਦੇ ਦਫ਼ਤਰ ਤਹਿਤ ਕੰਮ ਕਰਦੀ ਸਜ਼ਾ ਬਾਰੇ ਮੁੜ ਵਿਚਾਰ ਕਮੇਟੀ ਨੇ ਜਾਰੀ ਇੱਕ ਰਿਪੋਰਟ ਵਿੱਚ ਕਿਹਾ ਸੀ ਕਿ ਕੁਇਨਟਾਨਾ ਦੇ ਮਾਮਲੇ ਵਿੱਚ ਕਈ ਗੰਭੀਰ ਕੁਤਾਹੀਆਂ ਪਾਈਆਂ ਗਈਆਂ ਹਨ। ਇਸ ਰਿਪੋਰਟ ਉਪਰੰਤ ਬੀਤੇ ਦਿਨ ਸਟੇਟ ਕੋਰਟ ਜੱਜ ਜੌਹਨ ਮੈਕਬਰਾਈਡ ਨੇ ਕੁਇਨਟਾਨਾ ਦੀ ਸਜ਼ਾ ਰੱਦ ਕਰ ਦਿੱਤੀ ਤੇ ਉਸ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ। ਜੱਜ ਨੇ ਉਸ ਨੂੰ ਸਾਰੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ। ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਕੁਇਨਟਾਨਾ ਦੇ ਮਾਮਲੇ ਦੀ ਨਿਰਪੱਖ

(ਬਾਕੀ ਸਫ਼ਾ 30 'ਤੇ)

# ਭਾਰਤੀ ਰਾਜਦੂਤ ਵੱਲੋਂ ਪ੍ਰਮੁੱਖ ਕਾਂਗਰਸ ਮੈਂਬਰਾਂ ਨਾਲ ਮੀਟਿੰਗਾਂ ਦੌਰਾਨ ਭਾਰਤ-ਅਮਰੀਕਾ ਸਬੰਧਾਂ ਬਾਰੇ ਚਰਚਾ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਵਿਚਲੇ ਭਾਰਤੀ ਰਾਜਦੂਤ ਵਿਨੇ ਮੋਹਨ ਕਵਾਤਰਾ ਨੇ ਅਮਰੀਕੀ ਕਾਂਗਰਸ ਦੇ ਅਨੇਕਾਂ ਪ੍ਰਮੁੱਖ ਮੈਂਬਰਾਂ ਨਾਲ ਵੱਖਰੇ- ਵੱਖਰੇ ਤੌਰ 'ਤੇ ਮੀਟਿੰਗ ਕੀਤੀ। ਜਿਸ ਦੌਰਾਨ ਵੱਖ- ਵੱਖ ਖੇਤਰਾਂ ਵਿੱਚ ਭਾਰਤ- ਅਮਰੀਕਾ ਸਬੰਧਾਂ ਨੂੰ ਨਿਰੰਤਰ ਮਜ਼ਬੂਤ ਬਣਾਉਣ ਬਾਰੇ ਚਰਚਾ ਹੋਈ। ਕਵਾਤਰਾ ਨੇ ਜਿਨ੍ਹਾਂ ਕਾਂਗਰਸ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਉਨ੍ਹਾਂ ਵਿੱਚ ਕਾਂਗਰਸ ਵੋਮੈਨ ਡੇਬੋਰਾਹ ਰੌਸ, ਕਾਂਗਰਸ ਸਾਂਸਦ ਐਂਡੀ ਬਰ, ਰਿਕ ਮਕੋਰਮਿਕ ਤੇ ਭਾਰਤੀ-ਅਮਰੀਕੀ ਸਾਂਸਦ ਐਮੀ ਬੇਰਾ, ਆਰ ਓ ਖੰਨਾ, ਸ਼੍ਰੀ ਥਾਨੇਦਾਰ ਤੇ ਰਾਜਾ ਕ੍ਰਿਸ਼ਨਾਮੂਰਤੀ ਸ਼ਾਮਿਲ ਹਨ। ਮੀਟਿੰਗਾਂ ਦੌਰਾਨ ਭਾਰਤ-ਅਮਰੀਕਾ ਦੁਪਾਸੜ ਸਬੰਧ ਚਰਚਾ ਦਾ ਕੇਂਦਰ ਬਿੰਦੂ ਰਿਹਾ।



ਕਵਾਤਰਾ ਨੇ ਦੋਨਾਂ ਦੇਸ਼ਾਂ ਵਿਚਾਲੇ ਭਾਈਵਾਲੀ ਨੂੰ ਹੋਰ ਮਜ਼ਬੂਤ ਬਣਾਉਣ 'ਤੇ ਜੋਰ ਦਿੱਤਾ। ਦੁਪਾਸੜ ਹਿੱਤਾਂ ਨੂੰ ਮੁੱਖ ਰੱਖ ਕੇ ਕੌਮਾਂਤਰੀ ਘਟਨਾਕ੍ਰਮ ਬਾਰੇ ਵੀ ਚਰਚਾ ਹੋਈ। ਕਵਾਤਰਾ ਤੇ ਆਰ ਓ ਖੰਨਾ ਜੋ ਸਦਨ ਵਿੱਚ ਭਾਰਤੀ ਗੁੱਟ ਦੇ ਸਹਿ ਪ੍ਰਧਾਨ ਹਨ, ਵਿਚਾਲੇ ਬਹੁਤ ਮਹੱਤਵਪੂਰਨ ਵਿਚਾਰ ਵਟਾਂਦਰਾ ਹੋਇਆ। ਜ਼ਿਕਰਯੋਗ ਹੈ ਕਿ ਬਰ ਅਤੇ ਖੰਨਾ ਨੇ ਸਾਂਝੇ ਤੌਰ 'ਤੇ ਅਮਰੀਕਾ ਤੇ ਭਾਰਤ ਵਿਚਾਲੇ ਰੱਖਿਆ ਖੇਤਰ ਵਿੱਚ ਸਹਿਯੋਗ ਵਧਾਉਣ ਲਈ ਬਿੱਲ ਪੇਸ਼ ਕੀਤਾ ਸੀ। ਕਾਂਗਰਸ ਮੈਂਬਰ ਕ੍ਰਿਸ਼ਨਾਮੂਰਤੀ, ਜਿਨ੍ਹਾਂ ਦੀ ਹਾਲ ਹੀ ਵਿੱਚ ਟਰੰਪ ਪ੍ਰਸ਼ਾਸਨ ਵਿੱਚ ਨਿਯੁਕਤੀ ਹੋਈ ਹੈ, ਸ਼੍ਰੀ ਥਾਨੇਦਾਰ ਤੇ ਮਕੋਰਮਿਕ ਨਾਲ ਹੋਏ ਵਿਚਾਰ ਵਟਾਂਦਰੇ ਦੌਰਾਨ ਵੀ ਦੋਨਾਂ ਦੇਸ਼ਾਂ ਵਿਚਾਲੇ ਸਬੰਧ ਚਰਚਾ ਦਾ ਮੁੱਖ ਵਿਸ਼ਾ ਰਿਹਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਿਨਸਿਨੈਟੀ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ, ਨਗਰ ਕੀਰਤਨ ਸਜਾਇਆ







ਸਿਨਸਿਨੈਟੀ, ਓਹਾਇਓ/ ਏ.ਟੀ.ਨਿਊਜ਼ : ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 555ਵਾਂ ਪ੍ਰਕਾਸ਼ ਪੁਰਬ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨੈਟੀ ਵਿਖੇ ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਦੀ ਸਮੂਹ ਸਾਧ ਸੰਗਤ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਗੁਰਪੁਰਬ ਦੇ ਸੰਬੰਧ ਵਿੱਚ ਤਿੰਨ ਦਿਨਾਂ ਵਿਸ਼ੇਸ਼ ਦੀਵਾਨ ਸਜਾਏ ਗਏ। ਇਹਨਾਂ ਸਮਾਗਮਾਂ ’ਚ ਸ਼ਾਮਲ ਹੋਣ ਲਈ ਸੰਗਤਾਂ ਦੀ ਬੇਨਤੀ ’ਤੇ ਭਾਈ ਮਹਿਲ ਸਿੰਘ. ਭਾਈ ਗੁਰਲਾਲ ਸਿੰਘ ਜੀ, ਭਾਈ ਜੁਗਰਾਜ ਸਿੰਘ ਦਾ ਕਵੀਸ਼ਰੀ ਜੱਥਾ ਸਿਨਸਿਨੈਟੀ ਪੁੱਜਾ। ਦੂਜੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆ ਦੀ ਅਗਵਾਈ ਹੇਠ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਕਈ ਰਿਹਾਇਸ਼ੀ ਅਬਾਦੀਆਂ ਵਿੱਚੋਂ ਦੀ ਲੰਘਿਆ। ਵੱਡੀ ਗਿਣਤੀ ਵਿੱਚ ਸਿਨਸਿਨੈਟੀ ਦੇ ਨਾਲ ਲੱਗਦੇ ਸ਼ਹਿਰ ਡੇਟਨ, ਅਤੇ ਸੂਬੇ ਇੰਡਿਆਣਾ ਅਤੇ ਕੈਨਟੱਕੀ ਤੋਂ ਵੀ ਸੰਗਤਾਂ ਇਸ ਵਿੱਚ ਸ਼ਾਮਲ ਹੋਈਆਂ।

ਛੋਟੇ, ਵੱਡੇ ਬੱਚੇ ਬੱਚੀਆਂ ਅਤੇ ਇੰਡਿਆਣਾ ਤੋਂ ਪੁੱਜੇ ਜੱਥੇ ਨੇ ਗਤਕੇ ਦੇ ਜੌਹਰ ਵੀ ਦਿਖਾਏ। ਇੱਥੇ ਇਹ ਵਰਨਣਯੋਗ ਹੈ ਕਿ ਸਿਰਫ਼ ਇੱਕ ਮਹੀਨੇ ਪਹਿਲਾਂ ਹੀ 10ਵੀਂ ਜਮਾਤ ਦੇ ਵਿਦਿਆਰਥੀ, ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜਗਬੀਰ ਸਿੰਘ ਜੀ ਦੇ ਸਪੁੱਤਰ ਸ਼ਾਹਬਾਜ਼ ਸਿੰਘ ਅੰਮ੍ਰਿਤਸਰ ਅਤੇ ਨੌਜਵਾਨ ਜਗਜੀਤ ਸਿੰਘ ਵੱਲੋਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ।

ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਨੇ ਵੀ ਬਹੁਤ ਮਿਹਨਤ ਨਾਲ ਕੁੱਝ ਹੀ ਦਿਨਾਂ ’ਚ ਗਤਕਾ ਸਿੱਖ ਕੇ ਆਪਣੇ ਜੋਹਰ ਦਿਖਾਏ। ਰਸਤੇ ਵਿੱਚ ਇਹਨਾਂ ਅਬਾਦੀਆਂ ਵਿੱਚ ਰਹਿੰਦੀਆਂ ਸਿੱਖ ਸੰਗਤਾਂ ਵਲੋਂ ਗਰਮ ਦੁੱਧ, ਪਾਣੀ, ਫਲਾਂ, ਮਿਠਾਈ ਆਦਿ ਦੇ ਲੰਗਰ ਵੀ ਸੰਗਤਾਂ ਨੂੰ ਵਰਤਾਏ ਗਏ। ਅਮਰੀਕਨਾਂ ਨੇ ਵੀ ਆਪਣੇ ਘਰਾਂ ਦੇ ਬਾਹਰ ਆ ਕੇ ਸਿੱਖ ਸੰਗਤ ਨੂੰ

ਗੁਰਪੁਰਬ ਦੀ ਵਧਾਈ ਦਿੱਤੀ। ਇਸ ਨਾਲ ਉਹਨਾਂ ਨੂੰ ਵੀ ਸਿੱਖਾਂ ਬਾਰੇ ਜਾਣਕਾਰੀ ਮਿਲੀ।

ਸਮਾਗਮ ਦੇ ਅਖੀਰਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਦੌਰਾਨ ਹੈੱਡ ਗ੍ਰੰਥੀ ਅਤੇ ਕਥਾਵਾਚਕ ਭਾਈ ਜਗਬੀਰ ਸਿੰਘ ਜੀ ਨੇ ਕਥਾ ਰਾਹੀਂ ਗੁਰੂ ਜੀ ਦੀ ਜੀਵਨੀ ’ਤੇ ਚਾਨਣਾ ਪਾਇਆ। ਭਾਈ ਗੁਰਬੰਤ ਸਿੰਘ, ਭਾਈ ਜੀਤ ਸਿੰਘ ਅਤੇ ਭਾਈ ਰਵਿੰਦਰ ਸਿੰਘ ਦੇ ਕੀਰਤਨ ਜੱਥੇ ਨੇ ਅੰਮ੍ਰਿਤ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਮਹਿਲ ਸਿੰਘ ਜੀ ਦੇ ਜੱਥੇ ਨੇ ਆਪਣੀ ਰੱਸ ਭਿੰਨੀ ਆਵਾਜ਼ ਅਤੇ ਕਵੀਸ਼ਰੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਤਿੰਨੋ ਦਿਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

## ਮਾਨਸਾ ਦੀ ਧੀ ਨੇ ਕੈਨੇਡਾ ਦੀ ਫ਼ੈਡਰਲ ਪੁਲਿਸ ਅਫ਼ਸਰ ਬਣ ਕੇ ਮਾਪਿਆਂ ਦਾ ਨਾਂਅ ਚਮਕਾਇਆ



ਮਾਨਸਾ/ਏ.ਟੀ.ਨਿਊਜ਼: ਮਾਨਸਾ ਜ਼ਿਲ੍ਹੇ ਦੇ ਕਸਬਾ ਝੁਨੀਰ ਦੀ ਧੀ ਕਿਰਨਜੀਤ ਕੌਰ ਨੇ ਕੈਨੇਡਾ ਦੀ ਫ਼ੈਡਰਲ ਪੁਲਿਸ ਅਫ਼ਸਰ ਬਣ ਕੇ ਜਿਥੇ ਅਪਣੇ ਮਾਪਿਆਂ ਦਾ ਨਾਂਅ ਚਮਕਾਇਆ ਹੈ, ਉਥੇ ਉਸ ਨੇ ਮਾਨਸਾ ਜ਼ਿਲ੍ਹੇ ਨੂੰ ਚਾਰ ਚੰਨ ਲਾਏ ਨੇ। ਛੋਟੀ ਉਮਰੇ ਸਖ਼ਤ ਮਿਹਨਤ ਕਰਨ ਵਾਲੀ ਕਿਰਨਜੀਤ ਕੌਰ ਨੇ 5 ਸਾਲ ਕਰਨਲ ਡਿਗਰੀ ਕਾਲਜ ਚੂਲੜ ਵਿਖੇ ਪ੍ਰੋਫ਼ੈਸਰ ਵਜੋਂ ਵੀ ਅਪਣੀਆਂ ਸੇਵਾਵਾਂ ਨਿਭਾਈਆਂ।

ਕਿਰਨਜੀਤ ਕੌਰ ਪੁੱਤਰੀ ਲਾਭ ਸਿੰਘ 2014 ਵਿੱਚ ਕੈਨੇਡੀਅਨ ਪਰਮਾਨੈਂਟ ਰੈਜੀਡੈਂਸੀ ਤੌਰ ’ਤੇ ਚਲੇ ਗਏ। ਕੈਨੇਡਾ ਰਹਿੰਦਿਆਂ ਉਨ੍ਹਾਂ ਨੇ ਬਹੁਤ ਸੰਘਰਸ਼ ਕੀਤਾ। 2019 ’ਚ ਕਰਕਸ਼ਨਲ ਆਫ਼ੀਸਰ ਵਜੋਂ ਭਰਤੀ ਹੋ ਕੇ 5 ਸਾਲ ਸ਼ਾਨਦਾਰ ਸੇਵਾਵਾਂ ਨਿਭਾਈਆਂ। ਸਾਲ 2024 ਦੌਰਾਨ ਰੋਇਲ ਕੈਨੇਡੀਅਨ ਮਾਊਂਟਰ ਪੁਲਿਸ ਵਿੱਚ ਭਰਤੀ ਹੋ ਕੇ ਫ਼ੈਡਰਲ ਪੁਲਿਸ ਅਫ਼ਸਰ ਬਣੇ।

ਉਨ੍ਹਾਂ ਅਪਣੀ ਮਿਹਨਤ ਪਿਛੇ ਜਿਥੇ ਅਪਣੇ ਮਾਪਿਆਂ, ਨਾਨਕਿਆਂ ਨੂੰ ਇਸ ਦਾ ਸਿਹਰਾ ਦਿੱਤਾ ਹੈ, ਉਥੇ ਉਹ ਉਨ੍ਹਾਂ ਦੇ ਘਰਾਂ ਵਿਚੋਂ ਮਾਮੇ ਦੇ ਬੇਟੇ ਡਾ.ਹਜ਼ੂਰ ਸਿੰਘ ਪ੍ਰੋਫ਼ੈਸਰ ਅਤੇ ਹੈੱਡ ਡਿਪਾਰਟਮੈਂਟ ਆਫ਼ ਇੰਜੀਨੀਅਰਿੰਗ ਤਲਵੰਡੀ ਸਾਬੋ ਦਾ ਵੀ ਵਿਸ਼ੇਸ਼ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਉਨ੍ਹਾਂ ਦੀ ਉੱਚ ਪੱਧਰ ਦੀ ਤਲੀਮ ਦੌਰਾਨ ਗਾਈਡ ਕੀਤਾ। ਕਿਰਨਜੀਤ ਕੌਰ ਦਾ 2020 ਵਿੱਚ ਵਿਆਹ ਹੋਇਆ ਅਤੇ 2021 ਵਿਚ ਉਹ ਪਤੀ ਨੂੰ ਵੀ ਕੈਨੇਡਾ ਲੈ ਗਈ। ਕੈਨੇਡਾ ਰਹਿੰਦਿਆਂ ਨਾਲ ਨਾਲ ਉਨ੍ਹਾਂ ਨੇ ਅਪਣੀਆਂ ਪ੍ਰਵਾਰਕ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ। ਉਨ੍ਹਾਂ ਨੇ ਅਪਣੀਆਂ ਦੋਹਾਂ ਭੈਣਾਂ ਨੂੰ ਗਾਈਡ ਕਰਦਿਆਂ ਕੈਨੇਡਾ ਵਿਖੇ ਅਧਿਆਪਕ ਦੇ ਯੋਗ ਬਣਾਇਆ। ਇਲਾਕੇ ਭਰ ਵਿੱਚ ਖ਼ੁਸ਼ੀ ਹੈ ਕਿ ਝੁਨੀਰ ਵਰਗੇ ਕਸਬੇ ਵਿਚੋਂ ਉਠ ਕੇ ਉਨ੍ਹਾਂ ਨੇ ਕੈਨੇਡਾ ਵਿੱਚ ਵੱਡੇ ਪੁਲਿਸ ਅਧਿਕਾਰੀ ਵਜੋਂ ਅਪਣਾ ਸਫ਼ਰ ਸ਼ੁਰੂ ਕੀਤਾ।

## ਡੈਨਮਾਰਕ ਦੀ ਵਿਕਟੋਰੀਆ ਬਣੀ ਮਿਸ ਯੂਨੀਵਰਸ

### ਭਾਰਤ ਦੀ ਰੀਆ ਸਿੰਘਾ ਸਿਖਰਲੀਆਂ 30 ਸੁੰਦਰੀਆਂ ਵਿੱਚ ਸ਼ਾਮਲ



ਨਵੀਂ ਦਿੱਲੀ/ਏ.ਟੀ.ਨਿਊਜ਼: ਡੈਨਮਾਰਕ ਦੀ ਵਿਕਟੋਰੀਆ ਕਜੇਅਰ ਥੇਲਵਿਗ ਨੇ ਸਾਲ 2024 ਦਾ ਮਿਸ ਯੂਨੀਵਰਸ ਦਾ ਖ਼ਿਤਾਬ ਜਿੱਤਿਆ ਹੈ। ਕੌਮਾਂਤਰੀ ਖੂਬਸੂਰਤੀ ਮੁਕਾਬਲੇ ਦਾ ਪੁਰਸਕਾਰ ਪਹਿਲੀ ਵਾਰ ਡੈਨਮਾਰਕ ਦੀ ਝੋਲੀ ਪਿਆ ਹੈ। ਇਸ ਮੁਕਾਬਲੇ ਦਾ 73ਵਾਂ ਐਡੀਸ਼ਨ ਲੰਘੀ ਰਾਤ ਮੈਕਸਿਕੋ ਦੇ ਐਰੇਨਾ ਸ਼ਹਿਰ ’ਚ ਕਰਵਾਇਆ ਗਿਆ ਜਿਸ ਵਿੱਚ 120 ਮੁਲਕਾਂ ਦੀਆਂ ਸੁੰਦਰੀਆਂ ਨੇ ਹਿੱਸਾ ਲਿਆ। ਇਸ ਮੁਕਾਬਲੇ ’ਚ ਮਿਸ ਨਾਇਜੀਰੀਆ ਚਿਡਿੰਮਾ ਐਡੇਟਸ਼ਾਈਨਾ ਨੂੰ ਦੂਜਾ ਜਦਕਿ ਮਿਸ ਮੈਕਸਿਕੋ ਮਾਰੀਆ ਫਰਨਾਂਡਾ ਬੈਲਟਰਾਨ ਨੂੰ ਤੀਜਾ ਸਥਾਨ ਹਾਸਲ ਹੋਇਆ ਹੈ।

ਮਿਸ ਯੂਨੀਵਰਸ ਦੇ ਅਧਿਕਾਰਤ ਇੰਸਟਾਗ੍ਰਾਮ ਪੇਜ ’ਤੇ ਇੱਕ ਪੋਸਟ ’ਚ ਲਿਖਿਆ ਗਿਆ, ‘ਇੱਕ ਨਵੇਂ ਯੁੱਗ ਦੀ ਸ਼ੁਰੂਆਤ! ਡੈਨਮਾਰਕ ਨੂੰ 73ਵੀਂ ਮਿਸ ਯੂਨੀਵਰਸ ਦੀ ਵਧਾਈ। ਉਮੀਦ ਹੈ ਕਿ ਤੁਹਾਡਾ ਦੌਰ ਦੁਨੀਆਂ ਭਰ ਦੀਆਂ ਮਹਿਲਾਵਾਂ ਨੂੰ ਪ੍ਰੇਰਿਤ ਕਰੇਗਾ।’ ਹੀਰੇ ਵੇਚਣ ਦੇ ਕਾਰੋਬਾਰ ’ਚ ਕੰਮ ਕਰਨ ਵਾਲੀ ਤੇ ਪਸ਼ੂਆਂ ਦੀ ਰਾਖੀ ਕਰਨ ਵਾਲੀ ਵਕੀਲ ਥੇਲਵਿਗ ਨੂੰ ਨਿਕਾਰਾਗੁਆ ਦੀ ਮਿਸ ਯੂਨੀਵਰਸ 2023 ਸ਼ੇਨਿਸ ਪਲੈਸਿਓਸ ਨੇ ਜਿੱਤ ਦਾ ਤਾਜ ਪਹਿਨਾਇਆ। ਮੁਕਾਬਲੇ ’ਚ ਭਾਰਤ ਦੀ ਨੁਮਾਇੰਦਗੀ ਕਰ ਰਹੀ ਰੀਆ ਸਿੰਘਾ ਸਿਖਰਲੀਆਂ 30 ਸੁੰਦਰੀਆਂ ਦੀ ਸੂਚੀ ’ਚ ਸ਼ਾਮਲ ਰਹੀ। ਮਿਸ ਯੂਨੀਵਰਸ 2024 ਦੇ ਮੁਕਾਬਲੇ ਦੀ ਮੇਜ਼ਬਾਨੀ ਮਾਰੀਓ ਲੋਪੇਜ਼, ਮਿਸ ਯੂਨੀਵਰਸ 2012 ਓਲੀਵੀਆ ਕੁਲਪੋ, ਪ੍ਰੈਜ਼ੈਂਟਰ ਜ਼ੂਰੀ ਹਾਲ ਅਤੇ ਮਿਸ ਯੂਨੀਵਰਸ 2018 ਕੈਟਰੀਓਨਾ ਗਰੇਅ ਨੇ ਕੀਤੀ। ਮੈਕਸਿਕੋ ਨੇ ਤੀਜੀ ਵਾਰ ਇਸ ਮੁਕਾਬਲੇ ਦੀ ਮੇਜ਼ਬਾਨੀ ਕੀਤੀ ਹੈ।

## ਅਮਰੀਕਾ ’ਚ ਪੜ੍ਹਨ ਵਾਲੇ ਵਿਦੇਸ਼ੀ ਵਿਦਿਆਰਥੀਆਂ ’ਚ ਸਭ ਤੋਂ ਵੱਧ ਭਾਰਤੀ



ਨਵੀਂ ਦਿੱਲੀ/ ਏ.ਟੀ.ਨਿਊਜ਼: ਭਾਰਤ ਪਿਛਲੇ 15 ਸਾਲਾਂ ਵਿੱਚ ਪਹਿਲੀ ਵਾਰ ਅਮਰੀਕਾ ’ਚ ਸਭ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀ ਭੇਜਣ ਵਾਲਾ ਦੇਸ਼ ਬਣ ਕੇ ਉੱਭਰਿਆ ਹੈ। ‘ਓਪਨ ਡੋਰਜ਼ ਰਿਪੋਰਟ-2024’ ਮੁਤਾਬਕ ਅਮਰੀਕਾ ਦੀਆਂ ਸਿੱਖਿਆ ਸੰਸਥਾਵਾਂ ਵਿੱਚ ਫਿਲਹਾਲ 3.3 ਲੱਖ ਤੋਂ ਜ਼ਿਆਦਾ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਵਿਦਿਅਕ ਵਰ੍ਹੇ 2022-23 ਵਿੱਚ ਅਮਰੀਕਾ ’ਚ ਕੌਮਾਂਤਰੀ ਵਿਦਿਆਰਥੀ ਭੇਜਣ ਦੇ ਮਾਮਲੇ ਵਿੱਚ ਚੀਨ ਪਹਿਲੇ, ਜਦਕਿ ਭਾਰਤ ਦੂਜੇ ਸਥਾਨ ’ਤੇ ਸੀ। ‘ਓਪਨ ਡੋਰਜ਼ ਰਿਪੋਰਟ’ ਮੁਤਾਬਕ, ਵਿਦਿਅਕ ਵਰ੍ਹੇ 2023-24 ਵਿੱਚ ਅਮਰੀਕਾ ’ਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਰਿਕਾਰਡ 3,31,602 ’ਤੇ ਪਹੁੰਚ ਗਈ। ਇਹ ਗਿਣਤੀ ਵਿਦਿਅਕ ਵਰ੍ਹੇ 2022-23 ਤੋਂ 23 ਫੀਸਦ ਜ਼ਿਆਦਾ ਹੈ ਜਦੋਂ 2,68,923 ਭਾਰਤੀ ਵਿਦਿਆਰਥੀ ਅਮਰੀਕਾ ਦੀਆਂ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਾਈ ਕਰ ਰਹੇ ਸਨ। ‘ਓਪਨ ਡੋਰਜ਼ ਰਿਪੋਰਟ’ ਉੱਤੇ ਅਮਰੀਕੀ ਦੂਤਾਵਾਸ ਵੱਲੋਂ ਸਾਂਝੇ ਕੀਤੇ ਗਏ ਇੱਕ ਨੋਟ ਮੁਤਾਬਕ, “ਭਾਰਤ ਹੁਣ ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀ ਭੇਜਣ ਵਾਲਾ ਦੇਸ਼ ਬਣ ਗਿਆ ਹੈ। ਅਮਰੀਕਾ ਵਿੱਚ ਪੜ੍ਹ ਰਹੇ ਕੁੱਲ ਕੌਮਾਂਤਰੀ ਵਿਦਿਆਰਥੀਆਂ ’ਚੋਂ 29 ਫੀਸਦ ਭਾਰਤੀ ਹਨ।” ਨੋਟ ਵਿੱਚ ਕਿਹਾ ਗਿਆ ਹੈ, “2008-09 ਤੋਂ ਬਾਅਦ ਭਾਰਤ ਪਹਿਲੀ ਵਾਰ ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀ ਭੇਜਣ ਵਾਲਾ ਦੇਸ਼ ਬਣ ਕੇ ਉੱਭਰਿਆ ਹੈ।

## ਅਮਰੀਕਾ ’ਚ ਜਾਨਲੇਵਾ ਬਣੀ ਆਰਗੈਨਿਕ ਗਾਜਰ

### 18 ਸੂਬਿਆਂ ’ਚ ਫੈਲਿਆ ਈ. ਕੋਲੀ ਬੈਕਟੀਰੀਆ ਦਾ ਅਸਰ



ਵਾਸ਼ਿੰਗਟਨ/ਏ.ਟੀ.ਨਿਊਜ਼: ਮੌਜੂਦਾ ਸਮੇਂ ਵਿੱਚ ਬੈਕਟੀਰੀਆ ਸਬੰਧੀ ਕਈ ਲਾਗ ਫੈਲ ਰਹੇ ਹਨ। ਅਜਿਹਾ ਹੀ ਇੱਕ ਮਾਮਲਾ ਅਮਰੀਕਾ ’ਚ ਸਾਹਮਣੇ ਆਇਆ ਹੈ, ਜਿੱਥੇ ਗਾਜਰ ਖਾਣ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 15 ਲੋਕਾਂ ਨੂੰ ਹਸਪਤਾਲ ’ਚ ਦਾਖਲ ਕਰਵਾਇਆ ਗਿਆ। ਗਾਜਰ ਨੂੰ ਲੈ ਕੇ ਪੂਰੇ ਅਮਰੀਕਾ ਵਿੱਚ ਡਰ ਫੈਲ ਗਿਆ ਹੈ, ਜਿਸ ਤੋਂ ਬਾਅਦ ਸਟੋਰਾਂ ਤੋਂ ਆਰਗੈਨਿਕ ਗਾਜਰ ਅਤੇ ਬੇਬੀ ਗਾਜਰ ਵਾਪਸ ਮੰਗਵਾਈ ਜਾ ਰਹੀ ਹੈ। ਇਹ ਫ਼ੈਸਲਾ ਈ. ਕੋਲੀ ਦੇ ਪ੍ਰਕੋਪ ਕਾਰਨ ਲਿਆ ਗਿਆ। ਪਿਛਲੇ ਦਿਨੀਂ ਯੂ.ਐਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ) ਨੇ ਗਾਜਰਾਂ ਬਾਰੇ ਇੱਕ ਚਿਤਾਵਨੀ ਜਾਰੀ ਕੀਤੀ ਜੋ ਗ੍ਰੀਮਵੇ ਫਾਰਮਜ਼ ਦੁਆਰਾ ਵੱਡੇ ਸੁਪਰਮਾਰਕੀਟਾਂ ਨੂੰ ਵੇਚੇ ਗਏ ਸਨ।

ਸੀ.ਡੀ.ਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਹੁਣ ਤੱਕ 18 ਰਾਜਾਂ ਵਿੱਚ ਤਾਜ਼ੇ ਗਾਜਰ ਨਾਲ ਜੁੜੇ ਈ. ਕੋਲੀ ਦੀ ਲਾਗ ਦੇ 39 ਮਾਮਲੇ ਸਾਹਮਣੇ ਆਏ ਹਨ। ਸੀ.ਡੀ.ਸੀ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਵਾਪਸ ਲਈਆਂ ਗਈਆਂ ਗਾਜਰਾਂ ਵਿੱਚੋਂ ਕੋਈ ਵੀ ਨਾ ਖਾਣ। ਜਿਨ੍ਹਾਂ ’ਤੇ ਇਹ ਗਾਜਰ ਸਟੋਰ ਕੀਤੀ ਗਈ ਹੈ ਉਨ੍ਹਾਂ ਸਤਹਾਂ ਨੂੰ ਗਰਮ, ਸਾਬਣ ਵਾਲੇ ਪਾਣੀ ਜਾਂ ਡਿਸ਼ਵਾਸ਼ਰ ਦੀ ਵਰਤੋਂ ਕਰਕੇ ਧੋਣ ਦੀ ਸਿਫਾਰਸ਼ ਕੀਤੀ ਗਈ ਹੈ। ਸੀ.ਡੀ.ਸੀ ਨੇ ਕਿਹਾ ਕਿ ਗਾਜਰ ਹੁਣ ਸਟੋਰਾਂ ਵਿੱਚ ਨਹੀਂ ਹਨ, ਪਰ ਲੋਕਾਂ ਦੇ ਘਰਾਂ ਵਿੱਚ ਹੋ ਸਕਦੀਆਂ ਹਨ ਅਤੇ ਇਸਨੂੰ ਸੁੱਟ ਦਿੱਤਾ ਜਾਣਾ ਚਾਹੀਦਾ ਹੈ।

**ਦੂਜੇ ਦੇਸ਼ਾਂ ਤੋਂ ਵੀ ਵਾਪਸ ਮੰਗਵਾਈਆਂ ਗਈਆਂ ਗਾਜਰਾਂ**

ਯੂ.ਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਅਨੁਸਾਰ ਗ੍ਰੀਮਵੇ ਫਾਰਮਜ਼ ਨੇ ਕੈਨੇਡਾ ਅਤੇ ਪੋਰਟੋ ਰੀਕੋ ਦੇ ਸਟੋਰਾਂ ਤੋਂ ਗਾਜਰਾਂ ਨੂੰ ਸਵੈਇੱਛਤ ਤੌਰ ’ਤੇ ਵਾਪਸ ਬੁਲਾਇਆ ਹੈ। **(ਬਾਕੀ ਸਫ਼ਾ 31 ’ਤੇ)**

# ਅੰਗਾਂ ਦੀ ਤਸਕਰੀ ਮਨੁੱਖਤਾ ’ਤੇ ਕਾਲਾ ਧੱਬਾ




## ਦੌਲਤ ਇਕੱਠੀ ਕਰਨ ਦੇ ਲਾਲਚ ’ਚ ਟੁੱਟ ਰਹੀਆਂ ਹਨ ਮਨੁੱਖੀ ਸੰਵੇਦਨਾਵਾਂ

## ਡਾਕਟਰਾਂ, ਨਰਸਾਂ, ਦਲਾਲਾਂ, ਪੁਲਿਸ ਅਤੇ ਤਸਕਰ ਗਿਰੋਹਾਂ ਦੇ ਗੱਠਜੋੜ ਨੇ ਵਧਾਈ ਚੁਣੌਤੀ




**ਅਮਰੀਕੀ ਸਰਕਾਰ ਦੀ ਕਾਂਗਰੇਸ਼ਨਲ ਰਿਸਰਚ ਸਰਵਿਸ ਦੇ ਅਨੁਸਾਰ, ਮਨੁੱਖੀ ਅੰਗਾਂ ਦੀ ਤਸਕਰੀ ਦੀ ਮਾਰਕੀਟ ਨੂੰ ‘ਲਾਲ ਬਾਜ਼ਾਰ’ (ਰੈੱਡ ਮਾਰਕੀਟ) ਕਿਹਾ ਜਾਂਦਾ ਹੈ। ਗ਼ੈਰ-ਸਰਕਾਰੀ ਸੰਗਠਨ ਗਲੋਬਲ ਵਿੱਤੀ ਇਕਸਾਰਤਾ (ਜੀ.ਐਫ.ਆਈ.) ਦੇ ਮੁਲਾਂਕਣ ਦੇ ਅਨੁਸਾਰ, ਦੁਨੀਆਂ ਦਾ ਤਸਕਰੀ ਬਾਜ਼ਾਰ 840 ਮਿਲੀਅਨ ਡਾਲਰ ਤੋਂ 1.7 ਬਿਲੀਅਨ ਡਾਲਰ ਹੈ। ਜੀ.ਐਫ.ਆਈ. ਦੇ ਅਨੁਸਾਰ, ਹਰ ਸਾਲ 12,000 ਮਨੁੱਖੀ ਅੰਗ ਗ਼ੈਰ-ਕਾਨੂੰਨੀ ਢੰਗ ਨਾਲ ਟਰਾਂਸਪਲਾਂਟ ਕੀਤੇ ਜਾਂਦੇ ਹਨ ਅਤੇ ਇਹਨਾਂ ਵਿੱਚੋਂ 8,000 ਗੁਰਦੇ ਹਨ। ਇਨ੍ਹਾਂ ਤੋਂ ਬਾਅਦ ਲੀਵਰ, ਦਿਲ, ਫੇਫੜੇ ਅਤੇ ਪੈਨਕ੍ਰੀਅਸ ਆਉਂਦੇ ਹਨ।**

ਭਾਰਤ ਇੱਕ ਵਿਕਾਸਸ਼ੀਲ ਦੇਸ਼ ਹੈ ਅਤੇ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਤੇ ਵਧਦੀ ਆਬਾਦੀ ਭਾਰਤ ਦੀਆਂ ਵੱਡੀਆਂ ਸਮੱਸਿਆਵਾਂ ਹਨ ਜੋ ਬਹੁਤ ਸਾਰੀਆਂ ਅਪਰਾਧਿਕ ਗਤੀਵਿਧੀਆਂ ਨੂੰ ਜਨਮ ਦਿੰਦੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਮਨੁੱਖੀ ਅੰਗਾਂ ਦੀ ਤਸਕਰੀ ਹੈ। ਕੁਝ ਖੇਤਰਾਂ ਵਿੱਚ ਲੋਕ ਮੁੱਢਲੀਆਂ ਸਿਹਤ ਸਹੂਲਤਾਂ ਤੋਂ ਵਾਂਝੇ ਹਨ, ਜਦੋਂ ਕਿ ਹੋਰ ਖੇਤਰਾਂ ਵਿੱਚ ਮੈਡੀਕਲ ਸਾਇੰਸ ਇੰਨੀ ਤਰੱਕੀ ਕਰ ਚੁੱਕੀ ਹੈ ਕਿ ਨਿੱਜੀ ਲਾਭ ਲਈ ਮਨੁੱਖੀ ਅੰਗਾਂ ਦਾ ਵਪਾਰ ਕੀਤਾ ਜਾ ਰਿਹਾ ਹੈ। ਵਰਨਣਯੋਗ ਹੈ ਕਿ ਮਨੁੱਖੀ ਅੰਗਾਂ ਦੀ ਤਸਕਰੀ ਵੀ ਦੇਸ਼ ਵਿੱਚ ਵੱਧ ਰਹੇ ਕਾਲੇ ਧੰਦਿਆਂ ਵਿੱਚੋਂ ਇੱਕ ਹੈ। ਸਖ਼ਤ ਕਾਨੂੰਨਾਂ ਦੇ ਬਾਵਜੂਦ ਮਨੁੱਖੀ ਅੰਗਾਂ ਦੀ ਤਸਕਰੀ ਨੂੰ ਰੋਕਿਆ ਨਹੀਂ ਗਿਆ ਹੈ, ਸਗੋਂ ਇਸ ਨੂੰ ਰੋਕਣਾ ਲਗਭਗ ਅਸੰਭਵ ਹੋ ਗਿਆ ਹੈ। ਕਿਹਾ ਜਾਂਦਾ ਹੈ ਕਿ ਇਹ ਧੰਦਾ ਆਮ ਤੌਰ ’ਤੇ ਕੁਝ ਡਾਕਟਰਾਂ, ਨਰਸਾਂ, ਦਲਾਲਾਂ, ਪੁਲਿਸ ਅਤੇ ਤਸਕਰ ਗਿਰੋਹ ਦੀ ਮਿਲੀਭੁਗਤ ਨਾਲ ਹੁੰਦਾ ਹੈ। ਅਜਿਹੇ ’ਚ ਸਵਾਲ ਇਹ ਉੱਠਦਾ ਹੈ ਕਿ ਕੀ ਇਸ ਨੂੰ ਰੋਕਣਾ ਸੰਭਵ ਹੋਵੇਗਾ ? ਸਮਾਜਿਕ ਮੁੱਦਿਆਂ ’ਤੇ ਕੰਮ ਕਰਨ ਵਾਲੇ ਚਿੰਤਕਾਂ ਦਾ ਮੰਨਣਾ ਹੈ ਕਿ ਮਨੁੱਖੀ ਅੰਗਾਂ ਦੀ ਤਸਕਰੀ ਨੂੰ ਰੋਕਣ ਲਈ ਮੌਤ ਦੀ ਸਜ਼ਾ ਦੀ ਵਿਵਸਥਾ ਹੋਣੀ ਚਾਹੀਦੀ ਹੈ।

ਅੰਗ ਟਰਾਂਸਪਲਾਂਟੇਸ਼ਨ ਨਾਲ ਕਈ ਲੋਕਾਂ ਦੀ ਜਾਨ ਬਚ ਜਾਂਦੀ ਹੈ ਪਰ ਅੰਗ ਟਰਾਂਸਪਲਾਂਟ ਦੇ ਪਿੱਛੇ ਇੱਕ ਵੱਡਾ ਗੈਰ-ਕਾਨੂੰਨੀ ਧੰਦਾ ਛੁਪਿਆ ਹੋਇਆ ਹੈ, ਜਿਸ ਨੂੰ ਅੰਗ ਤਸਕਰੀ ਕਿਹਾ ਜਾਂਦਾ ਹੈ। ਮਨੁੱਖੀ ਅੰਗਾਂ ਦੀ ਤਸਕਰੀ ਆਮ ਤੌਰ ’ਤੇ ਭ੍ਰਿਸ਼ਟ ਅਧਿਕਾਰੀਆਂ ਅਤੇ ਅਪਰਾਧਿਕ ਸਮੂਹਾਂ ਦੇ ਗਠਜੋੜ ’ਤੇ ਆਧਾਰਿਤ ਹੁੰਦੀ ਹੈ। ਇਸ ਵਿੱਚ ਵਿਚੋਲੇ ਸ਼ਾਮਲ ਹੁੰਦੇ ਹਨ ਜੋ ਲੋਕਾਂ ਨੂੰ ਅੰਗ ਦਾਨ ਕਰਨ ਲਈ ਤਿਆਰ ਕਰਦੇ ਹਨ, ਉਨ੍ਹਾਂ ਨਾਲ ਪੈਸਿਆਂ ਲਈ ਗੱਲਬਾਤ ਕਰਦੇ ਹਨ ਅਤੇ ਅਜਿਹੇ ਕੇਂਦਰਾਂ ਅਤੇ ਡਾਕਟਰੀ ਪੇਸ਼ੇਵਰਾਂ ਦੀ ਪਛਾਣ ਕਰਦੇ ਹਨ ਜਿੱਥੇ ਮਨੁੱਖੀ ਅੰਗਾਂ ਦੀ ਤਸਕਰੀ ਕੀਤੀ ਜਾ ਸਕਦੀ ਹੈ।



ਪੂਰੇ ਵਿਸ਼ਵ ਵਿੱਚ ਮਨੁੱਖੀ ਅੰਗਾਂ ਦੀ ਮੰਗ ਬਹੁਤ ਜ਼ਿਆਦਾ ਹੈ। ਇਕੱਲੇ ਸੰਯੁਕਤ ਰਾਜ ਅਮਰੀਕਾ ਵਿੱਚ ਵੱਡੀ ਗਿਣਤੀ ’ਚ ਮਨੁੱਖੀ ਸਰੀਰਾਂ ਦੇ ਅੰਗ ਵੇਚੇ ਜਾਂਦੇ ਹਨ। ਇਹ ਕਾਰੋਬਾਰ ਭਾਰਤ ਵਿੱਚ ਵਿਸ਼ੇਸ਼ ਰੂਪ ਵਿੱਚ ਪ੍ਰਚਲਿਤ ਹੈ, ਜਿੱਥੇ ਅਨੁਮਾਨ ਹੈ ਕਿ ਭਾਰਤ ਵਿੱਚ ਕਰੀਬ 2,000 ਭਾਰਤੀ ਸਾਲ ਵਿੱਚ ਆਪਣੀ ਕਿਡਨੀ ਵੇਚਦੇ ਹਨ।

ਪੱਤਰਕਾਰ ‘ਸਕਾਟ ਕਾਰਨੀ’ ਆਪਣੀ ਕਿਤਾਬ ‘ਦਿ ਰੈੱਡ ਮਾਰਕਿਟ’ ਵਿੱਚ ਦੱਸਦਾ ਹੈ ਕਿ ਜਦੋਂ ਕਾਲਾ ਬਾਜ਼ਾਰ ਗੈਰ-ਕਾਨੂੰਨੀ ਚੀਜ਼ਾਂ ਜਿਵੇਂ ਕਿ ਬੰਦੂਕਾਂ ਅਤੇ ਨਸ਼ੀਲੇ ਪਦਾਰਥਾਂ ਦਾ ਵਪਾਰ ਕਰਦਾ ਹੈ, ਤਾਂ ‘ਲਾਲ ਬਾਜ਼ਾਰ’ ਮਨੁੱਖੀ ਮਾਸ - ਗੁਰਦਿਆਂ, ਮਨੁੱਖੀ ਕੋਰਨੀਆ, ਖ਼ੂਨ, ਹੱਡੀਆਂ ਅਤੇ ਮਨੁੱਖੀ ਅੰਡੇ ਦਾ ਵਪਾਰ ਕਰਦਾ ਹੈ। ਅਸਲ-ਜੀਵਨ ਦੀਆਂ ਉਦਾਹਰਣਾਂ, ਜੋ ਉਸਨੇ ਇਸ ਡਰਾਉਣੀ ਕਿਤਾਬ ਵਿੱਚ ਦਿੱਤੀਆਂ ਹਨ, ਪਾਠਕਾਂ ਨੂੰ ਇੱਕ ਡਰਾਉਣੀ ਫ਼ਿਲਮ ਜਾਂ ਨਾਵਲ ‘ਨੇਵਰ ਲੇਟ ਮੀ ਗੋ’ (2005) ਦੀ ਯਾਦ ਦਿਵਾਉਂਦੀਆਂ ਹਨ। ‘ਦਿ ਰੈੱਡ ਮਾਰਕਿਟ’ ਵਿੱਚ, ‘ਮਿਸਟਰ ਕਾਰਨੀ’ ਇੱਕ ਛੋਟੇ ਜਿਹੇ ਭਾਰਤੀ ਸਰਹੱਦੀ ਸ਼ਹਿਰ ਵਿੱਚ ਇੱਕ ਡੇਅਰੀ ਫਾਰਮਰ ਦੀ ਜ਼ਮੀਨ ’ਤੇ ਪੁਲਿਸ ਦੇ ਛਾਪੇ ਦੀ ਕਹਾਣੀ ਦੱਸਦਾ ਹੈ ਜਿਸ ਨੇ 17 ਲੋਕਾਂ ਨੂੰ ਛੁਡਾਇਆ ਸੀ ਜਿਨ੍ਹਾਂ ਨੂੰ ਬੇੜੀਆਂ ਵਿੱਚ ਜਕੜਿਆ ਗਿਆ ਸੀ ਅਤੇ ਜਿਨ੍ਹਾਂ ਨੇ ਕਿਹਾ ਸੀ ਕਿ ਹਫ਼ਤੇ ਵਿੱਚ ਘੱਟੋ-ਘੱਟ ਦੋ ਵਾਰ ਉਨ੍ਹਾਂ ਦਾ ਖ਼ੂਨ ਕੱਢਿਆ ਜਾਂਦਾ ਸੀ। ਇਸ ਨੂੰ ‘ਦਿ ਬਲੱਡ ਫੈਕਟਰੀ’ ਕਿਹਾ ਜਾਂਦਾ ਸੀ। ਇਸ ਫੈਕਟਰੀ ਤੋਂ ਸ਼ਹਿਰ ਦੇ ਹਸਪਤਾਲਾਂ ਨੂੰ ਖ਼ੂਨ ਦੀ ਸਪਲਾਈ ਦਾ ਇੱਕ ਵੱਡਾ ਹਿੱਸਾ ਸਪਲਾਈ ਕੀਤਾ ਜਾਂਦਾ ਸੀ।




ਇੱਕ ਅਧਿਆਇ ਵਿੱਚ, ਮਿਸਟਰ ਕਾਰਨੀ ਨੇ 2004 ਦੀ ਸੁਨਾਮੀ ਤੋਂ ਬਚੇ ਹੋਏ ਇੱਕ ਗਰੀਬ ਭਾਰਤੀ ਸ਼ਰਨਾਰਥੀ ਕੈਂਪ ਦਾ ਵਰਣਨ ਕੀਤਾ ਹੈ ਜਿਸਨੂੰ ਕਿਡਨੀਵੱਕਮ, ਜਾਂ ਕਿਡਨੀਵਿਲ ਕਿਹਾ ਜਾਂਦਾ ਸੀ, ਕਿਉਂਕਿ ਉੱਥੇ ਬਹੁਤ ਸਾਰੇ ਲੋਕਾਂ ਨੇ ਪੈਸੇ ਇਕੱਠੇ ਕਰਨ ਦੀ ਕੋਸ਼ਿਸ਼ ਵਿੱਚ ਅੰਗ ਦਲਾਲਾਂ ਨੂੰ ਆਪਣੀਆਂ ਕਿਡਨੀਆਂ ਵੇਚ ਦਿੱਤੀਆਂ ਸਨ।

ਵਿਸ਼ਵ ਪੱਧਰ ’ਤੇ ਸਿਹਤਮੰਦ ਅੰਗਾਂ ਦੀ ਬਹੁਤ ਜ਼ਿਆਦਾ ਮੰਗ ਹੈ, ਜਿਸ ਕਾਰਨ ਵਪਾਰਕ ਉਦੇਸ਼ਾਂ ਲਈ ਅੰਗਾਂ ਦੀ ਤਸਕਰੀ ਵਰਗੇ ਅਪਰਾਧ ਹੁੰਦੇ ਹਨ। ਮਰਨ ਤੋਂ ਬਾਅਦ ਕਈ ਲੋਕ ਆਪਣੇ ਅੰਗ ਦਾਨ ਕਰਨਾ ਚਾਹੁੰਦੇ ਹਨ ਅਤੇ ਕਈ ਜਿਉਂਦੇ ਲੋਕ ਵੀ ਆਪਣੇ ਅੰਗ ਦਾਨ ਕਰ ਦਿੰਦੇ ਹਨ ਪਰ ਕੁੱਝ ਡਾਕਟਰ ਉਨ੍ਹਾਂ ਅੰਗਾਂ ਨੂੰ ਅੱਗੇ ਵੇਚ ਦਿੰਦੇ ਹਨ। ਡਾਕਟਰ ਅੰਗਾਂ ਦੀ ਤਸਕਰੀ ਵਿੱਚ ਸ਼ਾਮਲ ਹੁੰਦੇ ਹਨ, ਜਿਸ ਕਾਰਨ ਜ਼ਿਆਦਾਤਰ ਪੀੜਤ ਗਰੀਬ ਤੇ ਅਨਪੜ੍ਹ ਲੋਕਾਂ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ।

ਅਜਿਹੇ ਕਈ ਮਾਮਲਿਆਂ ਵਿੱਚ ਅਸੀਂ ਅਕਸਰ ਦੇਖਿਆ ਹੈ ਕਿ ਡਾਕਟਰ ਪੈਸੇ ਦੇ ਨਾਂ ’ਤੇ ਗਰੀਬ ਲੋਕਾਂ ਨੂੰ ਅੰਗਾਂ ਦੀ ਤਸਕਰੀ ਦਾ ਸ਼ਿਕਾਰ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਗੁੰਮਰਾਹ ਕਰਦੇ ਹਨ। ਲੋਕਾਂ ਦੇ ਅੰਗ ਥੋੜ੍ਹੇ-ਥੋੜ੍ਹੇ ਪੈਸਿਆਂ ਲਈ ਵੇਚੇ ਜਾਂਦੇ ਹਨ। ਸਭ ਤੋਂ ਵੱਧ ਕਮਜ਼ੋਰ ਪੀੜਤ ਉਹ ਹਨ ਜੋ ਬਿਮਾਰੀ ਦੇ ਇਲਾਜ ਲਈ ਜਾਂਦੇ ਹਨ ਅਤੇ ਉਨ੍ਹਾਂ ਦੇ ਅੰਗ ਧੋਖੇ ਨਾਲ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਕੱਢ ਦਿੱਤੇ ਜਾਂਦੇ ਹਨ। ਵਿਗਿਆਨਕ ਤਰੱਕੀ ਅਤੇ ਦਵਾਈ ਵਿੱਚ ਤਰੱਕੀ ਨੇ ਵੀ ਅੰਗਾਂ ਦੀ ਤਸਕਰੀ ਨੂੰ ਜਨਮ ਦਿੱਤਾ ਹੈ।

ਗਰੀਬੀ ਅਤੇ ਅਨਪੜ੍ਹਤਾ ਇਸ ਅਪਰਾਧ ਦੇ ਵਧਣ ਦੇ ਮੁੱਖ ਕਾਰਨ ਹਨ, ਪੀੜਤਾਂ ਨੂੰ ਅਕਸਰ ਅੰਗਾਂ ਦੀ ਤਸਕਰੀ ਲਈ ਬਹੁਤ ਘੱਟ ਜਾਂ ਕੁਝ ਵੀ ਨਹੀਂ ਦਿੱਤਾ ਜਾਂਦਾ ਹੈ। ਤਸਕਰੀ ਦੇ ਸ਼ਿਕਾਰ ਕਿਸੇ ਵੀ ਉਮਰ ਵਰਗ ਦੇ ਹੋ ਸਕਦੇ ਹਨ। ਬਾਲ ਤਸਕਰੀ ਅਤੇ ਮਨੁੱਖੀ ਤਸਕਰੀ ਦੇ ਸ਼ਿਕਾਰ ਲੋਕ ਵੀ ਅੰਗ ਤਸਕਰੀ ਦੇ ਸ਼ਿਕਾਰ ਹੋ ਚੁੱਕੇ ਹਨ। ਅੰਗ ਤਸਕਰੀ ਦੇ ਸ਼ਿਕਾਰ ਸਰਜਰੀਆਂ ਕਾਰਨ ਮਾੜੀ ਸਿਹਤ ਸਥਿਤੀਆਂ ਅਤੇ ਇਮਿਊਨ ਸਿਸਟਮ ਤੋਂ ਪੀੜਤ ਹਨ। ਕਾਨੂੰਨੀ ਨਿਯਮ ਅੰਗਾਂ ਦੀ ਤਸਕਰੀ ਨੂੰ ਰੋਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਭਾਰਤ ਹੋਵੇ ਜਾਂ ਕੋਈ ਹੋਰ ਦੇਸ਼, ਡਾਕਟਰ ਮੁੱਖ ਤੌਰ ’ਤੇ ਅੰਗਾਂ ਦੀ ਤਸਕਰੀ ਵਿੱਚ ਸ਼ਾਮਲ ਹਨ, ਕਿਉਂਕਿ ਡਾਕਟਰਾਂ ਤੋਂ ਬਿਨਾਂ ਤਸਕਰੀ ਸੰਭਵ ਨਹੀਂ ਹੈ ਅਤੇ ਸਰਕਾਰ ਨੇ ਵੀ 2007 ਵਿੱਚ ਡਾਕਟਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਸੀ। ਵਿਸ਼ਵ ਸਿਹਤ ਸੰਗਠਨ ਵੱਲੋਂ 2007 ਵਿੱਚ ਇੱਕ ਬੁਲੇਟਿਨ ਜਾਰੀ ਕੀਤਾ ਗਿਆ ਸੀ, ਜਿਸ ਰਾਹੀਂ ਕਈ ਦੋਸ਼ੀ ਡਾਕਟਰ ਫੜੇ ਗਏ ਸਨ। ਵਿਸ਼ਵ ਸਿਹਤ ਸੰਗਠਨ ਦੁਆਰਾ ਚੁੱਕੇ ਗਏ ਇਸ ਕਦਮ ਨਾਲ ਦੇਸ਼ ਵਿੱਚ ਗੁਰਦਿਆਂ ਦੇ ਅੰਗਾਂ ਦੀ ਤਸਕਰੀ ਅਤੇ ਦੂਜੇ ਦੇਸ਼ਾਂ ਨੂੰ ਗੁਰਦੇ ਵੇਚਣ ਵਾਲੇ ਲਗਭਗ 2000 ਡਾਕਟਰਾਂ ਵਿਰੁੱਧ ਕਾਰਵਾਈ ਕੀਤੀ ਗਈ।

ਭਾਰਤ ਵਿੱਚ ਮਨੁੱਖੀ ਅੰਗਾਂ ਦੀ ਤਸਕਰੀ 30 ਸਾਲਾਂ ਦੇ ਮੁਕਾਬਲੇ ਤੇਜ਼ੀ ਨਾਲ ਵਧੀ ਹੈ। ਪਿਛਲੇ ਕੁਝ ਸਾਲਾਂ ਤੋਂ ਮਨੁੱਖੀ ਅੰਗਾਂ ਦੀ ਤਸਕਰੀ ਦੇਸ਼ ਵਿੱਚ ਸਭ ਤੋਂ ਵੱਧ ਮੁਨਾਫ਼ੇ ਵਾਲੇ ਧੰਦੇ ਦਾ ਰੂਪ ਧਾਰਨ ਕਰ ਰਹੀ ਹੈ, ਕਿਉਂਕਿ ਇਸ ਦਾ ਨੈੱਟਵਰਕ ਦੇਸ਼-ਵਿਦੇਸ਼ ਵਿੱਚ ਫੈਲਿਆ ਹੋਇਆ ਹੈ, ਇਸ ਨੂੰ ਖ਼ਤਮ ਕਰਨਾ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ। ਹਰ ਰੋਜ਼ ਰਾਜ ਪੁਲਿਸ ਦੀਆਂ ਅਪਰਾਧ ਸ਼ਾਖਾਵਾਂ ਅੰਤਰਰਾਸ਼ਟਰੀ ਗਿਰੋਹਾਂ ਦਾ ਪਰਦਾਫਾਸ਼ ਕਰਦੀਆਂ ਰਹਿੰਦੀਆਂ ਹਨ। ਪਤਾ ਨਹੀਂ ਦੇਸ਼ ਵਿੱਚ ਹਰ ਰੋਜ਼ ਚੋਰੀ, ਧੋਖੇ ਅਤੇ ਮਜਬੂਰੀ ਦਾ ਫਾਇਦਾ ਉਠਾ ਕੇ ਕਿੰਨੀਆਂ ਘਟਨਾਵਾਂ ਵਾਪਰਦੀਆਂ ਹਨ, ਜੋ ਪੁਲਿਸ ਰਿਕਾਰਡ ਵਿੱਚ ਦਰਜ ਨਹੀਂ ਹੁੰਦੀਆਂ। ਅਜਿਹੀਆਂ ਘਟਨਾਵਾਂ ਨੂੰ ਰੋਕਣਾ ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਹੈ।

ਮਨੁੱਖੀ ਅੰਗਾਂ ਦੀ ਤਸਕਰੀ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਗਰੀਬ ਦੇਸ਼ਾਂ ਵਿੱਚ ਜ਼ਿਆਦਾ ਹੁੰਦੀ ਹੈ। ਵਿਕਸਤ ਦੇਸ਼ਾਂ ਦੇ ਮੁਕਾਬਲੇ ਆਰਥਿਕ ਤੌਰ ’ਤੇ ਕਮਜ਼ੋਰ ਦੇਸ਼ਾਂ ਵਿੱਚ ਮਨੁੱਖੀ ਅੰਗਾਂ ਦੀ ਤਸਕਰੀ ਆਸਾਨ ਹੈ। ਇਸ ਦਾ ਕਾਰਨ ਜਾਗਰੂਕਤਾ ਦੀ ਘਾਟ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਜਾਗਰੂਕਤਾ ਦੀ ਘਾਟ ਹੈ, ਗਰੀਬ ਲੋਕ ਪੈਸੇ ਦੇ ਲਾਲਚ ਕਾਰਨ ਅੰਗ ਤਸਕਰਾਂ ਦੇ ਜਾਲ ਵਿੱਚ ਫਸ ਜਾਂਦੇ ਹਨ। ਦੂਸਰਾ ਵੱਡਾ ਕਾਰਨ ਇਹ ਹੈ ਕਿ ਕਈ ਵਾਰ ਆਈ.ਸੀ.ਯੂ. ਵਿੱਚ ਦਾਖਲ ਵਿਅਕਤੀ ਦੇ ਨੇੜੇ ਕੋਈ ਵੀ ਨਹੀਂ ਹੁੰਦਾ, ਅਜਿਹੀ ਨਾਜ਼ੁਕ ਹਾਲਤ ਵਿੱਚ ਵੀ ਜੇਕਰ ਬੇਈਮਾਨ ਸਰਜਨ ਚੁੱਪ-ਚੁਪੀਤੇ ਜਿਗਰ, ਗੁਰਦਾ ਜਾਂ ਕੋਈ ਹੋਰ ਅੰਗ ਕੱਢ ਕੇ ਵੇਚ ਦਿੰਦਾ ਹੈ ਤਾਂ ਅਜਿਹਾ ਹੁੰਦਾ ਹੈ।

ਮਨੁੱਖੀ ਅੰਗਾਂ ਦੀ ਤਸਕਰੀ ਆਮ ਤੌਰ ’ਤੇ ਭ੍ਰਿਸ਼ਟ ਅਧਿਕਾਰੀਆਂ ਅਤੇ ਅਪਰਾਧਿਕ ਸਮੂਹਾਂ ਦੇ ਗਠਜੋੜ ’ਤੇ ਹੁੰਦੀ ਹੈ। ਇਸ ਵਿੱਚ ਵਿਚੋਲੇ ਦੀ ਭੂਮਿਕਾ ਵਿਸ਼ੇਸ਼ ਹੈ। ਬੇਸਹਾਰਾ ਲੋਕਾਂ ਨੂੰ ਲਾਲਚ ਦੇ ਕੇ ਜਾਂ ਕਿਸੇ ਬਿਮਾਰ ਵਿਅਕਤੀ ਦੇ ਇਲਾਜ ਦੇ ਨਾਂ ’ਤੇ ਸਰੀਰ ਦੇ ਉਹ ਅੰਗ ਕੱਢ ਦਿੱਤੇ ਜਾਂਦੇ ਹਨ ਜਿਸ ਨਾਲ ਤੁਰੰਤ ਮੌਤ ਨਹੀਂ ਹੁੰਦੀ। ਇਸ ਤੋਂ ਬਾਅਦ ਵਿਚੋਲਿਆਂ ਦੀ ਖੇਡ ਜਾਰੀ ਹੈ, ਜੋ ਇੱਕ ਅੰਗ ਲਈ ਵੀਹ ਲੱਖ ਤੋਂ ਕਰੋੜਾਂ ਰੁਪਏ ਦੀ ਮੰਗ ਕਰਦੇ ਹਨ। ਭਾਰਤ ਅਤੇ ਗੁਆਂਢੀ ਦੇਸ਼ਾਂ ਵਿੱਚ ਮਨੁੱਖੀ ਅੰਗਾਂ ਦੀ ਤਸਕਰੀ ਸਾਲਾਂ ਤੋਂ ਚੱਲ ਰਹੀ ਹੈ। ਨੇਪਾਲ, ਸ਼੍ਰੀਲੰਕਾ, ਭੂਟਾਨ, ਚੀਨ, ਪਾਕਿਸਤਾਨ ਅਤੇ ਬੰਗਲਾਦੇਸ਼ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਮਨੁੱਖੀ ਤਸਕਰੀ ਦਾ ਕਾਰੋਬਾਰ ਵੱਡੇ ਪੱਧਰ ’ਤੇ ਚੱਲਦਾ ਹੈ। ਇਹ ਗਿਰੋਹ ਹਰ ਮਹੀਨੇ ਕਰੋੜਾਂ ਰੁਪਏ ਕਮਾਉਂਦੇ ਹਨ।

(ਬਾਕੀ ਸਫ਼ਾ 30 ’ਤੇ)



# ਚੰਡੀਗੜ੍ਹ ਬਾਰੇ ਪੰਜਾਬ ਦੀਆਂ ਰਾਜਸੀ ਪਾਰਟੀਆਂ ਨੇ ਡਟਕੇ ਲਿਆ ਸਟੈਂਡ

## ਹਰਿਆਣਾ ਨੂੰ ਜ਼ਮੀਨ ਦੇਣ ਦੇ ਮਾਮਲੇ ਵਿੱਚ ਬੋਲੇ ਰਾਜਪਾਲ-'ਚੰਡੀਗੜ੍ਹ ਵਿੱਚ ਅਲਾਟ ਨਹੀਂ ਹੋਈ ਜ਼ਮੀਨ'

### ਖ਼ਤਰਾ ਅਜੇ ਟਲਿਆ ਨਹੀਂ, ਕੇਂਦਰ ਸਰਕਾਰ ਨਿਭਾ ਰਹੀ ਹੈ ਪੰਜਾਬ ਵਿਰੋਧੀ ਭੂਮਿਕਾ



ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਲਈ ਬਦਲਵੀਂ ਜਗ੍ਹਾ ਦੇਣ ਦੀ ਤਜਵੀਜ਼ ਨੂੰ ਲੈ ਕੇ ਪੰਜਾਬ ਦੇ ਸਿਆਸੀ ਹਲਕਿਆਂ ਦਾ ਜਿਸ ਕਿਸਮ ਦਾ ਵਿਵਾਦ ਸਾਹਮਣੇ ਆਇਆ ਹੈ, ਉਸ ਦੀ ਪਹਿਲਾਂ ਹੀ ਆਸ ਕੀਤੀ ਜਾ ਰਹੀ ਸੀ ਕਿ ਮੋਦੀ ਸਰਕਾਰ ਪੰਜਾਬ ਨਾਲ ਇਨਸਾਫ਼ ਨਹੀਂ ਕਰੇਗੀ। ਉਸ ਦੀ ਨੀਤੀ ਪੰਜਾਬ ਪ੍ਰਤੀ ਕਾਂਗਰਸ ਸਰਕਾਰ ਵਰਗੀ ਹੈ। ਕਾਂਗਰਸ ਰਾਜ ਵੇਲੇ ਵੀ ਪੰਜਾਬ ਨਾਲ ਘੱਟ ਧੱਕੇ ਨਹੀਂ ਹੋਏ। ਪਹਿਲਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਦੇਸ਼ ਵਿੱਚ ਭਾਸ਼ਾਈ ਰਾਜ ਬਣਾਉਣ ਦਾ ਅਸੂਲ ਮੰਨਣ ਦੇ ਬਾਵਜੂਦ ਪੰਜਾਬੀ ਭਾਸ਼ਾ ਦੇ ਅਧਾਰ 'ਤੇ ਰਾਜ ਬਣਾਉਣ ਤੋਂ ਸ਼ਰੇਆਮ ਇਨਕਾਰ ਕੀਤਾ, ਫਿਰ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1966 ਵਿੱਚ ਪੰਜਾਬੀ ਸੂਬਾ ਬਣਾਇਆ ਤਾਂ ਵੀ ਪੰਜਾਬ ਪੁਨਰਗਠਨ ਐਕਟ ਵਿੱਚ ਅਲੋਕਾਰ ਧਾਰਾਵਾਂ 78, 79, 80 ਪਾ ਦਿੱਤੀਆਂ, ਜੋ ਕਿਸੇ ਵੀ ਹੋਰ ਰਾਜ ਦੇ ਪੁਨਰਗਠਨ ਵੇਲੇ ਨਹੀਂ ਪਾਈਆਂ ਗਈਆਂ, ਜਿਸ ਨਾਲ ਪੰਜਾਬ ਦੀ ਰਾਜਧਾਨੀ, ਪੰਜਾਬ ਦੇ ਪਾਣੀ ਤੇ ਡੈਮ ਅਤੇ ਹੋਰ ਕਈ ਕੁਝ ਪੰਜਾਬ ਨੂੰ ਦੇਣ ਤੋਂ ਰੋਕ ਲਿਆ ਗਿਆ। ਪੰਜਾਬ ਦੇ ਹੱਕਾਂ ਉੱਪਰ ਡਾਕਾ ਮਾਰਿਆ ਗਿਆ।

29 ਅਗਸਤ, 2023 ਨੂੰ ਸੁਪਰੀਮ ਕੋਰਟ ਨੇ ਵੀ ਪੰਜਾਬ ਨਾਲ ਵਿਤਕਰਾ ਕੀਤਾ ਸੀ। ਸੁਪਰੀਮ ਕੋਰਟ ਦੇ ਤਤਕਾਲੀ ਮੁੱਖ ਜੱਜ ਡੀ.ਵਾਈ. ਚੰਦਰਚੂੜ ਨੇ ਧਾਰਾ 370 ਸੰਬੰਧੀ ਸੁਣਵਾਈ ਕਰਦਿਆਂ ਇਹ ਟਿੱਪਣੀ ਕੀਤੀ ਸੀ ਕਿ ਚੰਡੀਗੜ੍ਹ ਨੂੰ ਆਰਜ਼ੀ ਤੌਰ 'ਤੇ ਕੇਂਦਰੀ ਪ੍ਰਦੇਸ਼ (ਯੂ.ਟੀ.) ਬਣਾਇਆ ਗਿਆ ਸੀ ਅਤੇ ਹੁਣ ਵੀ ਯੂ.ਟੀ. ਹੀ ਹੈ। ਵੈਸੇ ਅਫ਼ਸੋਸ ਹੈ ਕਿ ਮੁੱਖ ਜੱਜ ਨੂੰ ਪੰਜਾਬ ਨਾਲ ਬੇਇਨਸਾਫ਼ੀ ਦਾ ਅਹਿਸਾਸ ਹੁੰਦਿਆਂ ਵੀ ਉਨ੍ਹਾਂ ਨੇ ਮਾਮਲੇ 'ਤੇ ਸੋਹੋ-ਮੋਟੋ ਐਕਸ਼ਨ ਲੈਣ ਦੀ ਲੋੜ ਨਹੀਂ ਸਮਝੀ। ਇਹ ਟਿੱਪਣੀ ਪੰਜਾਬ ਨਾਲ ਵੱਡੀ ਬੇਇਨਸਾਫ਼ੀ ਸੀ।

**ਪ੍ਰਧਾਨ ਮੰਤਰੀ ਮੋਦੀ ਕਿਉਂ ਨਹੀਂ ਪੰਜਾਬ ਨਾਲ ਨਿਆਂ ਕਰਦੇ**

ਬੜੀ ਹੈਰਾਨੀ ਦੀ ਗੱਲ ਹੈ ਕਿ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬੀਆਂ ਤੇ ਸਿੱਖਾਂ ਨਾਲ ਬਹੁਤ ਹੇਜ ਜਤਾਉਂਦੇ ਹਨ ਅਤੇ ਉਹ ਸਿਰਫ਼ ਸਿੱਖਾਂ ਤੇ ਪੰਜਾਬੀਆਂ ਨੂੰ ਖ਼ੁਸ਼ ਕਰਨ ਲਈ ਭਾਵਨਾਤਮਕ ਕੰਮ ਤਾਂ ਕਰਦੇ ਹਨ ਪਰ ਅਮਲੀ ਤੌਰ 'ਤੇ ਉਨ੍ਹਾਂ ਦੀ ਪਹੁੰਚ ਪੰਜਾਬ ਤੇ ਸਿੱਖ ਵਿਰੋਧੀ ਹੀ ਦਿਖਾਈ ਦਿੰਦੀ ਹੈ, ਉਨ੍ਹਾਂ ਨੇ ਵੀ ਕਾਂਗਰਸ ਸਰਕਾਰਾਂ ਵਲੋਂ ਕੀਤੀ ਬੇਇਨਸਾਫ਼ੀ ਨੂੰ ਠੀਕ ਕਰਨ ਦਾ ਕੋਈ ਯਤਨ ਨਹੀਂ ਕੀਤਾ। ਉਹਨਾਂ ਸਿੱਖ ਪੰਥ ਨਾਲ ਵੀ ਇਨਸਾਫ਼ ਨਹੀਂ ਕੀਤਾ, ਸਗੋਂ ਨਵੇਂ ਧੱਕੇ ਕੀਤੇ ਹਨ।

ਖ਼ਾਸ ਕਰਕੇ ਚੰਡੀਗੜ੍ਹ ਦੀ ਗੱਲ ਕਰੀਏ ਤਾਂ ਮੋਦੀ ਸਰਕਾਰ ਨੇ ਚੰਡੀਗੜ੍ਹ ਬਾਰੇ ਜੋ ਪਹਿਲਾ ਹੁਕਮ ਜਾਰੀ ਕੀਤਾ ਸੀ, ਉਹ ਚੰਡੀਗੜ੍ਹ ਨੂੰ ਪੰਜਾਬ ਦੇ ਹੱਥੋਂ ਖੋਹ ਕੇ ਪੱਕੇ ਤੌਰ 'ਤੇ ਯੂ.ਟੀ. ਬਣਾਉਣ ਦੀ ਕੋਸ਼ਿਸ਼ ਸੀ। ਉਨ੍ਹਾਂ ਨੇ ਚੰਡੀਗੜ੍ਹ ਦਾ ਪ੍ਰਸ਼ਾਸਨ ਜੋ ਹੁਣ ਵੀ ਪੰਜਾਬ ਦੇ ਗਵਰਨਰ ਕੋਲ ਹੈ, ਨੂੰ ਖ਼ਤਮ ਕਰਨ ਲਈ ਅਗਸਤ 2016 ਵਿੱਚ ਇੱਕ ਆਈ.ਏ.ਐਸ. ਕੇ.ਜੇ. ਅਲਫ਼ੌਂਸ ਨੂੰ ਚੰਡੀਗੜ੍ਹ ਦਾ ਪ੍ਰਸ਼ਾਸਕ ਲਾਉਣ ਦਾ ਫ਼ੈਸਲਾ ਲਿਆ ਸੀ, ਜਿਸ ਨੂੰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਦੇ ਵਿਰੋਧ ਕਾਰਨ ਅਹੁਦਾ ਛੱਡਣਾ ਪਿਆ ਸੀ। ਜੇ ਇਹ ਹੋ ਜਾਂਦਾ ਤਾਂ ਚੰਡੀਗੜ੍ਹ ਵੀ ਦਾਦਰਾ-ਨਗਰ ਹਵੇਲੀ, ਦਮਨ, ਦੀਊ ਤੇ ਲਕਸ਼ਦੀਪ ਵਾਂਗ ਹੀ ਇਕ ਪੱਕਾ ਕੇਂਦਰ ਪ੍ਰਸ਼ਾਸਤ ਖੇਤਰ ਬਣ ਜਾਂਦਾ। ਭਾਜਪਾ ਸਰਕਾਰ ਨੇ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਖ਼ਤਮ ਕਰਨ ਲਈ ਦੂਸਰਾ ਹਮਲਾ ਇਹ ਕੀਤਾ ਕਿ ਚੰਡੀਗੜ੍ਹ ਦੇ ਕਰਮਚਾਰੀਆਂ ਜਿਨ੍ਹਾਂ 'ਤੇ ਪੰਜਾਬ ਦੇ ਗਰੇਡ ਲਾਗੂ ਹੁੰਦੇ ਸਨ, ਉਪਰ ਯੂ.ਟੀ. ਗਰੇਡ ਭਾਵ ਕੇਂਦਰੀ ਗਰੇਡ ਲਾਗੂ ਕਰ ਦਿੱਤੇ, ਜਿਸ ਦਾ ਕਰਮਚਾਰੀਆਂ ਨੂੰ ਤਾਂ ਫ਼ਾਇਦਾ ਹੈ ਪਰ ਉਹ ਹੁਣ ਕਦੋਂ ਚਾਹੁਣਗੇ ਕਿ ਚੰਡੀਗੜ੍ਹ ਕਦੇ ਪੰਜਾਬ ਨੂੰ ਮਿਲੇ। ਫਿਰ ਕਾਂਗਰਸ ਸਰਕਾਰਾਂ ਵੇਲੇ ਕਿਸੇ ਹੱਦ ਤੱਕ ਮੰਨੇ ਜਾ ਰਹੇ 60 : 40 ਦੇ ਅਨੁਪਾਤ ਨੂੰ ਵੀ ਭਾਜਪਾ ਸਰਕਾਰ ਨੇ ਖ਼ਤਮ ਕਰ ਦਿੱਤਾ। ਹੁਣ ਬਹੁਤੇ ਕਰਮਚਾਰੀ ਯੂ.ਟੀ. ਕੇਡਰ ਤੋਂ ਆ ਰਹੇ ਹਨ ਤੇ ਉਹ ਬਹੁਤੇ ਗ਼ੈਰ-ਪੰਜਾਬੀ ਹੀ ਹੁੰਦੇ ਹਨ। ਵੈਸੇ ਇੱਕ ਅਸੂਲ ਹੈ ਕਿ ਕਿਸੇ ਵੀ ਭਾਈਵਾਲੀ (ਪਾਰਟਨਰਸ਼ਿਪ) ਵਿੱਚ 51 ਫ਼ੀਸਦੀ ਜਾਂ ਵੱਧ ਦੇ ਹਿੱਸੇਦਾਰ ਦੀ ਮਰਜ਼ੀ ਹੀ ਚਲਦੀ ਹੈ

(ਬਾਕੀ ਸਫ਼ਾ 31 'ਤੇ)

## ਹੁਣ ਪੰਜਾਬ ਦੀਆਂ ਸਿਆਸੀ ਜਥੇਬੰਦੀਆਂ ਕੀ ਕਰਨ ?

ਸਭ ਤੋਂ ਵੱਡਾ ਸਵਾਲ ਹੈ ਕਿ ਇਸ ਸਥਿਤੀ ਵਿੱਚ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਕੀ ਕਰਨ ? ਵੈਸੇ ਤਾਂ ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਭ ਤੋਂ ਵੱਡੀ ਲੋੜ, ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਤੇ 80 ਖ਼ਤਮ ਕਰਵਾਉਣਾ ਹੈ। ਇਸ ਤੋਂ ਬਿਨਾਂ ਤਾਂ ਇਹ ਹੱਲ ਹੋ ਵੀ ਨਹੀਂ ਸਕਦੀਆਂ। ਇਸ ਲਈ ਪੰਜਾਬ ਨੂੰ ਅਦਾਲਤੀ ਰਸਤਿਆਂ ਦੇ ਨਾਲ-ਨਾਲ ਸਮੁੱਚੇ ਪੰਜਾਬੀਆਂ ਨੂੰ ਨਾਲ ਲੈ ਕੇ ਧਰਮ ਆਧਾਰਿਤ ਨਹੀਂ, ਸਗੋਂ ਪੰਜਾਬੀਅਤ ਆਧਾਰਿਤ ਸ਼ਾਂਤੀਪੂਰਵਕ ਜੱਦੋਜਹਿਦ ਦੀ ਰਣਨੀਤੀ ਬਣਾਉਣੀ ਪਵੇਗੀ ਪਰ ਫ਼ੌਰੀ ਤੌਰ 'ਤੇ ਸਾਹਮਣੇ ਖੜ੍ਹੀ ਮੁਸ਼ਕਿਲ ਕਿ ਹਰਿਆਣਾ ਨੂੰ ਚੰਡੀਗੜ੍ਹ ਵਿੱਚ 10 ਏਕੜ ਜਗ੍ਹਾ ਅਲਾਟ ਕਰਕੇ ਉਸ ਨੂੰ ਪੱਕੇ ਤੌਰ 'ਤੇ ਚੰਡੀਗੜ੍ਹ ਵਿੱਚ ਹੱਕਦਾਰ ਬਣਾਉਣ ਅਤੇ ਚੰਡੀਗੜ੍ਹ ਨੂੰ ਪੱਕੇ ਤੌਰ 'ਤੇ ਯੂ.ਟੀ. ਬਣਾਉਣ ਦੀ ਸਾਜ਼ਿਸ਼ ਦਾ ਵਿਰੋਧ ਕਰਨ ਲਈ ਸਾਰੇ 20 ਪੰਜਾਬੀ ਅਤੇ 21ਵੇਂ ਚੰਡੀਗੜ੍ਹ ਦੇ ਐੱਮ.ਪੀ., ਪੰਜਾਬ ਦੇ ਮੁੱਖ ਮੰਤਰੀ ਅਤੇ ਪ੍ਰਮੁੱਖ ਵਿਰੋਧੀ ਪਾਰਟੀਆਂ ਦੇ ਪ੍ਰਧਾਨਾਂ ਨੂੰ ਕੇਂਦਰ ਦੇ ਇਸ ਫ਼ੈਸਲੇ ਨੂੰ ਰੱਦ ਕਰਵਾਉਣ ਲਈ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਦੇਣਾ ਚਾਹੀਦਾ ਹੈ। ਜੇਕਰ ਕੇਂਦਰ ਸਰਕਾਰ ਆਪਣੇ ਫ਼ੈਸਲੇ ਨੂੰ ਬਦਲਣ ਲਈ ਤਿਆਰ ਨਹੀਂ ਹੁੰਦੀ ਤਾਂ ਪ੍ਰਧਾਨ ਮੰਤਰੀ ਦੇ ਨਿਵਾਸ ਅੱਗੇ ਧਰਨਾ ਤੇ ਭੁੱਖ ਹੜਤਾਲ 'ਤੇ ਬੈਠ ਜਾਣਾ ਚਾਹੀਦਾ ਹੈ। ਲੋਕਤੰਤਰ ਦਾ ਯੁੱਗ ਹੈ, ਕੇਂਦਰ ਸਰਕਾਰ ਦੀ ਹਿੰਮਤ ਨਹੀਂ ਹੋ ਸਕਦੀ ਕਿ ਉਹ ਲੋਕਾਂ ਦੇ ਚੁਣੇ ਪ੍ਰਤੀਨਿਧਾਂ ਦੀ ਏਕਤਾ ਨੂੰ ਜ਼ਿਆਦਾ ਸਮਾਂ ਅਣਗੌਲਿਆ ਕਰ ਸਕੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**










# ਗੈਂਗਸਟਰਾਂ ਦਾ ਅੱਡਾ ਬਣੀ ਰਾਜਧਾਨੀ ਦਿੱਲੀ ਤੇ ਪੰਜਾਬ ਸਟੇਟ

## 700 ਤੋਂ ਵੱਧ ਸ਼ੂਟਰਾਂ ਵਾਲਾ ਗਿਰੋਹ ਲਾਰੈਂਸ ਬਿਸ਼ਨੋਈ ਦੇਸ਼ਾਂ-ਵਿਦੇਸ਼ਾਂ ਵਿੱਚ ਸਰਗਰਮ

### ਫ਼ਿਰੋਜ਼ਪੁਰ 'ਚ ਖਿਡੌਣਿਆਂ ਨਾਲੋਂ ਵੱਧ ਸਪਲਾਈ ਹੁੰਦੇ ਹਨ ਨਾਜਾਇਜ਼ ਹਥਿਆਰ

### ਕੈਨੇਡਾ 'ਚ ਅਰਸ਼ ਡੱਲਾ ਨੂੰ ਨਹੀਂ ਮਿਲੀ ਜ਼ਮਾਨਤ-ਟਰੂਡੋ ਸਰਕਾਰ ਅਜੇ ਚੁੱਪ







ਭਾਰਤ ਦੀ ਰਾਜਧਾਨੀ ਦਿੱਲੀ ਤੇ ਸਟੇਟ ਪੰਜਾਬ ਅਪਰਾਧਿਕ ਗਿਰੋਹਾਂ ਦਾ ਅੱਡਾ ਬਣ ਗਏ ਹਨ ਤੇ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਇਸ ਰਾਜਧਾਨੀ ਦਾ ਹਰ ਦੂਜਾ ਜਾਂ ਤੀਜਾ ਵਿਅਕਤੀ ਕਿਸੇ ਨਾ ਕਿਸੇ ਗਿਰੋਹ ਦਾ ਸ਼ੂਟਰ ਹੋਵੇ। ਰੋਜ਼ਾਨਾ ਅਖ਼ਬਾਰ ਵਿੱਚ ਨਵੇਂ ਗੈਂਗ ਤੇ ਗੈਂਗਸਟਰ ਦਾ ਨਾਂਅ ਛਪਦਾ ਹੈ ਤੇ ਕਿਸੇ ਕੰਪਨੀ ਦੀ ਪ੍ਰੋਫ਼ਾਈਲ ਦੀ ਤਰ੍ਹਾਂ ਛਪਣ ਵਾਲੇ ਉਸ ਦੇ ਪ੍ਰੋਫ਼ਾਈਲ ਵਿੱਚ ਦੱਸਿਆ ਜਾਂਦਾ ਹੈ ਕਿ ਉਸ ਗੈਂਗਸਟਰ ਨੇ ਕਿਹੜੇ-ਕਿਹੜੇ ਕਾਰਨਾਮੇ ਕੀਤੇ ਹਨ, ਉਸ 'ਤੇ ਕਿੰਨੇ ਮੁਕੱਦਮੇ ਹਨ, ਉਹ ਇਸ ਸਮੇਂ ਕਿਹੜੀ ਜੇਲ੍ਹ ਵਿੱਚ ਜਾਂ ਕਿਸ ਦੇਸ਼ ਵਿੱਚ ਹੈ ਅਤੇ ਉਸ ਕੋਲ ਕਿੰਨੇ ਸ਼ੂਟਰ ਹਨ, ਜੋ ਉਸ ਦੇ ਇੱਕ ਇਸ਼ਾਰੇ 'ਤੇ ਕਿਸੇ 'ਤੇ ਵੀ ਗੋਲੀ ਚਲਾ ਸਕਦੇ ਹਨ। ਇਸ ਸਮੇਂ ਇੱਕ 700 ਤੋਂ ਵੱਧ ਸ਼ੂਟਰਾਂ ਵਾਲਾ ਗਿਰੋਹ ਲਾਰੰਸ ਬਿਸ਼ਨੋਈ ਸਭ ਤੋਂ ਵੱਡਾ ਗੈਂਗ ਹੈ, ਪਰ 100-200 ਸ਼ੂਟਰਾਂ ਵਾਲੇ ਵੀ ਕਈ ਗਿਰੋਹ ਹਨ। ਕੈਨੇਡਾ ਸਰਕਾਰ ਲਾਰੰਸ ਬਿਸ਼ਨੋਈ ਗੈਂਗ ਉੱਪਰ ਇਹ ਦੋਸ਼ ਲਗਾ ਚੁੱਕੀ ਹੈ ਕਿ ਇਹ ਸਰਕਾਰੀ ਗੈਂਗ ਹੈ ਜਿਸ ਦੀ ਪੁਸ਼ਤ ਪੁਨਾਹੀ ਭਾਰਤ ਸਰਕਾਰ ਕਰ ਰਹੀ ਹੈ। ਇਸ ਗੈਂਗ ਉੱਪਰ ਕੈਨੇਡਾ ਵਿੱਚ ਕਤਲ ਕਰਨ ਤੇ ਵਾਰਦਾਤਾਂ ਕਰਨ ਦੇ ਇਲਜ਼ਾਮ ਹਨ। ਖ਼ਾਲਿਸਤਾਨੀ ਹਰਦੀਪ ਸਿੰਘ ਨਿਝਰ ਕਤਲ ਕਾਂਡ ਦਾ ਦੋਸ਼ ਇਸੇ ਗੈਂਗ ਉੱਪਰ ਲੱਗਿਆ ਹੈ। ਰਾਜਧਾਨੀ ਦਿੱਲੀ ਤੇ ਪੰਜਾਬ ਸਟੇਟ ਵਿੱਚ ਲਗਭਗ ਹਰ ਦਿਨ ਕਿਤੇ ਗੋਲੀ ਚੱਲਣ ਤੇ ਕਿਤੇ ਵਸੂਲੀ ਦੀ ਧਮਕੀ ਦਿੱਤੇ ਜਾਣ ਦਾ ਖ਼ਬਰ ਆ ਰਹੀ ਹੈ। ਪਤਾ ਨਹੀਂ ਅਸਲੀ ਬੌਸ ਭਾਵ ਗੈਂਗਸਟਰ ਨੂੰ ਪਤਾ ਵੀ ਹੋਵੇ ਜਾਂ ਨਹੀਂ, ਪਰ ਉਸ ਦੇ ਨਾਂਅ 'ਤੇ ਲੋਕਾਂ ਨੂੰ ਧਮਕੀਆਂ ਭਰੇ ਫ਼ੋਨ ਕੀਤੇ ਜਾ ਰਹੇ ਹਨ। ਅਜਿਹਾ ਵੀ ਹੁੰਦਾ ਹੈ ਕਿ ਆਪਣਾ ਨਾਂਅ ਬਣਾਉਣ ਦੇ ਚੱਕਰ ਵਿੱਚ ਕਿਸੇ ਨਾ ਕਿਸੇ 'ਤੇ ਗੋਲੀ ਚਲਾ ਦਿੱਤੀ ਜਾਂਦੀ ਹੈ ਜਾਂ ਕਤਲ ਕਰ ਦਿੱਤਾ ਜਾਂਦਾ ਹੈ। ਬਾਅਦ ਵਿੱਚ ਕੋਈ ਵੱਡਾ ਗੈਂਗਸਟਰ ਇਸ ਦੀ ਜ਼ਿੰਮੇਵਾਰੀ ਲੈ ਲੈਂਦਾ ਹੈ।

ਇਹ ਨੌਜਵਾਨ ਦੇਸੀ ਅਸਲਾ ਆਪਣੇ ਕੋਲ ਰੱਖ ਕੇ ਆਪਣੇ ਬੇਹੱਦ ਤਾਕਤਵਰ ਹੋਣ 'ਤੇ ਆਪਣੇ ਇਲਾਕੇ ਦਾ 'ਦਾਦਾ' ਹੋਣ ਦਾ ਭਰਮ ਪਾਲ਼ ਲੈਂਦੇ ਹਨ। ਫ਼ਿਰੋਜ਼ਪੁਰ ਵਿੱਚ ਨਾਜਾਇਜ਼ ਅਸਲੇ ਦਾ ਆਲਮ ਇਹ ਹੈ ਕਿ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਉੱਚ ਕੁਆਲਟੀ ਦੇ ਨਾਜਾਇਜ਼ ਪਿਸਟਲ ਖਿਡੌਣਿਆਂ ਨਾਲੋਂ ਵੀ ਵੱਧ ਸਪਲਾਈ ਹੋ ਰਹੇ ਹਨ, ਜੋ ਕਦੇ ਕਦੇ ਪੁਲਿਸ ਚੈਕਿੰਗ ਦੌਰਾਨ ਪੁਲਿਸ ਦੇ ਅੜਿੱਕੇ ਵੀ ਚੜ੍ਹ ਜਾਂਦੇ ਹਨ। ਅਜਿਹਾ ਹੀ ਇੱਕ ਮਾਮਲਾ ਜ਼ਿਲ੍ਹੇ ਦੇ ਕਸਬਾ ਤਲਵੰਡੀ ਭਾਈ ਵਿਖੇ ਸਾਹਮਣੇ ਆਇਆ ਸੀ, ਜਿਥੇ ਫ਼ਿਰੋਜ਼ਪੁਰ ਲੁਧਿਆਣਾ ਹਾਈਵੇ 'ਤੇ ਮੁੱਖ ਚੌਂਕ ਵਿੱਚ ਲੱਗੇ ਨਾਕੇ ਦੌਰਾਨ ਪੁਲਿਸ ਨੇ 11 ਪਿਸਟਲ ਅਤੇ 7 ਮੈਗਜ਼ੀਨ ਬਰਾਮਦ ਕੀਤੇ ਸਨ।

ਮੋਗਾ ਪੁਲਿਸ ਨੇ ਗੈਂਗਸਟਰ ਦਲਵੀਰ ਸਿੰਘ ਨਿਵਾਸੀ ਪਿੰਡ ਚੜਿੱਕ ਜੋ ਕੈਨੇਡਾ ਰਹਿੰਦਾ ਹੈ, ਦੇ ਗਿਰੋਹ ਨਾਲ ਸਬੰਧਿਤ 5 ਮੈਂਬਰਾਂ ਅਰਸ਼ਦੀਪ ਸਿੰਘ ਅਰਸ਼, ਗੁਰਜੀਤ ਸਿੰਘ ਜੱਗਾ, ਹਰਦੀਪ ਸਿੰਘ ਹਨੀ, ਕੁਲਦੀਪ ਸਿੰਘ ਲੱਡੂ, ਗਿਰਦੌਰ ਸਿੰਘ ਨੂੰ ਕਾਬੂ ਕਰ ਕੇ ਫਿਰੌਤੀ ਦੇ 1 ਲੱਖ 90 ਹਜ਼ਾਰ ਰੁਪਏ ਦੇ ਇਲਾਵਾ 4 ਫ਼ੋਨ ਬਰਾਮਦ ਕੀਤੇ ਗਏ ਸਨ।

ਇਥੇ ਜ਼ਿਕਰਯੋਗ ਹੈ ਕਿ ਦੋ ਕੁ ਸਾਲ ਪਹਿਲਾਂ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 70 ਦੇ ਲਗਭਗ ਗਿਰੋਹ ਸਰਗਰਮ ਸਨ ਜੋ ਅਗਵਾ, ਕਤਲਾਂ, ਲੁੱਟਾਂ-ਖੋਹਾਂ ਤੇ ਫਿਰੌਤੀਆਂ ਵਸੂਲਣ ਜਿਹੇ ਅਪਰਾਧਾਂ ਵਿੱਚ ਸ਼ਾਮਲ ਰਹੇ ਹਨ। ਸੈਂਕੜੇ ਗ੍ਰਿਫ਼ਤਾਰੀਆਂ ਤੋਂ ਬਾਵਜੂਦ ਇਨ੍ਹਾਂ ਵਿਚੋਂ ਬਹੁਤ ਸਾਰੇ ਗੈਂਗ ਹਾਲੇ ਵੀ ਪੰਜਾਬ ਵਿੱਚ ਸਰਗਰਮ ਹਨ। ਬਹੁਤ ਸਾਰੇ ਸਮਰੱਥ ਗੈਂਗਸਟਰ ਹੁਣ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵਿੱਚ ਜਾ ਕੇ ਵਸ ਗਏ ਹਨ ਤੇ ਉੱਥੋਂ ਹੀ ਆਪਣੇ ਗਿਰੋਹ ਚਲਾ ਰਹੇ ਹਨ। ਇਹ ਸਮਾਜ ਵਿਰੋਧੀ ਅਨਸਰ ਸੋਸ਼ਲ ਮੀਡੀਆ ਦੀ ਡਟ ਕੇ ਦੁਰਵਰਤੋਂ ਕਰ ਰਹੇ ਹਨ। ਉਹ ਸ਼ਰੇਆਮ ਸੁਪਾਰੀ ਲੈ ਕੇ ਕਤਲ ਕਰਵਾਉਂਦੇ ਹਨ। ਬੀਤੇ ਕੁਝ ਸਮੇਂ ਦੌਰਾਨ ਪੰਜਾਬ ਵਿੱਚ ਭਾਵੇਂ ਗੈਂਗਸਟਰਾਂ ਵਿਰੁੱਧ ਵੱਡੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਹਾਲੇ ਵੀ ਜਾਰੀ ਹਨ। ਕੈਨੇਡਾ ਵਿੱਚ ਰਹਿੰਦੇ ਗੋਲਡੀ ਬਰਾੜ ਜਿਹੇ ਗੈਂਗਸਟਰ 'ਤੇ ਸਿੱਧੂ ਮੂਸੇਵਾਲਾ ਤੇ ਡੇਰਾ ਸੱਚਾ ਸੌਦਾ ਦੇ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲਾਂ ਸਮੇਤ 50 ਤੋਂ ਵੱਧ ਹੋਰ ਸੰਗੀਨ ਕਿਸਮ ਦੇ ਅਪਰਾਧਾਂ ਦੇ ਦੋਸ਼ ਹਨ। ਸਾਲ 2019 ਵਿੱਚ ਜਦੋਂ ਉਹ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਗਿਆ ਸੀ ਤਦ ਉਸ ਖ਼ਿਲਾਫ਼ ਕੋਈ ਵੀ ਮਾਮਲਾ ਨਹੀਂ ਸੀ ਪਰ ਉੱਥੇ ਜਾ ਕੇ ਉਹ ਅਪਰਾਧ ਜਗਤ ਦੇ ਢਹੇ ਚੜ੍ਹ ਗਿਆ।

ਲਾਰੈਂਸ ਬਿਸ਼ਨੋਈ ਭਾਵੇਂ ਜੇਲ੍ਹ ਵਿੱਚ ਹੋਵੇ ਪਰ ਉਹ ਆਪਣੇ ਗੈਂਗ ਨਾਲ ਲਗਾਤਾਰ ਸੰਪਰਕ ਵਿੱਚ ਰਹਿੰਦਾ ਹੈ। ਮੰਨਿਆ ਜਾਂਦਾ ਹੈ ਕਿ ਦੁਨੀਆਂ ਭਰ ਵਿੱਚ ਜਿੱਥੇ ਵੀ ਭਾਰਤੀ ਨੌਜਵਾਨ ਹਨ, ਉੱਥੇ ਲਾਰੈਂਸ ਬਿਸ਼ਨੋਈ ਗੈਂਗ ਦਾ ਨੈੱਟਵਰਕ ਹੈ। ਬਿਸ਼ਨੋਈ ਗੈਂਗ ਨੇ ਹਾਲ ਹੀ ਵਿੱਚ ਐਨ.ਸੀ.ਪੀ. ਆਗੂ ਬਾਬਾ ਸਿੱਦੀਕੀ ਦੇ ਕਤਲ ਦੀ ਜ਼ਿੰਮੇਵਾਰੀ ਵੀ ਲਈ ਸੀ। ਇਸ ਦੌਰਾਨ ਲਾਰੈਂਸ ਬਿਸ਼ਨੋਈ ਦੇ ਚਚੇਰੇ ਭਰਾ ਨੇ ਉਸ ਬਾਰੇ ਹੈਰਾਨ ਕਰਨ ਵਾਲਾ ਖ਼ੁਲਾਸਾ ਕੀਤਾ ਹੈ।

ਗੈਂਗਸਟਰ ਦਾ ਪਰਿਵਾਰ ਹਰ ਸਾਲ ਉਸ 'ਤੇ 35 ਤੋਂ 40 ਲੱਖ ਰੁਪਏ ਖ਼ਰਚ ਕਰਦਾ ਹੈ। 50 ਸਾਲਾ ਰਮੇਸ਼ ਬਿਸ਼ਨੋਈ ਨੇ ਆਪਣੇ ਚਚੇਰੇ ਭਰਾ ਨਾਲ ਜੁੜੀਆਂ ਕਈ ਗੱਲਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਸੀ ਕਿ ਜਦੋਂ ਲਾਰੈਂਸ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਦਾ ਸੀ ਤਾਂ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਸੀ ਕਿ ਉਹ ਬਾਅਦ ਵਿੱਚ ਗੈਂਗਸਟਰ ਬਣ ਜਾਵੇਗਾ। ਲਾਰੈਂਸ ਹਮੇਸ਼ਾ ਮਹਿੰਗੇ ਕੱਪੜੇ ਅਤੇ ਜੁੱਤੇ ਪਹਿਨਦਾ ਸੀ। ਅੱਜ ਵੀ ਜਦੋਂ ਉਹ ਜੇਲ੍ਹ ਵਿੱਚ ਹੈ ਤਾਂ ਉਸ ਦਾ ਪਰਿਵਾਰ ਉਸ ਦੀ ਦੇਖਭਾਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦਾ। 'ਦ ਡੇਲੀ ਗਾਰਡੀਅਨ' ਦੀ ਰਿਪੋਰਟ ਮੁਤਾਬਕ ਰਮੇਸ਼ ਨੇ ਦੱਸਿਆ ਕਿ ਜੇਲ੍ਹ ਵਿੱਚ ਬੰਦ ਲਾਰੈਂਸ ਦਾ ਪਰਿਵਾਰ ਹਰ ਸਾਲ ਉਸ 'ਤੇ ਕਰੀਬ 40 ਲੱਖ ਰੁਪਏ ਖ਼ਰਚ ਕਰਦਾ ਹੈ।

ਪੰਜਾਬ ਦੇ ਫਿਰੋਜ਼ਪੁਰ ਵਿੱਚ ਜਨਮੇ ਲਾਰੈਂਸ ਬਿਸ਼ਨੋਈ ਦਾ ਅਸਲੀ ਨਾਂ ਬਲਕਰਨ ਬਰਾੜ ਹੈ।

ਅੱਜ ਕੱਲ੍ਹ ਕੈਨੇਡਾ ਵਿੱਚ ਅਰਸ਼ ਡੱਲਾ ਮੋਗਾ ਜ਼ਿਲ੍ਹੇ ਦਾ ਰਹਿਣ ਵਾਲਾ ਬਹੁਤ ਮਸ਼ਹੂਰ ਹੈ। ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਅਰਸ਼ ਡੱਲਾ ਹੁਣ ਕੈਨੇਡਾ ਵਿੱਚ ਹੈ ਜੋ ਪੰਜਾਬ ਵਿੱਚ ਖ਼ਾਲਿਸਤਾਨੀਆਂ ਨਾਲ ਮਿਲਕੇ ਵਾਰਦਾਤਾਂ ਕਰਾ ਰਿਹਾ ਹੈ। ਭਾਰਤੀ ਮੀਡੀਆ ਨੇ ਦਾਅਵਾ ਕੀਤਾ ਸੀ ਕਿ ਕੈਨੇਡਾ ਵਿੱਚ ਉਸ ਦੀ ਗ੍ਰਿਫ਼ਤਾਰ ਹੋਈ ਹੈ, ਪਰ ਕੈਨੇਡਾ ਸਰਕਾਰ ਨੇ ਇਸ ਬਾਰੇ ਕੋਈ ਉਘ ਸੁਘ ਨਹੀਂ ਕੱਢੀ। ਦੱਸਿਆ ਜਾਂਦਾ ਹੈ ਕਿ ਕੈਨੇਡਾ ਵਿੱਚ ਉਂਟਾਰੀਓ ਦੇ ਗੁਏਲਫ਼ ਸ਼ਹਿਰ ਵਿਖੇ ਬੀਤੇ ਦਿਨ ਹਸਪਤਾਲ ਵਿੱਚ ਅਚਾਨਕ ਪੁਲਿਸ ਦੇ ਹੱਥ ਆ ਗਏ ਭਾਰਤ ਤੋਂ ਭਗੌੜੇ ਗੈਂਗਸਟਰ ਅਰਸ਼ਦੀਪ ਸਿੰਘ ਗਿੱਲ ਉਰਫ਼ ਅਰਸ਼ ਡੱਲਾ (28) ਬਾਰੇ ਪਤਾ ਲੱਗਾ ਹੈ ਕਿ ਉਸ ਦੀ ਬੀਤੇ ਦਿਨੀਂ ਮਿਲਟਨ ਵਿਖੇ ਅਦਾਲਤ ਵਿੱਚ ਸੰਖੇਪ ਪੇਸ਼ੀ ਹੋਈ ਸੀ । ਇਸ ਮੌਕੇ ਜੱਜ ਨੇ ਉਸ ਨੂੰ ਅਤੇ ਉਸ ਦੇ ਨਾਲ ਗ੍ਰਿਫ਼ਤਾਰ ਕੀਤੇ ਗਏ ਗੁਰਜੰਟ ਸਿੰਘ ਨੂੰ ਜੇਲ੍ਹ ਵਿੱਚ ਭੇਜ ਦਿੱਤਾ ਸੀ ਅਤੇ ਉਨ੍ਹਾਂ ਦੀ ਜ਼ਮਾਨਤ ਨਹੀਂ ਹੋਈ ਸੀ ਆਮ ਤੌਰ 'ਤੇ ਕੈਨੇਡਾ ਦੀ ਨਿਆਂ ਪ੍ਰਣਾਲੀ ਵਿੱਚ ਗ੍ਰਿਫ਼ਤਾਰ ਤੋਂ ਬਾਅਦ ਮੁਲਜ਼ਮਾਂ ਨੂੰ ਜ਼ਮਾਨਤ ਮਿਲਣਾ ਕੇਸ ਦੀ ਪ੍ਰਕ੍ਰਿਆ ਦਾ ਹਿੱਸਾ ਹੈ ਪਰ ਡੱਲਾ ਦੇ ਮਾਮਲੇ ਵਿੱਚ ਪਤਾ ਲੱਗਾ ਹੈ ਕਿ ਉਸ ਦੀ ਜ਼ਮਾਨਤ ਆਮ ਹਾਲਾਤ ਵਿੱਚ ਨਹੀਂ ਹੋ ਸਕੇਗੀ। ਇਹ ਵੀ ਕਿ ਜ਼ਮਾਨਤ ਦੀ ਅਰਜ਼ੀ ਦੀ ਵਿਸਥਾਰ ਸਹਿਤ ਲੰਬੀ ਸੁਣਵਾਈ ਹੋਣ ਦੀ ਸੰਭਾਵਨਾ ਰਹੇਗੀ ਕਿਉਂਕਿ ਮਾਮਲਾ ਅੰਤਰਰਾਸ਼ਟਰੀ ਪੱਧਰ ਦਾ ਅਤੇ ਹਿਰਾਸਤ ਵਿਚੋਂ ਛੱਡੇ ਜਾਣ 'ਤੇ ਮੁਲਜ਼ਮ ਵਲੋਂ ਦੇਸ਼ ਵਿਚੋਂ ਭੱਜ ਜਾਣ ਦਾ ਹੈ। ਸਰਕਾਰੀ ਵਕੀਲ ਅਤੇ ਪੁਲਿਸ ਵਲੋਂ ਉਸ ਖ਼ਿਲਾਫ਼ ਗੈਰ-ਕਾਨੂੰਨੀ ਹਥਿਆਰ ਰੱਖਣ ਅਤੇ ਜਾਣ ਬੁੱਝ ਕੇ ਗੋਲੀ ਚਲਾਉਣ ਸਮੇਤ ਦਰਜਨ ਦੇ ਕਰੀਬ ਦੋਸ਼ਾਂ ਦੀ ਚਾਰਜਸ਼ੀਟ ਤਿਆਰ ਕੀਤੀ ਜਾ ਰਹੀ ਹੈ। ਇਸੇ ਦੌਰਾਨ ਅਰਸ਼ ਅਤੇ ਗੁਰਜੰਟ ਨੂੰ ਉਂਟਾਰੀਓ ਵਿੱਚ ਮਿਲਟਨ ਵਿਖੇ ਕੇਸ ਭੁਗਤ ਰਹੇ ਅਤੇ ਸਜ਼ਾ ਕੱਟ ਰਹੇ (ਖਤਰਨਾਕ) ਅਪਰਾਧੀਆਂ ਲਈ ਬਣੀ ਹੋਈ ਵੱਡੀ ਜੇਲ੍ਹ ਵਿੱਚ ਵੱਖ ਕਰਕੇ ਰੱਖਿਆ ਜਾ ਰਿਹਾ ਹੈ। ਉਸ ਜੇਲ੍ਹ ਵਿਚੋਂ ਵੀਡੀਓ ਰਾਹੀਂ ਪੇਸ਼ੀਆਂ ਦਾ ਪ੍ਰਬੰਧ ਹੈ ਅਤੇ ਵਿਸ਼ੇਸ਼ ਅਦਾਲਤਾਂ ਵੀ ਜੇਲ੍ਹ ਦੇ ਅੰਦਰ ਹੀ ਲੱਗ ਜਾਂਦੀਆਂ ਹਨ ।

ਪੁਲਿਸ ਅਨੁਸਾਰ ਦਿੱਲੀ, ਮੁੰਬਈ, ਪੰਜਾਬ ਵਿੱਚ ਅਜਿਹੇ ਮਹਾਨਗਰਾਂ ਵਿੱਚ ਬੇਰੁਜ਼ਗਾਰ ਨੌਜਵਾਨਾਂ ਦਾ ਇੱਕ ਵਿਸ਼ਾਲ ਅਪਰਾਧੀ ਸਮੂਹ ਘੁੰਮ ਰਿਹਾ ਹੈ, ਜਿਨ੍ਹਾਂ ਤੋਂ ਗੈਂਗਸਟਰਾਂ ਨੂੰ ਆਸਾਨੀ ਨਾਲ ਕੱਚਾ ਮਾਲ ਮਿਲ ਰਿਹਾ ਹੈ। ਗੈਂਗਸਟਰ ਪੈਸੇ ਤੇ ਐਸ਼- ਮੌਜ ਮਸਤੀ ਦੇ ਜੀਵਨ ਦਾ ਲਾਲਚ ਦੇ ਕੇ ਇਨ੍ਹਾਂ ਨੌਜਵਾਨਾਂ ਨੂੰ ਫ਼ਸਾ ਰਹੇ ਹਨ। ਆਮ ਲੋਕਾਂ ਦਾ ਮੰਨਣਾ ਹੈ ਕਿ ਰਾਜਨੀਤਕ ਲੋਕ ਗੈਂਗਸਟਰਾਂ ਨੂੰ ਆਪਣਾ ਹਥਿਆਰ ਬਣਾਕੇ ਵਰਤ ਰਹੇ ਹਨ। ਪੁਲਿਸ ਸਿਆਸੀ ਪ੍ਰਭਾਵ ਕਾਰਨ ਇਨ੍ਹਾਂ ਦਾ ਕੁਛ ਨਹੀਂ ਵਿਗਾੜ ਰਹੀ।

# ਲੋਕਤੰਤਰ ਦੀ ਖਿੱਚ ਕਿਉਂ ਘੱਟ ਰਹੀ ਹੈ?

ਰਜਿੰਦਰ ਸਿੰਘ ਪੁਰੇਵਾਲ

ਪਿਊ ਦੁਆਰਾ ਕੀਤੇ ਗਏ ਸਰਵੇਖਣ ਵਿੱਚ 24 ਦੇਸ਼ਾਂ ਵਿੱਚ ਬਹੁਗਿਣਤੀ ਲੋਕਾਂ ਨੇ ਕਿਹਾ ਕਿ ਲੋਕਤੰਤਰ ਦੀ ਖਿੱਚ ਘੱਟ ਰਹੀ ਹੈ। ਉਨ੍ਹਾਂ ਆਰਥਿਕ ਸੰਕਟ ਨੂੰ ਇਸ ਦਾ ਮੁੱਖ ਕਾਰਨ ਮੰਨਿਆ। ਇੱਕ ਆਮ ਰਾਏ ਉੱਭਰ ਕੇ ਸਾਹਮਣੇ ਆਈ ਕਿ ਕੋਈ ਵੀ ਰਾਜਨੀਤਿਕ ਸਮੂਹ ਅਸਲ ਵਿੱਚ ਆਮ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦਾ। ਇਸ ਸਾਲ ਨੂੰ ਚੋਣਾਂ ਦਾ ਸਾਲ ਕਿਹਾ ਜਾ ਰਿਹਾ ਸੀ। ਹੁਣ ਤੱਕ ਇਨ੍ਹਾਂ ਵਿੱਚੋਂ ਬਹੁਤੀਆਂ ਵੱਡੀਆਂ ਚੋਣਾਂ ਹੋ ਚੁੱਕੀਆਂ ਹਨ। ਸਾਹਮਣੇ ਆਏ ਨਤੀਜਿਆਂ ਵਿੱਚ ਇੱਕ ਰੁਝਾਨ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ। ਰੁਝਾਨ ਇਹ ਸੀ ਕਿ (ਕੁਝ ਅਪਵਾਦਾਂ ਨੂੰ ਛੱਡ ਕੇ) ਸੱਤਾਧਾਰੀ ਪਾਰਟੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ - ਜਾਂ ਸੱਤਾਧਾਰੀ ਪਾਰਟੀਆਂ ਨੂੰ ਜ਼ਬਰਦਸਤ ਝਟਕਾ ਲੱਗਾ। ਅਜਿਹਾ ਕਿਉਂ ਹੋਇਆ, ਸੁਭਾਵਿਕ ਹੈ ਕਿ ਸਿਆਸੀ ਵਿਗਿਆਨੀ ਹੁਣ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਆਮ ਰਾਏ ਇਹ ਸਾਹਮਣੇ ਆਈ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੀ ਮਹਿੰਗਾਈ ਦੀ ਸਥਿਤੀ ਨੇ ਸੱਤਾ ਵਿਰੋਧੀ ਭਾਵਨਾ ਨੂੰ ਵਧਾ ਦਿੱਤਾ ਹੈ। ਪਰ ਇੱਕ ਰਾਏ ਇਹ ਵੀ ਹੈ ਕਿ ਦਹਾਕਿਆਂ ਤੋਂ ਡੂੰਘੀਆਂ ਹੋ ਰਹੀਆਂ ਸਮੱਸਿਆਵਾਂ ਤੋਂ ਤੰਗ ਆ ਕੇ ਲੋਕਾਂ ਨੇ ਹੁਣ ਆਪਣੀਆਂ ਵੋਟਾਂ ਰਾਹੀਂ ਆਪਣੀ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਨਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦਹਾਕਿਆਂ ਦੌਰਾਨ ਸਿਹਤ ਸਹੂਲਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ, ਸਿੱਖਿਆ ਮਹਿੰਗੀ ਹੁੰਦੀ ਜਾ ਰਹੀ ਹੈ ਅਤੇ ਬੇਰੁਜ਼ਗਾਰੀ ਤੇ ਮੰਦੀ ਨੇ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਪ੍ਰਤੀ ਲੋਕਾਂ ਵਿੱਚ ਵਿਰੋਧ ਦੀ ਭਾਵਨਾ ਨੂੰ ਵਧਾ ਦਿੱਤਾ ਹੈ। ਉਹ ਸੱਤਾਧਾਰੀ ਪਾਰਟੀਆਂ 'ਤੇ ਆਪਣਾ ਗੁੱਸਾ ਕੱਢ ਰਹੇ ਹਨ।




ਅਮਰੀਕਾ ਦੀ ਮਸ਼ਹੂਰ ਸੰਸਥਾ ਪਿਊ ਰਿਸਰਚ ਸੈਂਟਰ ਮੁਤਾਬਕ ਸਿਆਸਤਦਾਨਾਂ ਨੂੰ ਲੈ ਕੇ ਲੋਕਾਂ ਵਿਚ ਆਮ ਨਿਰਾਸ਼ਾ ਹੈ। ਵਿਚਾਰਧਾਰਾ ਤੋਂ ਪਰ੍ਹੇ ਜਾ ਕੇ ਇਹ ਗੱਲ ਹਰ ਪਾਸੇ ਦਿਖਾਈ ਦਿੰਦੀ ਹੈ। ਪਿਊ ਸਰਵੇਖਣ ਦੌਰਾਨ 24 ਦੇਸ਼ਾਂ ਦੇ ਬਹੁਗਿਣਤੀ ਲੋਕਾਂ ਨੇ ਇਹ ਰਾਏ ਪ੍ਰਗਟਾਈ ਕਿ ਲੋਕਤੰਤਰ ਦੀ ਖਿੱਚ ਘੱਟ ਰਹੀ ਹੈ। ਉਨ੍ਹਾਂ ਨੇ ਇਸ ਦਾ ਮੁੱਖ ਕਾਰਨ ਵੱਧ ਰਹੇ ਆਰਥਿਕ ਸੰਕਟ ਨੂੰ ਮੰਨਿਆ। ਸਰਵੇਖਣ ਦੌਰਾਨ ਇੱਕ ਆਮ ਭਾਵਨਾ ਪ੍ਰਗਟ ਕੀਤੀ ਗਈ ਸੀ ਕਿ ਕੋਈ ਵੀ ਰਾਜਨੀਤਿਕ ਸਮੂਹ ਆਮ ਲੋਕਾਂ ਦੀ ਸਹੀ ਪ੍ਰਤੀਨਿਧਤਾ ਨਹੀਂ ਕਰਦਾ। ਇਸੇ ਸੋਚ ਦਾ ਪ੍ਰਗਟਾਵਾ ਇਸ ਸਾਲ ਹੋਈਆਂ ਚੋਣਾਂ ਵਿਚ ਹੋਇਆ ਹੈ। ਖੈਰ, ਇਹ ਸਿਰਫ ਇਸ ਸਾਲ ਦੀ ਗੱਲ ਨਹੀਂ ਹੈ।

ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਦੇ ਮਾਹਿਰਾਂ ਮੁਤਾਬਕ, ਕੋਰੋਨਾ ਮਹਾਂਮਾਰੀ ਤੋਂ ਬਾਅਦ ਪੱਛਮੀ ਦੇਸ਼ਾਂ ਵਿੱਚ ਹੋਈਆਂ 54 ਵਿੱਚੋਂ 40 ਚੋਣਾਂ ਵਿੱਚ ਸੱਤਾਧਾਰੀ ਪਾਰਟੀਆਂ ਨੇ ਸੱਤਾ ਗੁਆ ਲਈ ਹੈ। ਇਸ ਤੋਂ ਸਾਫ਼ ਹੈ ਕਿ ਇਸ ਵੇਲੇ ਸੱਤਾਧਾਰੀ ਪਾਰਟੀਆਂ ਲਈ ਚੋਣਾਂ ਹਾਰਨ ਦਾ ਮੌਕਾ ਬਣ ਗਈਆਂ ਹਨ। ਅਮਰੀਕਾ, ਬਰਤਾਨੀਆ, ਫਰਾਂਸ, ਯੂਰਪੀਅਨ ਪਾਰਲੀਮੈਂਟ ਤੋਂ ਲੈ ਕੇ ਭਾਰਤ ਤੱਕ ਦੀਆਂ ਚੋਣਾਂ ਵਿੱਚ ਲੋਕਾਂ ਦਾ ਸੱਤਾ ਵਿਰੋਧੀ ਪ੍ਰਤੀਕਰਮ ਸਾਹਮਣੇ ਆਇਆ। ਇਸ ਗੱਲ ਦਾ ਵੀ ਖਦਸ਼ਾ ਹੈ ਕਿ ਲੋਕਾਂ ਵਿੱਚ ਅਜਿਹੀਆਂ ਭਾਵਨਾਵਾਂ ਦਾ ਡੂੰਘਾ ਹੋਣਾ, ਲੰਬੇ ਸਮੇਂ ਵਿੱਚ, ਚੋਣ ਲੋਕਤੰਤਰ ਲਈ ਆਪਣੇ ਆਪ ਵਿਚ ਵੱਡੀ ਚੁਣੌਤੀ ਬਣ ਸਕਦਾ ਹੈ।

ਵੱਡੀ ਗੱਲ ਇਹ ਹੈ ਕਿ ਖਪਤਕਾਰੀ ਸਿਸਟਮ ਤੇ ਉਸ ਉੱਪਰ ਆਧਾਰਿਤ ਸਿਆਸਤ ਢਹਿ ਢੇਰੀ ਹੋ ਰਹੀ ਹੈ। ਜਿਹੜੀ ਸਿਆਸਤ ਲੋਕ ਪੱਖੀ ਨਹੀਂ ਉਸਦਾ ਢਹਿਣਾ ਲਾਜ਼ਮੀ ਹੈ। ਲੋਕਤੰਤਰ ਵਿੱਚ ਲੋਕਾਂ ਦੀ ਸੰਤੁਸ਼ਟੀ ਹੋਣੀ ਜਰੂਰੀ ਹੈ। ਜੇ ਨਹੀਂ ਹੋਵੇਗੀ ਲੋਕਤੰਤਰ ਦਾ ਸਿਸਟਮ ਨਹੀਂ ਚਲ ਸਕੇਗਾ। ਰਾਜਨੀਤਕ ਨੈਤਿਕਤਾ, ਲੋਕਪੱਖੀ ਸਿਆਸਤ ਹੋਣੀ ਬਹੁਤ ਜ਼ਰੂਰੀ ਹੈ। ਕਾਰਪੋਰੇਟ ਦੀ ਸਿਆਸਤ ਵਿੱਚ ਦਖਲਅੰਦਾਜ਼ੀ ਲੋਕ ਵਿਰੋਧ ਪੈਦਾ ਕਰੇਗੀ।

**ਦਰਪਣ ਝੂਠ ਨਹੀਂ ਬੋਲਦਾ**

# ਭਾਰਤ ਸਰਕਾਰ ਸਿੱਖਾਂ ਤੇ ਘੱਟ ਗਿਣਤੀਆਂ ਉੱਪਰ ਕਰ ਰਹੀ ਹੈ ਜ਼ੁਲਮ

## ਪਾਕਿਸਤਾਨ ਦੇ ਆਰਮੀ ਚੀਫ਼ ਜਨਰਲ ਮੁਨੀਰ ਨੇ ਹਿੰਦੂਤਵ ਦੀ ਕੀਤੀ ਆਲੋਚਨਾ

ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਆਸਿਮ ਮੁਨੀਰ ਨੇ ਹੁਣ ਮੋਦੀ ਸਰਕਾਰ ਦੀਆਂ ਸਿੱਖਾਂ ਬਾਰੇ ਅਨਿਆਂ ਨੀਤੀ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਘੱਟ ਗਿਣਤੀਆਂ ਵਿਰੋਧੀ ਹਿੰਦੂਤਵ ਵਿਚਾਰਧਾਰਾ ਕਾਰਨ ਬਰਤਾਨੀਆ, ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਸੁਰੱਖਿਅਤ ਨਹੀਂ ਹਨ।ਪਾਕਿਸਤਾਨੀ ਫ਼ੌਜ ਮੁਖੀ ਨੇ ਇਸਲਾਮਾਬਾਦ ਨੀਤੀ ਖੋਜ ਸੰਸਥਾ ਵੱਲੋਂ ਆਯੋਜਿਤ ਮੋਰਗਲਾ ਡਾਇਲਾਗ 2024 ਨੂੰ ਸੰਬੋਧਨ ਕਰਦੇ ਹੋਏ ਇਹ ਗੱਲ ਕਹੀ ਸੀ। ਇਸ ਦੇ ਨਾਲ ਹੀ ਆਸਿਮ ਮੁਨੀਰ ਨੇ ਜੰਮੂ-ਕਸ਼ਮੀਰ ਨੂੰ ਲੈ ਕੇ ਭਾਰਤ ਦੇ ਸਟੈਂਡ ਦੀ ਆਲੋਚਨਾ ਕੀਤੀ ਸੀ। ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਨੇ ਕਿਹਾ ਸੀ ਕਿ ਜੰਮੂ-ਕਸ਼ਮੀਰ ਵਿੱਚ ਕਸ਼ਮੀਰੀਆਂ ਉੱਪਰ ਭਾਰਤ ਦੀ ਬੇਰਹਿਮੀ ਅਤੇ ਬਰਬਰਤਾ ਹਿੰਦੂਤਵ ਵਿਚਾਰਧਾਰਾ ਅਤੇ ਨੀਤੀ ਦਾ ਹਿੱਸਾ ਹੈ।ਜਨਰਲ ਅਸੀਮ ਮੁਨੀਰ ਨੇ ਕਿਹਾ ਕਿ 'ਜੰਮੂ-ਕਸ਼ਮੀਰ ਦੀ ਅਜ਼ਾਦੀ ਇਸ ਦਾ ਹੱਲ ਹੈ।' ਜਦ ਕਿ ਭਾਰਤ ਨੇ ਹਮੇਸ਼ਾ ਜੰਮੂ-ਕਸ਼ਮੀਰ ਨੂੰ ਆਪਣਾ ਅਟੁੱਟ ਹਿੱਸਾ ਮੰਨਿਆ ਹੈ।



ਇਸ ਦੇ ਨਾਲ ਹੀ ਪਾਕਿਸਤਾਨੀ ਫ਼ੌਜ ਮੁਖੀ ਨੇ ਕੈਨੇਡਾ ਅਤੇ ਅਮਰੀਕਾ ਵਿੱਚ ਰਹਿ ਰਹੇ ਖ਼ਾਲਿਸਤਾਨੀਆਂ ਲਈ ਭਾਰਤ ਨੂੰ ਖ਼ਤਰਾ ਦੱਸਿਆ ਹੈ।ਉਨ੍ਹਾਂ ਕਿਹਾ ਕਿ ਨਵੀਂ ਹਿੰਦੂਤਵੀ ਵਿਚਾਰਧਾਰਾ ਵਿਦੇਸ਼ਾਂ ਖਾਸ ਕਰਕੇ ਅਮਰੀਕਾ, ਬਰਤਾਨੀਆ ਅਤੇ ਕੈਨੇਡਾ ਵਿੱਚ ਘੱਟ ਗਿਣਤੀਆਂ ਲਈ ਖਤਰਾ ਹੈ। ਮੁਨੀਰ ਨੇ ਕੈਨੇਡਾ ਅਤੇ ਅਮਰੀਕਾ ਦੇ ਦੋਸ਼ਾਂ ਦਾ ਹਵਾਲਾ ਦਿੱਤਾ ਕਿ ਭਾਰਤੀ ਏਜੰਟ ਖ਼ਾਲਿਸਤਾਨੀ ਖਾੜਕੂਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦਾ ਪਿਛਲੇ ਸਾਲ ਕੈਨੇਡਾ ਵਿੱਚ ਕਤਲ ਕਰ ਦਿੱਤਾ ਗਿਆ ਸੀ। ਟਰੂਡੋ ਸਰਕਾਰ ਨੇ ਇਸ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਸੀ, ਜਿਸ ਦਾ ਭਾਰਤ ਨੇ ਖੰਡਨ ਕੀਤਾ ਸੀ। ਵਾਰ-ਵਾਰ ਬੇਨਤੀਆਂ ਦੇ ਬਾਵਜੂਦ ਕੈਨੇਡਾ ਦਾ ਭਾਰਤ ਨੇ ਅਜੇ ਤੱਕ ਸਾਥ ਨਹੀਂ ਦਿੱਤਾ।

ਪਾਕਿਸਤਾਨੀ ਆਰਮੀ ਚੀਫ਼ ਦਾ ਬਿਆਨ ਪਾਕਿਸਤਾਨ ਵਿੱਚ ਰਹਿ ਰਹੇ ਭਾਰਤ ਵਿਰੋਧੀ ਖਾੜਕੂਆਂ ਦੇ ਕਤਲ ਦੇ ਸਬੰਧ ਵਿੱਚ ਉਨ੍ਹਾਂ ਦੇ ਡਰ ਨੂੰ ਦਰਸਾਉਂਦਾ ਹੈ। ਪਾਕਿਸਤਾਨ ਵਿੱਚ ਪਿਛਲੇ ਸਾਲ ਤੋਂ ਹੁਣ ਤੱਕ 20 ਤੋਂ ਵੱਧ ਭਾਰਤ ਵਿਰੋਧੀ ਖਾੜਕੂ ਮਾਰੇ ਜਾ ਚੁੱਕੇ ਹਨ। ਪਾਕਿਸਤਾਨ ਨੇ ਇਨ੍ਹਾਂ ਖਾੜਕੂਆਂ ਦੀ ਹੱਤਿਆ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਸੀ ਅਤੇ ਦੋਸ਼ ਲਗਾਇਆ ਸੀ ਕਿ ਭਾਰਤ ਉਸ ਦੇ ਘਰ ਵਿੱਚ ਦਾਖਲ ਹੋ ਕੇ ਖਾੜਕੂਆਂ ਨੂੰ ਮਾਰ ਰਿਹਾ ਹੈ। ਪਾਕਿਸਤਾਨ ਨੇ ਇਸ ਸਬੰਧੀ ਸੰਯੁਕਤ ਰਾਸ਼ਟਰ ਨੂੰ ਵੀ ਅਪੀਲ ਕੀਤੀ ਸੀ।

# ਖ਼ਾਲਿਸਤਾਨੀ ਪ੍ਰਦਰਸ਼ਨ 'ਚ ਸ਼ਾਮਲ ਕੈਨੇਡੀਅਨ ਪੁਲਿਸ ਅਧਿਕਾਰੀ ਸੋਹੀ ਨੂੰ ਮਿਲੀ ਕਲੀਨ ਚਿੱਟ

## ਹਿੰਸਕ ਘਟਨਾਵਾਂ ਕਾਰਨ ਬਰੈਂਪਟਨ ਵਿੱਚ ਧਾਰਮਿਕ ਸਥਾਨਾਂ ਅੱਗੇ ਪ੍ਰਦਰਸ਼ਨਾਂ 'ਤੇ ਲੱਗੀ ਪਾਬੰਦੀ

ਕੈਨੇਡੀਅਨ ਸਰਕਾਰ ਨੇ ਖ਼ਾਲਿਸਤਾਨ ਪੱਖੀ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਦੇ ਦੋਸ਼ ਵਿੱਚ ਮੁਅੱਤਲ ਕੀਤੇ ਗਏ ਇੱਕ ਪੁਲਿਸ ਅਧਿਕਾਰੀ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਬਰੈਂਪਟਨ ਦੇ ਇੱਕ ਹਿੰਦੂ ਮੰਦਰ ਦੇ ਬਾਹਰ ਭਾਰਤੀ ਰਾਸ਼ਟਰਵਾਦੀਆਂ ਤੇ ਖ਼ਾਲਿਸਤਾਨੀਆਂ ਦਾ ਝਗੜਾ ਹੋ ਗਿਆ ਸੀ। 3 ਨਵੰਬਰ ਦੀਆਂ ਕਈ ਵੀਡੀਓਜ਼ ਵਿੱਚ ਸੋਹੀ ਨੂੰ ਖ਼ਾਲਿਸਤਾਨੀ ਝੰਡਾ ਲਿਜਾਂਦੇ ਦੇਖਿਆ ਗਿਆ ਸੀ।

ਹੁਣ ਕੈਨੇਡਾ ਦੀ ਸਥਾਨਕ ਪੀਲ ਪੁਲਿਸ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਅਧਿਕਾਰੀ ਨੇ ਜਾਂਚ ਦੌਰਾਨ ਕਾਨੂੰਨੀ ਤੌਰ 'ਤੇ ਆਪਣੀ ਡਿਊਟੀ ਨਿਭਾਈ ਹੈ। ਪੁਲਿਸ ਨੇ ਕਿਹਾ ਕਿ ਮੰਦਰ ਦੇ ਨੇੜੇ ਵਿਰੋਧ ਪ੍ਰਦਰਸ਼ਨ ਤੇਜ਼ੀ ਨਾਲ ਵਧ ਗਿਆ ਸੀ, ਸੁਰੱਖਿਆ ਚਿੰਤਾਵਾਂ ਵਧੀਆਂ ਸਨ ਅਤੇ ਅਧਿਕਾਰੀਆਂ ਨੇ ਉਹ ਚੀਜ਼ਾਂ ਜ਼ਬਤ ਕਰ ਲਈਆਂ ਜੋ ਹਥਿਆਰਾਂ ਵਜੋਂ ਵਰਤੀਆਂ ਜਾ ਸਕਦੀਆਂ ਸਨ। ਇਸ ਵਿੱਚ ਬੱਲੇ, ਡੰਡੇ ਅਤੇ ਝੰਡੇ ਸ਼ਾਮਲ ਸਨ। ਪੀਲ ਪੁਲਿਸ ਨੇ ਝਗੜੇ ਦੀ ਅਫ਼ਸਰ ਬਾਡੀਕੈਮ ਫ਼ੁਟੇਜ ਜਾਰੀ ਕੀਤੀ, ਜਿਸ ਵਿੱਚ ਸੋਹੀ ਇੱਕ ਵਿਅਕਤੀ ਤੋਂ ਹਥਿਆਰ ਖੋਹਣ ਦੀ ਕੋਸ਼ਿਸ਼ ਕਰਦਾ ਦਿਖਾਈ ਦਿੰਦਾ ਹੈ ਜੋ ਆਪਣਾ ਹਥਿਆਰ ਸੌਂਪਣ ਤੋਂ ਇਨਕਾਰ ਕਰ ਰਿਹਾ ਸੀ ਅਤੇ ਹਮਲਾ ਕਰ ਦਿੰਦਾ ਹੈ। ਫ਼ੁਟੇਜ ਵਿੱਚ ਦੇਖਿਆ ਜਾ ਰਿਹਾ ਹੈ ਕਿ ਅਧਿਕਾਰੀ ਇੱਕ ਵਿਅਕਤੀ ਵੱਲ ਜਾਂਦਾ ਹੈ ਜਿਸ ਦੇ ਹੱਥ ਵਿੱਚ ਸੋਟੀ ਹੈ ਅਤੇ ਉਹ ਉਸ ਤੋਂ ਖੋਹਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਿਅਕਤੀ ਨੇ ਵਿਰੋਧ ਕੀਤਾ, ਜਿਸ ਤੋਂ ਬਾਅਦ ਦੋਵਾਂ ਧਿਰਾਂ ਵਿਚਕਾਰ ਥੋੜ੍ਹੀ ਜਿਹੀ ਝੜਪ ਹੋਈ ਅਤੇ ਫ਼ਿਰ ਅਧਿਕਾਰੀ ਨੇ ਡੰਡਾ ਜ਼ਬਤ ਕਰ ਲਿਆ ਅਤੇ ਭੀੜ ਨੂੰ ਖਿੰਡਾਇਆ। ਇਸ ਤਰ੍ਹਾਂ ਉਸਨੇ ਕਾਨੂੰਨੀ ਤੌਰ 'ਤੇ ਆਪਣੀ ਡਿਊਟੀ ਨਿਭਾਈ। ਪਰ ਭਾਰਤੀ ਗੋਦੀ ਮੀਡੀਆ ਆਖ ਰਿਹਾ ਹੈ ਕਿ ਖ਼ਾਲਿਸਤਾਨੀਆਂ ਦੀ ਮਦਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਕੈਨੇਡਾ ਸਰਕਾਰ ਬਖਸ਼ ਰਹੀ ਹੈ।ਹਾਲਾਂਕਿ ਪਿਛਲੇ ਦਿਨੀਂ ਬਰੈਂਪਟਨ ਦੇ ਹਿੰਦੂ ਮੰਦਰ ਅੱਗੇ ਪ੍ਰਦਰਸ਼ਨ ਦੌਰਾਨ ਵਾਪਰੀਆਂ ਹਿੰਸਕ ਘਟਨਾਵਾਂ ਨੂੰ ਲੈ ਕੇ ਹੁਣ ਬਰੈਂਪਟਨ ਦੀ ਸਿਟੀ ਕੌਂਸਲ ਵੱਲੋਂ ਧਾਰਮਿਕ ਸਥਾਨਾਂ ਅੱਗੇ ਪ੍ਰਦਰਸ਼ਨ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਤਾਂ ਜੋ ਧਾਰਮਿਕ ਤੌਰ ਉਪਰ ਭੜਕਾਹਟ ਨਾ ਹੋਵੇ। ਇਸ ਨਵੇਂ ਕਾਨੂੰਨ ਅਨੁਸਾਰ ਕਿਸੇ ਵੀ ਧਾਰਮਿਕ ਸਥਾਨ ਦੇ 100 ਮੀਟਰ ਦੇ ਘੇਰੇ ਅੰਦਰ ਪ੍ਰਦਰਸ਼ਨ ਕਰਨ ਦੀ ਮਨਾਹੀ ਹੋਵੇਗੀ।ਇਹ ਮਤਾ ਸਿਟੀ ਕੌਂਸਲ ਵਿੱਚ ਬਰੈਂਪਟਨ ਦੇ ਮੇਅਰ ਵੱਲੋਂ ਲਿਆਂਦਾ ਗਿਆ। ਜਦਕਿ ਭਗਵੇਂਵਾਦੀ ਕੈਨੇਡਾ ਸਰਕਾਰ ਨੂੰ ਖ਼ਾਲਿਸਤਾਨੀ ਪੱਖੀ ਦਸਕੇ ਸ਼ੋਸ਼ਲ ਮੀਡੀਆ ਵਿੱਚ ਪ੍ਰਚਾਰ ਕਰ ਰਹੇ ਹਨ। ਭਗਵੇਂਵਾਦੀਆਂ ਦੇ ਪ੍ਰਚਾਰ ਕਾਰਣ ਕੈਨੇਡਾ ਵਿਖੇ ਨਫ਼ਰਤੀ ਤਣਾਅ ਫ਼ੈਲਣਾ ਸ਼ੁਰੂ ਹੋ ਗਿਆ ਹੈ। ਕੈਨੇਡਾ ਪੁਲਿਸ ਨੇ ਖ਼ਾਲਿਸਤਾਨ ਸਮਰਥਕ ਰਬਿੰਦਰ ਸਿੰਘ ਮੱਲ੍ਹੀ ਦੇ ਕਤਲ ਦੇ ਦੋਸ਼ ਵਿੱਚ ਭਾਰਤੀ ਮੂਲ ਦੇ ਕੈਨੇਡੀਅਨ ਵਿਅਕਤੀ ਰਜਿੰਦਰ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਕੈਨੇਡਾ ਵਿੱਚ ਦੋ ਭਾਈਚਾਰਿਆਂ ਦਰਮਿਆਨ ਤਣਾਅ ਵਧਾਉਣ ਵਾਲੇ ਇਸ ਕਤਲ ਦੀ ਖ਼ਬਰ 9 ਨਵੰਬਰ ਨੂੰ ਓਂਟਾਰੀਓ ਵਿੱਚ ਪ੍ਰਾਪਤ ਹੋਈ ਸੀ। ਪੁਲਿਸ ਨੇ ਕੁਮਾਰ ਦੀ ਪਤਨੀ ਸ਼ੀਤਲ ਵਰਮਾ ਨੂੰ ਵੀ ਕਾਨੂੰਨੀ ਪ੍ਰਕਿਰਿਆ ਵਿੱਚ ਅੜਿੱਕਾ ਪਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਹੈ।

# ਇਜ਼ਰਾਈਲੀ ਹਵਾਈ ਹਮਲਿਆਂ 'ਚ ਹਿਜ਼ਬੁੱਲਾ ਦੇ ਤਿੰਨ ਫ਼ੀਲਡ ਕਮਾਂਡਰ ਮਾਰੇ ਗਏ

## ਕਬਰਸਤਾਨ ਬਣਿਆ ਗਾਜ਼ਾ, 43 ਹਜ਼ਾਰ ਤੋਂ ਵੱਧ ਮੌਤਾਂ

ਦੱਖਣੀ ਲੇਬਨਾਨ ਵਿੱਚ ਇਜ਼ਰਾਇਲੀ ਹਵਾਈ ਹਮਲਿਆਂ ਵਿੱਚ ਹਿਜ਼ਬੁੱਲਾ ਦੇ ਤਿੰਨ ਫ਼ੀਲਡ ਕਮਾਂਡਰ ਮਾਰੇ ਗਏ ਹਨ। ਇਸ ਤੋਂ ਇਲਾਵਾ, ਬੇਰੂਤ ਦੇ ਦਹੀਆਹ ਵਿੱਚ ਸਮੂਹ ਦੇ ਜ਼ਿਆਦਾਤਰ ਹਥਿਆਰ ਸਟੋਰੇਜ ਅਤੇ ਉਤਪਾਦਨ ਸਹੂਲਤਾਂ ਨੂੰ ਤਬਾਹ ਕਰ ਦਿੱਤਾ ਗਿਆ ਸੀ। ਮਰਨ ਵਾਲਿਆਂ ਵਿੱਚ ਕਮਾਂਡਰ ਅਯਮਨ ਮੁਹੰਮਦ ਨਬੁਲਸੀ, ਹਾਜ ਅਲੀ ਯੂਸਫ਼ ਸਲਾਹ ਅਤੇ ਗਜਰ ਖੇਤਰ ਦਾ ਇੱਕ ਹੋਰ ਕਮਾਂਡਰ ਸ਼ਾਮਲ ਹੈ।

ਫ਼ੌਜ ਨੇ ਦੱਸਿਆ ਕਿ ਅਕਤੂਬਰ ਵਿੱਚ ਖਿਯਾਮ ਇਲਾਕੇ ਦਾ ਹਿਜ਼ਬੁੱਲਾ ਕਮਾਂਡਰ ਮੁਹੰਮਦ ਮੂਸਾ ਸਲਾਹ ਮਾਰਿਆ ਗਿਆ ਸੀ। ਬੇਰੂਤ 'ਤੇ ਹੋਏ ਹਮਲੇ ਵਿੱਚ 20 ਲੋਕ ਮਾਰੇ ਗਏ ਸਨ। ਇਜ਼ਰਾਈਲ ਰੱਖਿਆ ਬਲਾਂ ਨੇ ਕਿਹਾ ਕਿ ਹਮਲੇ ਤੋਂ ਪਹਿਲਾਂ ਨਾਗਰਿਕਾਂ ਨੂੰ ਚਿਤਾਵਨੀ ਦਿੱਤੀ ਗਈ ਸੀ। ਹਿਜ਼ਬੁੱਲਾ ਜਾਣਬੁੱਝ ਕੇ ਇੱਥੇ ਵਸਨੀਕਾਂ ਨੂੰ ਮਨੁੱਖੀ ਢਾਲ ਵਜੋਂ ਵਰਤਣ ਲਈ ਘੁਸਪੈਠ ਕਰ ਰਿਹਾ ਹੈ। ਹਾਲਾਂਕਿ ਹਿਜ਼ਬੁੱਲਾ ਨੇ ਇਸ ਦੋਸ਼ ਨੂੰ ਖਾਰਜ ਕਰ ਦਿੱਤਾ ਹੈ। ਹਿਜ਼ਬੁੱਲਾ ਨੇ ਡਰੋਨ ਅਤੇ ਰਾਕੇਟ ਨਾਲ ਜਵਾਬੀ ਕਾਰਵਾਈ ਕੀਤੀ ਹੈ। ਇਸ ਵਿੱਚ ਉੱਤਰੀ ਇਜ਼ਰਾਈਲ ਦੇ ਨਾਹਾਰੀਆ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਹਿਜ਼ਬੁੱਲਾ ਨੇ ਕਿਹਾ ਕਿ ਉਨ੍ਹਾਂ ਦਾ ਨਿਸ਼ਾਨਾ ਨਾਹਰੀਆ ਦੇ ਪੂਰਬ ਵਿੱਚ ਇੱਕ ਫ਼ੌਜੀ ਅੱਡਾ ਸੀ। ਇਸ ਦੌਰਾਨ ਸੰਯੁਕਤ ਰਾਸ਼ਟਰ ਦੇ ਇੱਕ ਸੀਨੀਅਰ ਅਧਿਕਾਰੀ ਦਾ ਬਿਆਨ ਸਾਹਮਣੇ ਆਇਆ ਹੈ। ਉਸ ਨੇ ਕਿਹਾ ਹੈ ਕਿ ਲੇਬਨਾਨ ਵਿੱਚ ਜੰਗਬੰਦੀ ਲਿਆਉਣ ਲਈ ਸਾਰੀਆਂ ਧਿਰਾਂ ਨਾਲ ਮਿਲ ਕੇ ਉਨ੍ਹਾਂ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗਾਜ਼ਾ ਪੱਟੀ ਵਿੱਚ ਬੀਤੇ ਦਿਨੀਂ ਇਜ਼ਰਾਇਲੀ ਫ਼ੌਜੀ ਹਮਲਿਆਂ ਵਿੱਚ 14 ਫ਼ਲਸਤੀਨੀ ਮਾਰੇ ਗਏ। ਗਾਜ਼ਾ ਸ਼ਹਿਰ ਦੇ ਸ਼ਾਤੀ ਸ਼ਰਨਾਰਥੀ ਕੈਂਪ ਵਿੱਚ ਇੱਕ ਸਕੂਲ 'ਤੇ ਇਜ਼ਰਾਇਲੀ ਹਮਲੇ ਵਿੱਚ 10 ਫ਼ਲਸਤੀਨੀ ਮਾਰੇ ਗਏ ਅਤੇ 20 ਹੋਰ ਜ਼ਖ਼ਮੀ ਹੋ ਗਏ ਸਨ। ਡਾਕਟਰਾਂ ਨੇ ਦੱਸਿਆ ਕਿ ਇਸ ਸ਼ਰਨਾਰਥੀ ਕੈਂਪ ਵਿੱਚ ਲੋਕਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਮੌਜੂਦਾ ਸਮੇਂ ਵਿੱਚ ਵਿਸਥਾਪਿਤ ਪਰਿਵਾਰਾਂ ਨੂੰ ਸ਼ਰਨ ਦਿੱਤੀ ਜਾ ਰਹੀ ਹੈ।



# ਵੱਡੇ ਕਾਰਪੋਰੇਟ ਘਰਾਣੇ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਘਿਓ-ਖਿਚੜੀ

## ਮਹਾਂਰਾਸ਼ਟਰ ਸਰਕਾਰ ਬਣਾਉਣ ਵਿੱਚ ਅਡਾਨੀ ਦਾ ਸਿਆਸੀ ਦਖਲ ਲੋਕਤੰਤਰ ਨਾਲ ਖਿਲਵਾੜ

ਪੰਜ ਸਾਲ ਪਹਿਲਾਂ ਮਹਾਰਾਸ਼ਟਰ ਵਿੱਚ ਸਰਕਾਰ ਬਣਾਉਣ ਲਈ ਭਾਜਪਾ ਤੇ ਐੱਨ ਸੀ ਪੀ ਵਿਚਾਲੇ ਗੱਠਜੋੜ ਕਰਾਉਣ ਲਈ ਹੋਈ ਇੱਕ ਮੀਟਿੰਗ ਵਿੱਚ ਦੇਸ਼ ਦਾ ਸਭ ਤੋਂ ਵੱਡਾ ਕਾਰੋਬਾਰੀ ਗੌਤਮ ਅਡਾਨੀ ਵੀ ਸ਼ਾਮਲ ਸੀ। ਇਹ ਇੰਕਸ਼ਾਫ਼ ਸ਼ਰਦ ਪਵਾਰ ਤੋਂ ਅੱਡ ਹੋ ਕੇ ਭਾਜਪਾ ਤੇ ਸ਼ਿਵ ਸੈਨਾ (ਸ਼ਿੰਦੇ) ਦੀ ਸਰਕਾਰ ਵਿੱਚ ਸ਼ਾਮਲ ਹੋਏ ਅਜੀਤ ਪਵਾਰ ਨੇ ਨਿਊਜ਼ ਵੈੱਬਸਾਈਟ 'ਦੀ ਨਿਊਜ਼ ਮਿੰਟ' ਨੂੰ ਮਹਾਰਾਸ਼ਟਰ ਵਿੱਚ ਚੱਲ ਰਹੀਆਂ ਅਸੰਬਲੀ ਚੋਣਾਂ ਦਰਮਿਆਨ ਦਿੱਤੀ ਇੰਟਰਵਿਊ ਵਿੱਚ ਕੀਤਾ ਹੈ। ਅਜੀਤ ਪਵਾਰ ਨੇ ਇਹ ਗੱਲ ਉਸ ਘਟਨਾਕ੍ਰਮ ਦੇ ਸੰਦਰਭ ਵਿੱਚ ਦੱਸੀ ਹੈ, ਜਦੋਂ ਪੰਜ ਸਾਲ ਪਹਿਲਾਂ ਕਾਂਗਰਸ, ਸ਼ਿਵ ਸੈਨਾ ਤੇ ਐੱਨ ਸੀ ਪੀ ਗੱਠਜੋੜ ਦੀ ਸਰਕਾਰ ਬਣਨੀ ਕਰੀਬ-ਕਰੀਬ ਤੈਅ ਹੋ ਗਈ ਸੀ, ਪਰ ਹੁਣੇ ਜਿਹੇ ਅਚਾਨਕ ਕੀਤੇ ਗਏ ਸਮਾਰੋਹ ਵਿੱਚ ਭਾਜਪਾ ਆਗੂ ਦਵਿੰਦਰ ਫ਼ੜਨਵੀਸ ਨੇ ਮੁੱਖ ਮੰਤਰੀ ਤੇ ਖੁਦ ਅਜੀਤ ਪਵਾਰ ਨੇ ਉਪ-ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਸੀ। ਅਜੀਤ ਪਵਾਰ ਨੇ ਪੰਜ ਸਾਲ ਪਹਿਲਾਂ ਭਾਜਪਾ-ਐੱਨ ਸੀ ਪੀ ਗੱਠਜੋੜ ਲਈ ਹੋਣ ਵਾਲੇ ਯਤਨਾਂ ਸੰਬੰਧੀ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਕੀ ਤੁਹਾਨੂੰ ਨਹੀਂ ਪਤਾ? ਹਰ ਕੋਈ ਜਾਣਦਾ ਹੈ ਕਿ ਮੀਟਿੰਗ ਕਿੱਥੇ ਹੋਈ ਸੀ? ਅਮਿਤ ਸ਼ਾਹ ਉੱਥੇ ਸਨ, ਗੌਤਮ ਅਡਾਨੀ ਉੱਥੇ ਸਨ, ਪ੍ਰਫ਼ੁਲ ਪਟੇਲ ਉੱਥੇ ਸਨ, ਦਵਿੰਦਰ ਫ਼ੜਨਵੀਸ ਉੱਥੇ ਸਨ, ਪਵਾਰ ਸਾਹਿਬ ਉੱਥੇ ਸਨ, ਮੈਂ ਵੀ ਸੀ। ਇੱਕ ਪਾਰਟੀ ਕਾਰਕੁਨ ਦੇ ਤੌਰ 'ਤੇ ਮੈਂ ਉਹੀ ਕੀਤਾ, ਜੋ ਮੇਰੇ ਨੇਤਾ (ਸ਼ਰਦ ਪਵਾਰ) ਨੇ ਕਿਹਾ। ਇਹ ਪੁੱਛਣ 'ਤੇ ਕਿ ਸ਼ਰਦ ਪਵਾਰ ਨੇ ਭਾਜਪਾ ਨਾਲ ਗੱਠਜੋੜ ਕਰਕੇ ਸਰਕਾਰ ਕਿਉਂ ਨਹੀਂ ਬਣਾਈ, ਅਜੀਤ ਪਵਾਰ ਨੇ ਕਿਹਾ ਕਿ ਸ਼ਰਦ ਪਵਾਰ ਅਜਿਹੇ ਵਿਅਕਤੀ ਹਨ, ਜਿਨ੍ਹਾਂ ਬਾਰੇ ਦੁਨੀਆਂ ਦਾ ਕੋਈ ਵਿਅਕਤੀ ਭਵਿੱਖਬਾਣੀ ਨਹੀਂ ਕਰ ਸਕਦਾ। ਸਿਆਸਤਦਾਨ ਸਮੇਂ-ਸਮੇਂ 'ਤੇ ਸਨਸਨੀਖੇਜ਼ ਬਿਆਨ ਦਿੰਦੇ ਰਹਿੰਦੇ ਹਨ, ਪਰ ਉਹ ਅਕਸਰ ਸਿਆਸਤਦਾਨਾਂ ਬਾਰੇ ਹੁੰਦੇ ਹਨ। ਅਜੀਤ ਪਵਾਰ ਦੇ

(ਬਾਕੀ ਸਫ਼ਾ 30 'ਤੇ)

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਰਾਹੁਲ ਗਾਂਧੀ





ਅੰਮ੍ਰਿਤਸਰ/ਏ.ਟੀ.ਨਿਊਜ਼ : ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਨਤਮਸਤਕ ਹੋਣ ਲਈ ਪਹੁੰਚੇ । ਨਤਮਸਤਕ ਹੋਣ ਸਮੇਂ ਰਾਹੁਲ ਗਾਂਧੀ ਨੇ ਜਿੱਥੇ ਗੁਰੂ ਘਰ ਵਿਖੇ ਸ਼ਰਧਾ ਦੇ ਨਾਲ ਮੱਥਾ ਟੇਕਿਆ ਉਥੇ ਹੀ ਉਨ੍ਹਾਂ ਕੁਝ ਸਮਾਂ ਕੀਰਤਨ ਸਰਵਣ ਵੀ ਕੀਤਾ। ਸੋਮਵਾਰ ਸ਼ਾਮ 6:30 ਵਜੇ ਰਾਹੁਲ ਗਾਂਧੀ ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਵਿਸ਼ੇਸ਼ ਜਹਾਜ਼ ਰਾਹੀਂ ਪਹੁੰਚੇ ਜਿਥੇ ਉਨ੍ਹਾਂ ਦਾ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਤੇ ਸਾਬਕਾ ਉੱਪ ਮੁੱਖ ਮੰਤਰੀ ਓ.ਪੀ. ਸੋਨੀ ਨੇ ਸਵਾਗਤ ਕੀਤਾ। । ਰਾਹੁਲ ਗਾਂਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਿਛਲੇ ਸਮੇਂ ਤੋਂ ਉਤਾਵਲੇ ਨਜ਼ਰ ਆਉਂਦੇ ਹਨ। ਅਕਤੂਬਰ 2023 ਵਿੱਚ ਰਾਹੁਲ ਗਾਂਧੀ ਗੁਰੂ ਨਗਰੀ ਵਿਖੇ ਰੁਕੇ ਅਤੇ ਦੋ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਖ-ਵੱਖ ਸਮੇਂ ਦਰਮਿਆਨ ਆ ਕੇ ਵੱਖ-ਵੱਖ ਸੇਵਾ ਵਿੱਚ ਹਿੱਸਾ ਲਿਆ। ਜਿਵੇਂ ਕਿ ਪਾਲਕੀ ਸਾਹਿਬ ਦੀ ਸੇਵਾ, ਬਰਤਨ ਦੀ ਧੋਣ ਦੀ ਸੇਵਾ, ਜੋੜੇ ਘਰ ਵਿੱਚ ਸੇਵਾ, ਛਬੀਲ 'ਤੇ ਬਰਤਨ ਸਾਫਕਰਨ ਦੀ ਸੇਵਾ, ਜਲ ਛਕਾਉਣ ਦੀ ਸੇਵਾ ਆਦਿ ਨਿਭਾਈ। ਰਾਹੁਲ ਗਾਂਧੀ ਇਸ ਸਮੇਂ ਕਿਸੇ ਵੀ ਸਿਆਸੀ ਪ੍ਰਭਾਵ ਨੂੰ ਆਪਣੀ ਫੇਰੀ ਦਰਮਿਆਨ ਨਹੀਂ ਛੱਡਦੇ। ਹਵਾਈ ਅੱਡੇ ਤੋਂ ਰਵਾਨਾ ਹੋਣ ਤੋਂ ਬਾਅਦ ਰਾਹੁਲ ਗਾਂਧੀ ਹੋਟਲ ਰਮਾਡਾ ਵਿੱਚ ਕੁਝ ਦੇਰ ਰੁਕੇ। ਇਸ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਸਿਰ 'ਤੇ ਨੀਲਾ ਪਟਕਾ ਅਤੇ ਚਿੱਟਾ ਕੁੜਤਾ-ਪਜਾਮਾ ਪਹਿਨ ਕੇ ਰਾਹੁਲ ਗਾਂਧੀ ਨੇ ਪਰਿਕਰਮਾ ਕਰਕੇ ਮੱਥਾ ਟੇਕਿਆ। ਇਸ ਤੋਂ ਇਲਾਵਾ ਰਾਹੁਲ ਗਾਂਧੀ ਨੇ ਸੰਗਤਾਂ ਨੂੰ ਜਲ ਛਕਾਉਣ ਦੀ ਸੇਵਾ ਵੀ ਕੀਤੀ। ਰਾਹੁਲ ਗਾਂਧੀ ਦੀ ਆਮਦ ਨੂੰ ਮੁੱਖ ਰੱਖਦਿਆਂ ਪੁਲਿਸ ਨੇ ਹਵਾਈ ਅੱਡੇ ਤੋਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਤੱਕ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਾਦੇ ਕੱਪੜਿਆਂ ਵਿੱਚ ਪੁਲਿਸ ਫੋਰਸ ਤਾਇਨਾਤ ਸੀ। ਪਿਛਲੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਰਾਹੁਲ ਗਾਂਧੀ ਨੇ ਸਿਰਫ਼ ਮੱਥਾ ਟੇਕਿਆ ਅਤੇ ਫਿਰ ਇੱਥੋਂ ਹਵਾਈ ਅੱਡਾ ਤੋਂ ਦਿੱਲੀ ਲਈ ਰਵਾਨਾ ਹੋਏ।

## ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਤਾਰੀਖ 'ਚ ਵਾਧਾ, 15 ਦਸੰਬਰ ਤੱਕ ਬਣਨਗੀਆਂ ਵੋਟਾਂ

ਅੰਮ੍ਰਿਤਸਰ/ਏ.ਟੀ.ਨਿਊਜ਼: ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ, ਚੰਡੀਗੜ੍ਹ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਤਾਰੀਖ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਹੁਣ 15 ਦਸੰਬਰ ਤੱਕ ਵੋਟਾਂ ਬਣਾਈਆਂ ਜਾ ਸਕਦੀਆਂ ਹਨ। ਇਸ ਸਬੰਧ ਵਿੱਚ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰ ਕੇ ਸੂਚਿਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਵੋਟਰ ਦੀ ਰਜਿਸਟਰੇਸ਼ਨ ਲਈ ਆਖਰੀ ਮਿਤੀ 31 ਅਕਤੂਬਰ ਰੱਖੀ ਗਈ ਸੀ ਪਰ ਹੁਣ ਇਸ ਵਿੱਚ ਵਾਧਾ ਕਰਦੇ ਹੋਏ ਆਖਰੀ ਮਿਤੀ 15 ਦਸੰਬਰ ਤੱਕ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮਗਰੋਂ ਵੋਟਰ ਸੂਚੀਆਂ ਤਿਆਰ ਕੀਤੀਆਂ ਜਾਣਗੀਆਂ ਅਤੇ ਇਸ ਦੀ ਮੁਢਲੀ ਪ੍ਰਕਾਸ਼ਨਾ 16 ਦਸੰਬਰ ਤੋਂ 2 ਜਨਵਰੀ ਦੇ ਵਿਚਾਲੇ ਕੀਤੀ ਜਾਵੇਗੀ। ਇਸ ਸਬੰਧ ਵਿੱਚ ਇਤਰਾਜ਼ ਅਤੇ ਦਾਅਵੇ 24 ਜਨਵਰੀ ਤੱਕ ਕੀਤੇ ਜਾ ਸਕਣਗੇ। ਇਤਰਾਜ਼ ਤੇ ਦਾਅਵੇ 5 ਫਰਵਰੀ ਤੱਕ ਦੂਰ ਕੀਤੇ ਜਾਣਗੇ ਤੇ 25 ਫਰਵਰੀ ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਹੋਵੇਗੀ।

## ਐਨ.ਕੇ. ਸ਼ਰਮਾ ਵੱਲੋਂ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ

### ਸੁਖਬੀਰ ਬਾਦਲ ਵੱਲੋਂ ਅਸਤੀਫ਼ਾ ਦੇਣ ਦੇ ਰੋਸ ਵਜੋਂ ਲਿਆ ਫ਼ੈਸਲਾ

ਜ਼ੀਰਕਪੁਰ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਡੇਰਾਬੱਸੀ ਦੇ ਸਾਬਕਾ ਵਿਧਾਇਕ ਐੱਨ.ਕੇ. ਸ਼ਰਮਾ ਨੇ ਪਾਰਟੀ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਇਹ ਫ਼ੈਸਲਾ ਲੰਘੇ ਦਿਨੀਂ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਦੇ ਰੋਸ ਵਜੋਂ ਲਿਆ। ਐੱਨ.ਕੇ. ਸ਼ਰਮਾ, ਸੁਖਬੀਰ ਬਾਦਲ ਦੇ ਕਾਫ਼ੀ ਨੇੜਲਿਆਂ 'ਚੋਂ ਹਨ। ਜਾਣਕਾਰੀ ਅਨੁਸਾਰ ਸੁਖਬੀਰ ਬਾਦਲ ਦੇ ਅਸਤੀਫ਼ੇ 'ਤੇ ਫ਼ੈਸਲੇ ਬਾਰੇ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਹੋਣੀ ਸੀ, ਜਿਸ ਤੋਂ ਪਹਿਲਾਂ ਹੀ ਸ਼ਰਮਾ ਨੇ ਆਪਣਾ ਅਸਤੀਫ਼ਾ ਦੇ ਦਿੱਤਾ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਢਾਹ ਲਾਉਣ ਲਈ ਸੁਖਬੀਰ ਬਾਦਲ ਖ਼ਿਲਾਫ਼ ਗਿਣੀ ਮਿਥੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਕੋਰ ਕਮੇਟੀ ਦੀ ਮੀਟਿੰਗ 'ਚ ਸੁਖਬੀਰ ਬਾਦਲ ਪਾਰਟੀ ਦੇ ਪ੍ਰਧਾਨ ਬਣੇ ਰਹਿੰਦੇ ਹਨ ਤਾਂ ਉਹ ਪਾਰਟੀ ਵਿੱਚ ਵਰਕਰ ਬਣ ਕੇ ਕਰਨਗੇ ਪਰ ਜੇ ਉਹ ਪਾਰਟੀ ਦੇ ਪ੍ਰਧਾਨ ਨਾ ਰਹੇ ਤਾਂ ਉਨ੍ਹਾਂ ਦਾ ਪਾਰਟੀ 'ਚ ਕੋਈ ਕੰਮ ਨਹੀਂ ਹੈ।

## ਭਰਾ ਦੇ ਭੋਗ 'ਚ ਸ਼ਾਮਲ ਹੋਣ ਲਈ ਜੱਦੀ ਪਿੰਡ ਪਹੁੰਚੇ ਬਲਵੰਤ ਸਿੰਘ ਰਾਜੋਆਣਾ

ਚੰਡੀਗੜ੍ਹ/ਏ.ਟੀ.ਨਿਊਜ਼: ਗੁਰੂਸਰ ਸੁਧਾਰ : ਬੇਅੰਤ ਸਿੰਘ ਕਤਲ ਕਾਂਡ ਦੇ ਸਬੰਧ ਵਿਚ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਬੁੱਧਵਾਰ ਨੂੰ ਆਪਣੇ ਮਰਹੂਮ ਭਰਾ ਕੁਲਵੰਤ ਸਿੰਘ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਆਪਣੇ ਜੱਦੀ ਪਿੰਡ ਰਾਜੋਆਣਾ ਪੁੱਜੇ। ਉਨ੍ਹਾਂ ਨੂੰ ਪੁਲੀਸ ਨੇ ਭਾਰੀ ਸੁਰੱਖਿਆ ਬੰਦੋਬਸਤ ਹੇਠ ਕੇਂਦਰੀ ਜੇਲ੍ਹ ਪਟਿਆਲਾ ਤੋਂ ਇਥੇ ਲਿਆਂਦਾ ਹੈ, ਜਿਨ੍ਹਾਂ ਨੂੰ ਭਰਾ ਦੇ ਭੋਗ ਵਿਚ ਸ਼ਾਮਲ ਹੋਣ ਲਈ ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਲਈ ਤਿੰਨ ਘੰਟੇ ਦੀ ਪੈਰੋਲ ਦਿੱਤੀ ਸੀ। ਕੁਲਵੰਤ ਸਿੰਘ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਪਿੰਡ ਰਾਜੋਆਣਾ ਕਲਾਂ ਦੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਹੋ ਰਿਹਾ ਹੈ, ਜਿਸ ਦੇ ਬਾਹਰ ਵੀ ਪੁਲੀਸ ਨੇ ਭਾਰੀ ਸੁਰੱਖਿਆ ਇੰਤਜ਼ਾਮ ਕੀਤੇ ਹੋਏ ਹਨ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਸ੍ਰੀ ਅਕਾਲ



ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਪੰਥਕ ਸੰਸਥਾਵਾਂ ਨੂੰ ਮਜ਼ਬੂਤ ਕਰਨ ਦਾ ਸਿੱਖ ਪੰਥ ਨੂੰ ਸੱਦਾ ਦਿੱਤਾ। ਸ਼ਰਧਾਂਜਲੀ ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਹੋਰ ਬਹੁਤ ਸਾਰੇ ਧਾਰਮਿਕ ਤੇ ਸਿਆਸੀ ਆਗੂਆਂ ਸਣੇ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ।

## ਧਰਮ ਸਥਾਨਾਂ ਵਿੱਚ ਵੀ. ਆਈ. ਪੀ. ਦਾ ਹੀ ਜਲਵਾ

### ਮੰਦਰਾਂ ਵਿੱਚ ਛੇਤੀ ਦਰਸ਼ਨ ਕਰਾਉਣ ਲਈ ਚਾਰ ਸੌ ਤੋਂ ਪੰਜ ਸੌ ਰੁਪਏ ਵਸੂਲ ਰਹੇ ਨੇ

ਕੇਂਦਰ ਨੇ 2017 ਵਿੱਚ ਮੰਤਰੀਆਂ ਤੇ ਨੌਕਰਸ਼ਾਹਾਂ ਸਮੇਤ ਵੀ.ਆਈ.ਪੀਜ਼.ਦੀਆਂ ਕਾਰਾਂ ਉੱਤੋਂ ਲਾਲ ਬੱਤੀਆਂ ਹਟਾਉਣ ਦਾ ਨਿਰਦੇਸ਼ ਜਾਰੀ ਕੀਤਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਦੋਂ 'ਮਨ ਕੀ ਬਾਤ' ਵਿੱਚ ਇਸ ਨਿਰਦੇਸ਼ ਦੇ ਹਵਾਲੇ ਨਾਲ ਕਿਹਾ ਸੀ ਕਿ ਸਰਕਾਰ ਵੈਰੀ ਇੰਪੌਰਟੈਂਟ ਪਰਸਨ (ਵੀ ਆਈ ਪੀ ਬਹੁਤ ਅਹਿਮ ਸ਼ਖਸੀਅਤ) ਨੂੰ ਐਵਰੀ ਪਰਸਨ ਇਜ਼ ਇੰਪੌਰਟੈਂਟ (ਈ ਪੀ ਆਈਹਰ ਵਿਅਕਤੀ ਅਹਿਮ) ਵਾਲੇ ਕਲਚਰ ਵਿੱਚ ਬਦਲਣਾ ਚਾਹੁੰਦੀ ਹੈ, ਕਿਉਕਿ ਹਰ ਵਿਅਕਤੀ ਦੀ ਵੁੱਕਤ ਤੇ ਅਹਿਮੀਅਤ ਹੁੰਦੀ ਹੈ। ਪ੍ਰਧਾਨ ਮੰਤਰੀ ਵੱਲੋਂ ਸੱਤ ਸਾਲ ਪਹਿਲਾਂ ਕਹੀ ਗਈ ਗੱਲ ਤੋਂ ਬਾਅਦ ਨਾਗਰਿਕਾਂ ਦੀਆਂ ਮੁਸ਼ਕਲਾਂ ਨੂੰ ਉਜਾਗਰ ਕਰਨ ਵਾਲੇ ਆਨਲਾਈਨ ਸੋਸ਼ਲ ਮੀਡੀਆ ਪਲੇਟਫਾਰਮ 'ਲੋਕਲ ਸਰਕਲਜ਼' ਵੱਲੋਂ ਕੀਤਾ ਗਿਆ ਸਰਵੇ ਦਰਸਾਉਂਦਾ ਹੈ ਕਿ ਸੜਕਾਂ, ਹਸਪਤਾਲਾਂ ਤੇ ਸਰਕਾਰੀ ਦਫਤਰਾਂ ਵਿੱਚ ਚਲਦਾ ਵੀ ਆਈ ਪੀ ਕਲਚਰ ਘਟਣ ਦੀ ਥਾਂ ਹੋਰ ਵਧ ਗਿਆ ਹੈ ਤੇ ਇੱਥੋਂ ਤੱਕ ਕਿ ਧਰਮ ਸਥਾਨਾਂ ਵਿੱਚ ਵੀ ਘੁਸਪੈਠ ਕਰ ਗਿਆ ਹੈ। ਸਰਵੇ ਅਧੀਨ ਲਿਆਂਦੇ ਗਏ 46 ਫੀਸਦੀ ਲੋਕਾਂ ਨੇ ਕਿਹਾ ਹੈ ਕਿ ਵੀ. ਆਈ. ਪੀ. ਕਲਚਰ ਵਿੱਚ ਕਮੀ ਨਹੀਂ ਆਈ, 14 ਫ਼ੀਸਦੀ ਦਾ ਵਿਸ਼ਵਾਸ ਹੈ ਕਿ ਇਹ ਕਾਫੀ ਵਧ ਗਿਆ ਹੈ ਅਤੇ 4 ਫ਼ੀਸਦੀ ਨੇ ਕਿਹਾ ਕਿ ਥੋੜ੍ਹਾ ਵਧਿਆ ਹੈ। ਸਰਵੇ ਦੌਰਾਨ 362 ਜ਼ਿਲ੍ਹਿਆਂ 'ਚ ਰਾਇ ਦੇਣ ਵਾਲੇ 8881 ਲੋਕਾਂ ਵਿੱਚੋਂ ਸਿਰਫ਼ 9 ਫੀਸਦੀ ਨੇ ਕਿਹਾ ਕਿ ਵੀ. ਆਈ. ਪੀ. ਕਲਚਰ ਵਿੱਚ ਜ਼ਿਕਰਯੋਗ ਕਮੀ ਆਈ ਹੈ, ਜਦਕਿ 26 ਫੀਸਦੀ ਨੇ ਕਿਹਾ ਕਿ ਕੁਝ ਘਟਿਆ ਹੈ।




ਸਰਕਾਰ ਜਿੰਨੇ ਮਰਜ਼ੀ ਦਾਅਵੇ ਕਰੇ, ਪਰ ਹਕੀਕਤ ਇਹ ਹੈ ਕਿ ਲਾਲ ਬੱਤੀ ਵਾਲੀਆਂ ਕਾਰਾਂ ਵਧੀਆਂ ਹਨ, ਘਟੀਆਂ ਨਹੀਂ। ਸਰਵੇ ਮੁਤਾਬਕ ਸਰਕਾਰੀ ਹਸਪਤਾਲਾਂ ਵਿੱਚ ਜਾਣ ਵਾਲੇ ਲੋਕਾਂ ਵਿੱਚੋਂ 83 ਫੀਸਦੀ, ਸਰਕਾਰੀ ਤੇ ਨਿੱਜੀ ਸਮਾਗਮਾਂ ਵਿੱਚ ਜਾਣ ਵਾਲੇ ਲੋਕਾਂ ਵਿੱਚੋਂ 79 ਫੀਸਦੀ ਅਤੇ ਧਰਮ ਸਥਾਨਾਂ ਵਿੱਚ ਜਾਣ ਵਾਲੇ 72 ਫੀਸਦੀ ਲੋਕਾਂ ਨੇ ਹੰਢਾਇਆ ਜਾਂ ਦੇਖਿਆ ਕਿ ਵੀ. ਆਈ. ਪੀ. ਦਾ ਹੀ ਜਲਵਾ ਸੀ। ਚਾਰ ਵਿੱਚੋਂ ਇਕ ਨੇ ਦੇਸ਼ ਦੇ ਸਭ ਤੋਂ ਵੱਡੇ ਹਸਪਤਾਲ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦਿੱਲੀ ਵਿੱਚ ਵੀ ਸਿਆਸਤਦਾਨਾਂ, ਨੌਕਰਸ਼ਾਹਾਂ ਤੇ ਹੋਰ ਬਾਰਸੂਖ ਲੋਕਾਂ ਨੂੰ ਤਰਜੀਹ ਮਿਲਦੀ ਦੇਖੀ। ਇਹ ਸਰਵੇ ਉਦੋਂ ਆਇਆ ਹੈ, ਜਦੋਂ ਦੇਸ਼ ਭਰ 'ਚ ਪ੍ਰਮੁੱਖ ਧਰਮ ਸਥਾਨਾਂ ਵਿੱਚ 'ਵੀ ਆਈ ਪੀ ਐਂਟਰੀ ਚਾਰਜ' ਖ਼ਿਲਾਫ਼ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਦਸੰਬਰ ਵਿੱਚ ਸੁਣਵਾਈ ਕਰਨੀ ਹੈ। ਪਟੀਸ਼ਨਰ ਨੇ ਕਿਹਾ ਕਿ ਇਸ ਨਾਲ ਗਰੀਬਾਂ ਨੂੰ ਦੇਵੀ-ਦੇਵਤਿਆਂ ਦੇ ਦਰਸ਼ਨ ਕਰਨੇ ਔਖੇ ਹੋ ਜਾਣਗੇ ਅਤੇ ਇਹ ਸੰਵਿਧਾਨ ਦੇ ਆਰਟੀਕਲ 14 (ਬਰਾਬਰੀ ਦਾ ਹੱਕ) ਅਤੇ ਆਰਟੀਕਲ 21 (ਪ੍ਰਤਿਸ਼ਠਾ ਦਾ ਹੱਕ) ਦੀ ਉਲੰਘਣਾ ਹੈ।

## ਕੈਨੇਡਾ ਨੇ ਭਾਰਤ ਜਾਣ ਵਾਲੀਆਂ ਉਡਾਣਾਂ ਲਈ ਹਵਾਈ ਅੱਡਿਆਂ 'ਤੇ ਸੁਰੱਖਿਆ ਵਧਾਈ



ਵਿਨੀਪੈਗ/ਏ.ਟੀ.ਨਿਊਜ਼ :- ਕੈਨੇਡਾ ਤੋਂ ਭਾਰਤ ਦੀ ਯਾਤਰਾ ਕਰਨ ਵਾਲੇ ਮੁਸਾਫ਼ਰਾਂ ਨੂੰ ਜਲਦੀ ਹੀ ਕੈਨੇਡੀਅਨ ਹਵਾਈ ਅੱਡਿਆਂ ਤੋਂ ਰਵਾਨਾ ਹੋਣ 'ਤੇ ਹੋਰ ਸਖ਼ਤ ਸੁਰੱਖਿਆ ਉਪਾਵਾਂ ਦਾ ਸਾਹਮਣਾ ਕਰਨਾ ਪਵੇਗਾ। ਟਰਾਂਸਪੋਰਟ ਮੰਤਰੀ ਅਨੀਤਾ ਆਨੰਦ ਵੱਲੋਂ ਐਲਾਨਿਆ ਗਿਆ ਇਹ ਫ਼ੈਸਲਾ ਨਵੇਂ ਅਸਥਾਈ ਪ੍ਰੋਟੋਕੋਲ ਦਾ ਹਿੱਸਾ ਹੈ। ਫੈਡਰਲ ਸਰਕਾਰ ਵੱਲੋਂ ਨਵੇਂ ਸੁਰੱਖਿਆ ਨਿਯਮ ਲਿਆਂਦੇ ਗਏ ਹਨ ਜਿਨ੍ਹਾਂ ਦੀ ਪਾਲਣਾ ਕਰਦਿਆਂ ਭਾਰਤ ਜਾਣ ਵਾਲੇ ਮੁਸਾਫ਼ਰਾਂ ਦੀ ਬਾਰੀਕੀ ਨਾਲ ਪੁਣ-ਛਾਣ ਕੀਤੀ ਜਾਵੇਗੀ ਅਤੇ ਬਾਰਡਰ ਅਫ਼ਸਰ ਉਨ੍ਹਾਂ ਦੇ ਸਾਮਾਨ ਦੀ ਡੂੰਘਾਈ ਨਾਲ ਤਲਾਸ਼ੀ ਵੀ ਲੈਣਗੇ।

ਉਨ੍ਹਾਂ ਕਿਹਾ, ਟਰਾਂਸਪੋਰਟ ਕੈਨੇਡਾ ਨੇ ਚੌਕਸੀ ਵਜੋਂ ਅਸਥਾਈ ਵਾਧੂ ਸੁਰੱਖਿਆ ਜਾਂਚ ਉਪਾਅ ਲਾਗੂ ਕੀਤੇ ਹਨ।" ਉਨ੍ਹਾਂ ਜਨਤਾ ਦੀ ਰੱਖਿਆ ਕਰਨ ਅਤੇ ਹਵਾਈ ਯਾਤਰਾ ਦੀ ਅਖੰਡਤਾ ਨੂੰ ਬਣਾਈ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਰਿਪੋਰਟ ਮੁਤਾਬਕ ਇਕ ਸਰਕਾਰੀ ਅਫ਼ਸਰ ਨੇ ਪਛਾਣ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਨਵੇਂ ਸੁਰੱਖਿਆ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਕੈਨੇਡੀਅਨ ਏਅਰ ਟ੍ਰਾਂਸਪੋਰਟ ਸਕਿਉਰਿਟੀ ਅਥਾਰਿਟੀ ਨੂੰ ਸੌਂਪੀ ਗਈ ਹੈ।

# 104 ਸਾਲ ਦੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

## ਸਿੱਖ ਕੌਮ ਦੀ ਸਿਰਮੌਰ ਸੰਸਥਾ ਅੰਗਰੇਜ਼ਾਂ ਸਮੇਂ 1920 ਨੂੰ ਹੋਂਦ ਵਿੱਚ ਆਈ

ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖ ਕੌਮ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ 104 ਸਾਲ ਦੀ ਹੋ ਗਈ ਹੈ। ਸਿੱਖ ਪੰਥ ਦੀ ਇਹ ਸਿਰਮੌਰ ਸੰਸਥਾ, ਅੰਗਰੇਜ਼ ਸਾਮਰਾਜ ਵੇਲੇ 1920 ਵਿੱਚ ਬਣੀ। ਇਸ ਸਬੰਧੀ ਐਕਟ 1920 ਨੂੰ ਹੋਂਦ ਵਿੱਚ ਆਇਆ। ਇਸ ਦੇ ਮੈਂਬਰਜ਼ ਦੀ ਚੋਣ ਹਰ ਪੰਜ ਸਾਲ ਬਾਅਦ ਕਰਵਾਉਣ ਦੀ ਵਿਵਸਥਾ ਕੀਤੀ ਗਈ।

ਗੁਰਦੁਆਰਿਆਂ ਵਿੱਚ ਉਸ ਵੇਲੇ ਦੇ ਮਹੰਤਾਂ ਦੀਆਂ ਮਨਮਤੀਆਂ ਤੇ ਚਰਿੱਤਰਹੀਣ ਕਾਰਵਾਈਆਂ ਵਿਰੁੱਧ ਸਿੰਘ ਸਭਾਵਾਂ ਨੂੰ ਮਸੰਦ ਕੱਢਣ ਲਈ ਬੇਹਦ



ਕੁਰਬਾਨੀਆਂ ਦੇਣੀਆਂ ਪਈਆਂ। ਇਸ ਦੇ ਸਿੱਟੇ ਵਜੋਂ ਇਹ ਮਹਾਨ ਸੰਸਥਾ ਦਾ ਜਨਮ ਹੋਇਆ। ਹਿੰਦ ਪਾਕਿ ਵੰਡ ਬਾਅਦ ਕਾਫ਼ੀ ਪ੍ਰਸਿੱਧ ਗੁਰਧਾਮ ਪਾਕਿਸਤਾਨ ਵਿੱਚ ਰਹਿ ਗਏ।

ਅਜ਼ਾਦੀ ਬਾਅਦ ਇਸ ਸੰਸਥਾ ਦੀਆਂ ਚੋਣਾਂ ਕਰੀਬ ਪੰਜ ਸਾਲ ਬਾਅਦ ਹੁੰਦੀਆਂ ਰਹੀਆਂ। ਪਰ 1966 ਵਿੱਚ ਪੰਜਾਬੀ ਸੂਬਾ ਬਣਨ ਦੌਰਾਨ ਮੁੜ ਵੰਡ ਹੋਣ ਨਾਲ, ਇਹ ਪੰਜਾਬ ਤਿੰਨ ਭਾਗਾਂ ਵਿੱਚ ਵੰਡਣ ਨਾਲ ਹਰਿਅਣਾ ਤੇ ਹਿਮਾਚਲ ਪ੍ਰਦੇਸ਼ ਨਵੇਂ ਸੂਬੇ ਹੋਂਦ ਵਿੱਚ ਆਏ। ਇਸ ਕਾਣੀ ਵੰਡ ਨਾਲ ਕਾਫ਼ੀ ਗੁਰਧਾਮ ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵਿੱਚ ਚਲੇ ਗਏ। ਸਿੱਖ ਲੀਡਰਸ਼ਿਪ ਦੀਆਂ ਕਮਜ਼ੋਰੀਆਂ ਕਾਰਨ ਦਿੱਲੀ ਗੁਰਦੁਆਰਾ ਕਮੇਟੀ ਪ੍ਰਬੰਧਕ ਕਮੇਟੀ ਅਤੇ ਹੁਣ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਕਾਰ ਨੇ ਬਣਾ ਦਿਤੀ। ਇਸ ਨਾਲ ਪੰਥ ਕਮਜ਼ੋਰ ਹੋ ਗਿਆ।

ਪੰਜਾਬ ਦੇ ਅਸ਼ਾਂਤ ਸਮਿਆਂ ਦੌਰਾਨ ਵੀ ਸੰਸਥਾ ਦਾ ਕਾਫ਼ੀ ਨੁਕਸਾਨ ਹੋਇਆ। ਸ਼੍ਰੋਮਣੀ ਕਮੇਟੀ ਦੀ ਗੱਲ ਕਰੀਏ ਤਾਂ ਸਪਸ਼ਟ ਹੁੰਦਾ ਹੈ ਕਿ 28 ਸਾਲ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪੰਥ ਰਤਨ ਮਾਸਟਰ ਤਾਰਾ ਸਿੰਘ ਦੋ ਪ੍ਰਧਾਨ, ਸਭ ਤੋਂ ਵੱਧ ਤਾਕਤਵਰ ਰਹੇ ਜਿਨ੍ਹਾਂ ਤੋਂ ਸਰਕਾਰਾਂ ਡਰਦੀਆਂ ਸਨ।

# ਸੁਖਬੀਰ ਬਾਦਲ ਦੇ ਅੜੀਅਲ ਰਵਈਏ ਕਾਰਨ ਹੀ ਅਕਾਲੀ ਦਲ ਦਾ ਬੁਰਾ ਹਸ਼ਰ ਹੋਇਆ : ਢੀਂਡਸਾ

ਚੰਡੀਗੜ੍ਹ/ਏ.ਟੀ.ਨਿਊਜ਼: ਬਾਗ਼ੀ ਅਕਾਲੀ ਧੜੇ ਨਾਲ ਜੁੜੇ ਪ੍ਰਮੁੱਖ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਮੌਜੂਦਾ ਪੰਥਕ ਅਤੇ ਸਿਆਸੀ ਹਲਾਤ ’ਤੇ ਚਿੰਤਾ ਪ੍ਰਗਟ ਕੀਤੀ ਹੈ। ਢੀਂਡਸਾ ਨੇ ਕਿਹਾ ਕਿ ਅੱਜ ਕਿੰਨੇ ਦੁੱਖ ਦੀ ਗੱਲ ਹੈ ਕਿ ਪੰਥ ਅਤੇ ਪੰਜਾਬ ਦੀ ਸਿਰਮੌਰ ਜਥੇਬੰਦੀ ਮੌਜੂਦਾ ਸਿਆਸੀ ਹਾਲਾਤ ਵਿੱਚ ਚਾਰ ਉਮੀਦਵਾਰ ਨਹੀਂ ਉਤਾਰ ਸਕੀ। ਇਸ ਨਾਲ ਹੀ ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਇਸ ਤੋਂ ਵੀ ਮਾੜੇ ਹਾਲਾਤ ਵਿੱਚ ਅਪਨਾ ਝੰਡਾ ਬੁਲੰਦ ਰਖਿਆ ਸੀ, ਜਦੋਂ ਕੇਂਦਰ ਦੀ ਸੱਤਾ ’ਤੇ ਕਾਬਜ਼ ਧਿਰ ਉਨ੍ਹਾਂ ਨੂੰ ਜਾਤੀ ਅਤੇ ਸਿਆਸੀ ਤੌਰ ’ਤੇ ਰੋਕਣ ਦੀ ਕੋਸ਼ਿਸ਼ ਕਰਦੀ ਰਹੀ ਸੀ ਪਰ ਅੱਜ ਜਦੋਂ ਪਾਰਟੀ ਅਪਣਾ ਸੌ ਸਾਲਾ ਇਤਿਹਾਸ ਬਣਾ ਚੁੱਕੀ ਸੀ ਉਸ ਵੇਲੇ ਸਾਡੇ ਕੋਲ ਚਾਰ ਉਮੀਦਵਾਰ ਹੀ ਚੋਣ ਪਿੜ ਵਿੱਚ ਉਤਾਰਨ ਲਈ ਨਹੀਂ ਸਨ।

ਢੀਂਡਸਾ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਮੌਜੂਦਾ ਹਾਲਾਤ ਲਈ ਸਿੱਧੇ ਤੌਰ ’ਤੇ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਕਿਹਾ ਕਿ ਜਦੋਂ ਤੋਂ



ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਕਮਾਨ ਸੰਭਾਲੀ ਹੈ ਉਸ ਸਮੇਂ ਤੋਂ ਅਕਾਲੀ ਦਲ ਹਾਸ਼ੀਏ ’ਤੇ ਆਉਂਦਾ ਗਿਆ ਅਤੇ ਲਗਾਤਾਰ ਪਿਛਲੀਆਂ ਚਾਰ ਚੋਣਾਂ ਵਿੱਚ ਅਕਾਲੀ ਦਲ ਨੂੰ ਮੂੰਹ ਦੀ ਖਾਣੀ ਪਈ। ਅਕਾਲੀ ਦਲ ਅਪਣੇ ਸੌ ਵਰ੍ਹੇ ਮੌਕੇ ਮਹਿਜ ਤਿੰਨ ਸੀਟਾਂ ’ਤੇ ਸਿਮਟ ਗਿਆ ਅਤੇ ਲੰਘੀਆਂ ਲੋਕ ਸਭਾ ਚੋਣਾਂ ਵਿੱਚ ਦਸ ਸੀਟਾਂ ’ਤੇ ਜ਼ਮਾਨਤ ਜ਼ਬਤ ਹੋਈ। ਢੀਂਡਸਾ ਨੇ ਮੁੜ ਉਸ ਗੱਲ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੇ 2017 ਵਿੱਚ ਹੋਈ ਨਮੋਸ਼ੀਜਨਕ ਹਾਰ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੂੰ ਅਸਤੀਫ਼ਾ ਦੇ ਕੇ ਪਾਸੇ ਹਟ ਜਾਣ ਦੀ ਬੇਨਤੀ (**ਬਾਕੀ ਸਫ਼ਾ 31 ’ਤੇ**)

# ਸਿੱਖ ਧਰਮੀ ਫ਼ੌਜੀਆਂ ਨੂੰ ਇਨਸਾਫ਼ ਦਿੱਤਾ ਜਾਵੇ: ਧਰਮੀ ਫ਼ੌਜੀ

ਧਾਰੀਵਾਲ/ਏ.ਟੀ.ਨਿਊਜ਼ : ਸਮੂਹ ਸਿੱਖ ਧਰਮੀ ਫ਼ੌਜੀ ਜੂਨ 1984 ਪ੍ਰਵਾਰ ਵੈਲਫ਼ੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਪ੍ਰੈਸ ਕਾਨਫ਼ਰੰਸ ਦੌਰਾਨ ਕਿਹਾ ਕਿ ਸਿੱਖ ਧਰਮ ਅਤੇ ਸਿੱਖ ਕੌਮ ’ਤੇ ਸਭ ਤੋਂ ਵੱਡਾ ਹਮਲਾ 1984 ਦੌਰਾਨ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ ਜਿਸ ਦੌਰਾਨ ਨਿਰਦੋਸ਼ ਹਜ਼ਾਰਾਂ ਸੰਗਤਾਂ ਪ੍ਰਕਰਮਾ ਅਤੇ ਸ੍ਰੀ ਦਰਬਾਰ ਸਾਹਿਬ ਵਿੱਚ ਸ਼ਹੀਦ ਹੋਈਆਂ, ਜਿਸ ਦੇ ਰੋਸ ਵਜੋਂ ਸਿੱਖ ਧਰਮੀ ਫ਼ੌਜੀਆਂ ਨੇ ਬੈਂਰਕਾਂ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਫ਼ੌਜ ਤੋਂ ਆਜ਼ਾਦ ਕਰਵਾਉਣ ਲਈ ਸ੍ਰੀ ਅੰਮ੍ਰਿਤਸਰ ਵਲ ਕੂਚ ਕੀਤਾ ਜਿਸ ਦੌਰਾਨ ਧਰਮੀ ਫ਼ੌਜੀਆਂ ਦਾ ਅਤੇ ਉਨ੍ਹਾਂ ਦੇ ਪ੍ਰਵਾਰਾਂ ਦਾ ਭਾਰੀ ਨੁਕਸਾਨ ਹੋਇਆ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਜੂਨ 1984 ਦਾ ਫ਼ੌਜੀ ਹਮਲਾ ਕਾਂਗਰਸ ਪਾਰਟੀ ਨੇ ਕੀਤਾ। ਭਾਜਪਾ, ਸ਼੍ਰੋਮਣੀ ਅਕਾਲੀ ਦਲ ਨੇ ਹਮਾਇਤ ਕੀਤੀ ਜਦਕਿ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਦੇ 40 ਸਾਲ ਬੀਤ ਜਾਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਧਰਮੀ ਫ਼ੌਜੀਆਂ ਨੂੰ ਕੋਈ ਖ਼ਾਸ ਇਨਸਾਫ਼ ਦੇਣ ਵਿੱਚ ਨਾਕਾਮ ਰਹੀ ਜਦਕਿ ਜੂਨ 1984 ਦੇ ਹਮਲੇ ਨੂੰ



ਅਤਿਵਾਦ ਨਾਲ ਜੋੜ ਕੇ ਬਦਨਾਮ ਕੀਤਾ ਗਿਆ ਅਤੇ ਸਿੱਖ ਯੋਧਿਆਂ ਨੂੰ ਬੰਦੀ ਸਿੰਘ ਬਣਾ ਦਿੱਤਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਕਾਰ ਵਿੱਚ ਰਹਿੰਦੇ ਹੋਏ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕਦੇ ਕੋਈ ਯਤਨ ਨਹੀਂ ਕੀਤਾ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਸ਼੍ਰੋਮਣੀ ਕਮੇਟੀ ਸਮੇਤ ਹੋਰ ਧਾਰਮਿਕ ਸੰਸਥਾਵਾਂ ਤੇ ਸ਼ਖ਼ਸੀਅਤਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਧਾਰਮਿਕ ਪ੍ਰੋਗਰਾਮ ਹੋਣ ਤਾਂ ਉਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਢਹਿ-ਢੇਰੀ ਹੋਣ ਦੇ ਬੈਨਰ ਲਗਾਏ ਜਾਣ ਅਤੇ ਪ੍ਰੋਗਰਾਮ ਦੌਰਾਨ ਸਟੇਜਾਂ ’ਤੇ ਢਾਡੀ-ਰਾਗੀ, ਕਥਾਵਾਚਕ, ਅਕਾਲੀ ਦਲ ਅਤੇ ਐਸ.ਜੀ.ਪੀ.ਸੀ. ਜ਼ਰੂਰ 5 ਮਿੰਟ ਜੂਨ 1984 ਦੇ ਫ਼ੌਜੀ ਹਮਲੇ ਦਾ ਜ਼ਿਕਰ ਕਰਨ ਤਾਂ ਜੋ ਸਿੱਖ ਨੌਜਵਾਨਾਂ ਨੂੰ ਗਿਆਨ ਹੋਵੇ ਕਿ ਸਿੱਖ ਕੌਮ ਉਪਰ ਸਮੇਂ ਸਮੇਂ ’ਤੇ ਕਿਵੇਂ ਤਸ਼ੱਦਦ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਜੂਨ 1984 ਦੇ ਫ਼ੌਜੀ ਹਮਲੇ ਦਾ ਇਨਸਾਫ਼ ਨਾ ਕਰਨ, ਧਰਮੀ ਫ਼ੌਜੀਆਂ ਦੀਆਂ ਕੁਰਬਾਨੀ ਦਾ ਮੁਲ ਨਾ ਪਾਉਣ, 1984 ਦੇ ਪੀੜਤਾਂ ਨੂੰ ਅਣਡਿੱਠਾ ਕਰਨ ਅਤੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਠੋਸ ਨੀਤੀ ਨਾ ਅਪਣਾਉਣ ਕਰ ਕੇ ਸ਼੍ਰੋਮਣੀ ਅਕਾਲੀ ਦਲ ਦਾ ਇਹ ਹਸ਼ਰ ਹੋਇਆ ਹੈ ਜਿਸ ’ਤੇ ਵਿਚਾਰ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਬਚਾਉਣ ਦੀ ਲੋੜ ਹੈ।

# ਰਾਜੋਆਣਾ ਦੀ ਪਟੀਸ਼ਨ ਰਾਸ਼ਟਰਪਤੀ ਸਾਹਮਣੇ ਪੇਸ਼ ਕਰਨ ਸਬੰਧੀ ਹੁਕਮਾਂ ’ਤੇ ਸੁਪਰੀਮ ਕੋਰਟ ਵੱਲੋਂ ਰੋਕ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਆਪਣੇ ਉਸ ਹੁਕਮ ’ਤੇ ਰੋਕ ਲਗਾ ਦਿੱਤੀ, ਜਿਸ ਤਹਿਤ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਸਕੱਤਰ ਨੂੰ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ 1995 ’ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ’ਚ ਮੌਤ ਦੀ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ ਰਾਸ਼ਟਰਪਤੀ ਸਾਹਮਣੇ ਪੇਸ਼ ਕਰਨ। ਜਸਟਿਸ ਬੀ.ਆਰ. ਗਵਈ, ਜਸਟਿਸ ਪੀ.ਕੇ. ਮਿਸ਼ਰਾ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਬੀਤੇ ਦਿਨ ਸਵੇਰੇ ਪਾਸ ਹੁਕਮ ’ਚ ਰਾਸ਼ਟਰਪਤੀ ਮੁਰਮੂ ਨੂੰ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ ’ਤੇ ਦੋ ਹਫ਼ਤਿਆਂ ਅੰਦਰ ਵਿਚਾਰ ਕਰਨ ਦੀ ਅਪੀਲ ਕੀਤੀ ਸੀ। ਹਾਲਾਂਕਿ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਅਪੀਲ ਕੀਤੀ ਕਿ ਇਸ ਹੁਕਮ ’ਤੇ ਅਮਲ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਇਹ ਮੁੱਦਾ ਬਹੁਤ ‘ਸੰਵੇਦਨਸ਼ੀਲ’ ਹੈ ਅਤੇ ਇਸ ’ਤੇ ਸ਼ੁੱਕਰਵਾਰ ਨੂੰ ਸੁਣਵਾਈ ਕੀਤੀ ਜਾਣੀ ਚਾਹੀਦੀ ਹੈ। ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਫਾਈਲ ਅਜੇ ਗ੍ਰਹਿ ਮੰਤਰਾਲੇ ਕੋਲ ਹੈ, ਰਾਸ਼ਟਰਪਤੀ ਕੋਲ ਨਹੀਂ। ਬੈਂਚ ਨੇ ਮਹਿਤਾ ਦੀ ਅਪੀਲ ਸਵੀਕਾਰ ਕਰ ਲਈ ਅਤੇ ਮਾਮਲਾ



ਸੋਮਵਾਰ ਨੂੰ ਅਗਲੀ ਸੁਣਵਾਈ ਲਈ ਸੂਚੀਬੱਧ ਕੀਤਾ ਹੈ। ਸੁਣਵਾਈ ਸ਼ੁਰੂ ਕਰਦਿਆਂ ਕਿਹਾ, ‘ਮਾਮਲੇ ਦੀ ਸੁਣਵਾਈ ਲਈ ਖਾਸ ਤੌਰ ’ਤੇ ਦਿਨ ਤੈਅ ਕੀਤੇ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਪੇਸ਼ ਨਹੀਂ ਹੋਇਆ। ਬੈਂਚ ਸਿਰਫ਼ ਇਸੇ ਮਾਮਲੇ ਦੀ ਸੁਣਵਾਈ ਲਈ ਬੈਠਾ ਸੀ।’ ਉਸ ਨੇ ਕਿਹਾ, ‘ਪਿਛਲੀ ਤਰੀਕ ’ਤੇ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਗਈ ਸੀ ਤਾਂ ਜੋ ਕੇਂਦਰ ਸਰਕਾਰ ਰਾਸ਼ਟਰਪਤੀ ਦਫ਼ਤਰ ਤੋਂ ਇਹ ਨਿਰਦੇਸ਼ ਲੈ ਸਕੇ ਕਿ ਰਹਿਮ ਦੀ ਪਟੀਸ਼ਨ ’ਤੇ ਕਦੋਂ ਤੱਕ ਫ਼ੈਸਲਾ ਲਿਆ ਜਾਵੇਗਾ। ਇਸ ਗੱਲ ਨੂੰ ਧਿਆਨ ’ਚ ਰਖਦਿਆਂ ਕਿ ਪਟੀਸ਼ਨਰ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ, ਅਸੀਂ ਰਾਸ਼ਟਰਪਤੀ ਦੇ ਸਕੱਤਰ ਨੂੰ ਨਿਰਦੇਸ਼ ਦਿੰਦੇ ਹਾਂ ਕਿ ਉਹ ਮਾਮਲਾ ਰਾਸ਼ਟਰਪਤੀ ਸਾਹਮਣੇ ਰੱਖਣ ਅਤੇ ਅਪੀਲ ਕਰਨ ਕਿ ਉਹ ਦੋ ਹਫ਼ਤਿਆਂ ਅੰਦਰ ਇਸ ’ਤੇ ਵਿਚਾਰ ਕਰਨ।’

### ਸੁਪਰੀਮ ਕੋਰਟ ਨੇ ਪਿਛਲੇ ਸਾਲ ਮੌਤ ਦੀ ਸਜ਼ਾ ਤਬਦੀਲ ਕਰਨ ਤੋਂ ਕੀਤਾ ਸੀ ਇਨਕਾਰ

ਸੁਪਰੀਮ ਕੋਰਟ ਨੇ ਪਿਛਲੇ ਸਾਲ ਤਿੰਨ ਮਈ ਨੂੰ ਰਾਜੋਆਣਾ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਉਮਰ ਕੈਦ ’ਚ ਤਬਦੀਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਤੇ ਕਿਹਾ ਸੀ ਕਿ ਸਮਰੱਥ ਅਥਾਰਿਟੀ ਉਸ ਦੀ ਰਹਿਮ ਦੀ ਪਟੀਸ਼ਨ ’ਤੇ ਵਿਚਾਰ ਕਰ ਸਕਦੀ ਹੈ। ਰਾਜੋਆਣਾ ਨੂੰ 31 ਅਗਸਤ 1995 ਨੂੰ ਚੰਡੀਗੜ੍ਹ ’ਚ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਹੋਏ ਧਮਾਕੇ ਦੇ ਮਾਮਲੇ ’ਚ ਦੋਸ਼ੀ ਪਾਇਆ ਗਿਆ ਸੀ। ਇਸ ਘਟਨਾ ’ਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਤੇ 16 ਹੋ ਵਿਅਕਤੀ ਮਾਰੇ ਗਏ ਸਨ। ਜੁਲਾਈ 2007 ’ਚ ਇੱਕ ਵਿਸ਼ੇਸ਼ ਅਦਾਲਤ ਨੇ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਨੇ ਆਪਣੀ ਪਟੀਸ਼ਨ ’ਚ ਕਿਹਾ ਹੈ ਕਿ ਮਾਰਚ 2012 ’ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਵੱਲੋਂ ਸੰਵਿਧਾਨ ਦੀ ਧਾਰਾ-72 ਤਹਿਤ ਇੱਕ ਰਹਿਮ ਦੀ ਪਟੀਸ਼ਨ ਦਾਇਰ ਕੀਤੀ ਸੀ।

# ਆਸਟ੍ਰੇਲੀਆ ਦੇ ਸ਼ਰਧਾਲੂ ਪਰਿਵਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਵਾਲੀ ਬੱਸ ਸ਼੍ਰੋਮਣੀ ਕਮੇਟੀ ਨੂੰ ਕੀਤੀ ਭੇਟ

ਅੰਮ੍ਰਿਤਸਰ/ਏ.ਟੀ.ਨਿਊਜ਼: ਆਸਟ੍ਰੇਲੀਆ ਨਿਵਾਸੀ ਜਤਿੰਦਰ ਸਿੰਘ ਉੱਪਲ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਲਈ ਪਾਲਕੀ ਸਾਹਿਬ ਵਾਲੀ ਬੱਸ ਭੇਟ ਕੀਤੀ ਗਈ, ਜਿਸ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਸੌਂਪੀਆਂ ਗਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਅਤੇ ਮਰਯਾਦਾ ਨੂੰ ਧਿਆਨ ਵਿੱਚ ਰੱਖਦਿਆਂ ਇਸ ਬੱਸ ਨੂੰ ਵਿਸ਼ੇਸ਼ ਤੌਰ ’ਤੇ ਤਿਆਰ ਕਰਵਾਇਆ ਗਿਆ ਹੈ, ਜਿਸ ਅੰਦਰ 300 ਪਾਵਨ ਸਰੂਪ ਸੁਭਾਇਮਾਨ ਕੀਤੇ ਜਾ ਸਕਦੇ ਹਨ।



ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦਸਿਆ ਕਿ ਆਸਟ੍ਰੇਲੀਆ ਦੀਆਂ ਸੰਗਤਾਂ ਦੀ ਮੰਗ ’ਤੇ ਬੀਤੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਆਸਟ੍ਰੇਲੀਆ ਭੇਜੇ ਗਏ ਸਨ, ਜਿਸ ਦੇ ਧੰਨਵਾਦ ਵਜੋਂ ਜਤਿੰਦਰ ਸਿੰਘ ਉੱਪਲ ਅਤੇ ਉਨ੍ਹਾਂ ਦੇ ਪਰਿਵਾਰ ਨੇ ਪਾਵਨ ਸਰੂਪਾਂ ਵਾਲੀ ਵਿਸ਼ੇਸ਼ ਬੱਸ ਤਿਆਰ ਕਰਵਾ ਕੇ ਸ਼੍ਰੋਮਣੀ ਕਮੇਟੀ ਨੂੰ ਦਿਤੀ ਹੈ। ਇਸ ਦੌਰਾਨ ਜਤਿੰਦਰ ਸਿੰਘ ਉੱਪਲ ਨੇ ਕਿਹਾ ਕਿ ਗੁਰੂ ਸਾਹਿਬ ਨੇ ਆਪ ਰਹਿਮਤ ਕਰ ਕੇ ਉਨ੍ਹਾਂ ਪਾਸੋਂ ਇਹ ਸੇਵਾ ਲਈ ਹੈ।

ਉਨ੍ਹਾਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਉਹ ਗੁਰੂ ਘਰ ਦੀਆਂ ਸੇਵਾਵਾਂ ਇਸੇ ਤਰ੍ਹਾਂ ਹੀ ਕਰਵਾਉਂਦੇ ਰਹਿਣ। ਇਸ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਜਤਿੰਦਰ ਸਿੰਘ ਉੱਪਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ, ਲੋਈ ਤੇ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਓ.ਐਸ.ਡੀ. ਸਤਬੀਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਆਦਿ ਮੌਜੂਦ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਇੱਕੋ ਸਿੱਕੇ ਦੇ ਦੋ ਪਾਸੇ ਹਨ ਆਵਾਸ ਤੇ ਪਰਵਾਸ

ਪੰਜਾਬ ਦੇ ਵਿੱਚ ਜਿੱਥੇ ਹੋਰ ਬਹੁਤ ਸਾਰੇ ਮਸਲੇ ਤੇ ਸਮੱਸਿਆਵਾਂ ਮੂੰਹ ਅੱਡੀ ਖੜੀਆਂ ਨੇ, ਉੱਥੇ ਪੰਜਾਬ ਦਾ ਵੱਡਾ ਮਸਲਾ 'ਪਰਵਾਸ' ਵੀ ਰਿਹਾ ਹੈ ਪਰ ਹੁਣ ਮਸਲਾ ਆਵਾਸ ਤੇ ਪਰਵਾਸ ਦਾ ਹੋ ਗਿਆ ਹੈ ਜੋ ਕਿ ਦੋਵੇਂ ਹੀ ਚਿੰਤਾਜਨਕ ਨੇ। ਸੁਭਾਵਿਕ ਹੈ ਕਿ ਆਬਾਦੀ ਦਾ ਸਮੀਕਰਨ ਵੀ ਬਦਲੇਗਾ। 2011 ਤੋਂ ਬਾਅਦ 2021-22 ਮਰਦਮਸ਼ੁਮਾਰੀ ਨਹੀਂ ਹੋਈ, ਭਾਵੇਂਕਿ ਬਹੁਤ ਸਾਰੀਆਂ ਸੰਸਥਾਵਾਂ ਨੇ ਪੰਜਾਬ ਤੋਂ ਬਾਹਰ ਜਾਣ ਵਾਲਿਆਂ ਦੀ ਗਿਣਤੀ ਦਾ ਜ਼ਿਕਰ ਕੀਤਾ ਹੈ ਪਰ ਆਉਣ ਵਾਲਿਆਂ ਦੀ ਗਿਣਤੀ ਦਾ ਜ਼ਿਕਰ ਸਰਕਾਰੀ ਤੌਰ 'ਤੇ ਕਿਤੇ ਵੀ ਨਹੀਂ ਹੈ ਸਿਰਫ਼ ਅੰਦਾਜ਼ੇ ਹੀ ਨੇ। ਸਥਾਨਕ ਆਬਾਦੀ ਵਿੱਚ ਬਾਹਰੋਂ ਕਿੰਨੇ ਲੋਕ, ਕਿਹੜੇ ਰਾਜਾਂ ਤੋਂ ਕਦੋਂ ਆਏ, ਇਹ ਮਰਦਮ ਸ਼ੁਮਾਰੀ ਜਾਂ ਸਰਕਾਰੀ ਅੰਕੜਿਆਂ ਦੀ ਅਣਹੋਂਦ ਕਾਰਨ ਕਿਆਸ ਅਰਾਈਆਂ ਹੀ ਨੇ। ਸੋ ਸੱਚ ਕੀ ਹੈ ? ਇਹ ਡੂੰਘੀ ਵਿਚਾਰ ਚਰਚਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਇਸ ਸਮੇਂ ਸੋਚ ਦੀ ਧਾਰਨਾ ਨੂੰ ਦੋ ਪੱਖਾਂ ਤੋਂ ਵੇਖਿਆ ਜਾ ਰਿਹਾ ਹੈ। ਇੱਕ ਪ੍ਰਕਿਰਿਆ ਵਿੱਚ ਅਸੀਂ ਬਾਹਰੋਂ ਪੰਜਾਬ ਵਿੱਚ ਆਉਣ ਵਾਲਿਆਂ ਨੂੰ ਨਕਾਰ ਰਹੇ ਹਾਂ ਤੇ ਪੰਜਾਬ ਵਿਚੋਂ ਬਾਹਰ ਵਿਦੇਸ਼ਾਂ ਦੀ ਧਰਤੀ 'ਤੇ ਜਾ ਕੇ ਉਥੋਂ ਦੇ ਵਸਨੀਕ ਬਣਨ 'ਤੇ, ਉਥੋਂ ਦੀ ਰਾਜਨੀਤੀ ਦੇ ਵਿੱਚ ਪੈਰ ਪੱਕੇ ਕਰਨ ਵਰਗੀਆਂ ਪ੍ਰਾਪਤੀਆਂ ਦਾ ਸਵਾਗਤ ਕਰ ਰਹੇ ਹਾਂ। ਪੰਜਾਬ ਤੋਂ ਪਰਵਾਸ ਕਰਨ ਦਾ ਰੁਝਾਨ ਕੋਈ ਨਵਾਂ ਨਹੀਂ ਹੈ। ਕੋਈ ਸਮਾਂ ਸੀ ਕਿ ਪੰਜਾਬ ਦੇ ਪੱਗੜੀਧਾਰੀ ਨੌਜਵਾਨ ਜਾਨਾਂ ਬਚਾਉਣ ਦੇ ਲਈ ਜਾਂ ਮਾਪੇ ਆਪਣੇ ਪੁੱਤ ਬਚਾਉਣ ਦੇ ਲਈ ਜਹਾਜ਼ ਚੜ੍ਹਾ ਦਿੰਦੇ ਸੀ ਤੇ ਸੁਰਖ਼ਰੂ ਹੋ ਜਾਂਦੇ ਸੀ ਪਰ ਹੁਣ ਵੀ ਤਾਂ ਮਾਪੇ ਬਿਨਾ ਅੱਗਾ ਪਿੱਛਾ ਦੇਖੇ ਆਪਣੇ ਬੱਚਿਆਂ ਨੂੰ ਜਹਾਜ਼ੇ ਚੜ੍ਹਾ ਕੇ ਸੁੱਖ ਦਾ ਸਾਹ ਲੈ ਰਹੇ ਨੇ। ਕਈਆਂ ਦੀ ਮਜਬੂਰੀ ਹੈ ਪਰ ਕਈ ਰਿਜ਼ਕ ਨੂੰ ਠੋਕਰ ਮਾਰ ਕੇ ਸ਼ਿਫ਼ਟਾਂ ਦੀ ਜ਼ਿੰਦਗੀ ਜਿਊਣਾ ਪੰਜਾਬ ਦੀ ਸਰਦਾਰੀ ਨਾਲੋਂ ਬਿਹਤਰ ਮੰਨ ਰਹੇ ਹਨ। ਕੇਰਲ ਤੋਂ ਬਾਅਦ ਪੰਜਾਬ ਦਾ ਹੀ ਨੰਬਰ ਆਉਂਦਾ ਹੈ ਜਿੱਥੋਂ ਸਭ ਤੋਂ ਵਧੇਰੇ ਲੋਕ ਦੂਜੇ ਮੁਲਕਾਂ ਨੂੰ ਗਏ ਨੇ। ਕੁਝ ਸਾਲ ਪਹਿਲਾਂ ਦੀ ਗੱਲ ਕਰੀਏ ਤਾਂ ਲੋਕ ਵਿਦੇਸ਼ ਜਾਂਦੇ ਸਨ ਪਰ ਉਚੇਰੀ ਵਿਦਿਆ ਹਾਸਲ ਕਰਨ ਦੇ ਲਈ। ਫਿਰ ਡਿਗਰੀਆਂ ਲੈਂਦੇ ਸਨ ਤੇ ਵਾਪਸ ਆਪਣੇ ਵਤਨ ਪਰਤ ਨੌਕਰੀਆਂ ਕਰਦੇ ਸਨ ਪਰ ਹੁਣ ਪਿਛਾਂਹ ਮੁੜ ਕੇ ਵੇਖਣਾ ਉਨ੍ਹਾਂ ਲਈ ਘਾਟੇ ਵਾਲਾ ਸੌਦਾ ਲੱਗ ਰਿਹਾ ਹੈ।

ਦੂਜੇ ਪਾਸੇ ਪਰਵਾਸ ਦੇ ਨਾਲ ਜਦੋਂ ਆਵਾਸ ਦੀ ਗੱਲ ਛੇੜਦੇ ਹਾਂ ਤਾਂ 1970ਵਿਆਂ ਦੇ ਵਿੱਚ ਪੰਜਾਬ ਦੀ ਖੇਤੀਬਾੜੀ ਦਾ ਢੰਗ ਤਰੀਕਾ ਬਦਲਦਾ ਹੈ। ਝੋਨੇ ਦੀ ਲਵਾਈ, ਝੜਾਈ ਵਾਸਤੇ ਤੇ ਖੇਤੀ ਦੇ ਹੋਰ ਕੰਮਾਂ ਵਾਸਤੇ ਯੂ.ਪੀ. ਤੇ ਬਿਹਾਰ ਤੋਂ ਮਜ਼ਦੂਰ ਪੰਜਾਬ ਵਿੱਚ ਆਉਂਦੇ ਸਨ। ਕੰਮ ਖ਼ਤਮ ਹੋਣ 'ਤੇ ਵਾਪਸ ਆਪਣੇ ਵਤਨ ਪਰਤਦੇ ਸਨ। ਬਿਲਕੁਲ ਉਸੇ ਤਰ੍ਹਾਂ, ਜਿਸ ਤਰ੍ਹਾਂ ਸਾਡੇ ਪੰਜਾਬੀ ਆਪਣੀ ਧਰਤੀ 'ਤੇ ਪਰਤ ਆਉਂਦੇ ਸਨ। ਸਮਾਂ ਪਿਆ ਬਿਹਾਰੀ ਮਜ਼ਦੂਰ ਫੈਕਟਰੀਆਂ ਦੇ ਵਿੱਚ ਕੰਮ ਕਰਨ ਲੱਗੇ। ਹੋਲੀ ਹੋਲੀ ਪਰਿਵਾਰ ਬੁਲਾਉਣੇ ਸ਼ੁਰੂ ਕਰਨ ਲੱਗੇ। ਕਈਆਂ ਨੇ ਆਪਣੇ ਘਰ ਬਣਾਏ। ਇੱਥੇ ਜੰਮੇ ਪਲੇ ਬਿਹਾਰੀ ਮਜ਼ਦੂਰਾਂ ਦੇ ਬੱਚੇ ਪੰਜਾਬੀ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਲੱਗੇ ਤੇ ਹੁਣ ਉਹ ਪੰਜਾਬੀਆਂ ਨਾਲੋਂ ਵੱਧ ਪੰਜਾਬੀ ਬੋਲਦੇ ਨੇ ਤੇ ਪੰਜਾਬੀ ਹਿੰਦੀ ਬੋਲਣ ਲੱਗ ਪਏ ਨੇ। ਇਹ ਸਾਰਾ ਢੰਗ ਤਰੀਕਾ ਉਹੀ ਹੈ ਜਿਹੜਾ ਸਾਡੇ ਬੱਚੇ ਪੰਜਾਬ ਤੋਂ ਬਾਹਰਲੇ ਮੁਲਕਾਂ ਵਿੱਚ ਜਾ ਕੇ ਕਰਦੇ ਹਨ। ਸਾਡੇ ਬੱਚੇ ਜਦੋਂ ਵਿਦੇਸ਼ ਜਾਂਦੇ ਨੇ ਉਹ ਚਾਹੁੰਦੇ ਨੇ ਕਿ ਜਲਦੀ ਤੋਂ ਜਲਦੀ ਵਰਕ ਪਰਮਿਟ ਮਿਲੇ, ਪੀ.ਆਰ. ਹੋ ਜਾਵੇ,ਗਰੀਨ ਕਾਰਡ ਮਿਲ ਜਾਵੇ, ਬੇਸਮੈਂਟਾਂ ਵਿੱਚ ਰਹਿੰਦੇ ਰਹਿੰਦੇ ਫਿਰ ਉਹ ਘਰ ਲੈ ਲੈਂਦੇ ਨੇ। ਵਿਆਹ ਉਥੋਂ ਦੇ ਵਸਨੀਕ ਨਾਲ ਕਰਵਾਉਣਾ ਚਾਹੁੰਦੇ ਨੇ ਤੇ ਫੇਰ ਕਈ ਰਾਜਨੀਤੀ ਦੇ ਵਿੱਚ ਸ਼ਾਮਲ ਹੋ ਕੇ ਮੰਤਰੀ-ਸੰਤਰੀ ਵੀ ਬਣ ਜਾਂਦੇ ਨੇ। ਪੰਜਾਬੀਆਂ ਦੇ ਲਈ ਵਗਦੀ ਇਹੋ ਜਿਹੀ ਵਾਅ ਦਾ ਅਸੀਂ ਅਕਸਰ ਸਵਾਗਤ ਕਰਦੇ ਹਾਂ। ਇੱਥੋਂ ਤਕ ਕਿ ਅਸੀਂ ਬਾਬੇ ਨਾਨਕ ਦਾ ਹਵਾਲਾ ਵੀ ਦੇ ਦਿੰਦੇ ਹਾਂ। ਉਨ੍ਹਾਂ ਦੀ ਅਸੀਸ ਯਾਦ ਕਰਦੇ ਹਾਂ ਕਿ ਅਸੀਂ ਉੱਜੜ ਕੇ ਪੂਰੀ ਦੁਨੀਆਂ ਦੇ ਵਿੱਚ ਵਸ ਗਏ ਹਾਂ। ਅਸੀਂ ਆਪਣੀ ਬੋਲੀ ਤੇ ਸੱਭਿਆਚਾਰ ਦਾ ਪ੍ਰਸਾਰ ਕਰ ਰਹੇ ਹਾਂ। ਕੀ ਬਾਬੇ ਨਾਨਕ ਨੇ ਇਹ ਹਵਾਲਾ ਸਿਰਫ਼ ਪੰਜਾਬੀਆਂ ਲਈ ਹੀ ਦਿੱਤਾ ਸੀ ਕਿ 'ਉਜੜ ਜਾਓ'। ਸਾਡੀ ਸੋਚ ਕੁਝ ਵੱਖਰੇ ਤਰੀਕੇ ਦੀ ਹੋ ਗਈ ਹੈ। ਅਸੀਂ ਪੰਜਾਬ ਰਹਿਣਾ ਵੀ ਨਹੀਂ, ਸਾਡੀਆਂ ਜ਼ਮੀਨਾਂ ਵੀ ਬਿਹਾਰੀ ਸੰਭਾਲਣ, ਸਾਡੇ ਮਾਂ ਪਿਓ ਲਈ ਦਵਾਈ ਬੂਟੀ ਦਾ ਇੰਤਜ਼ਾਮ ਵੀ ਮਜ਼ਦੂਰ ਹੀ ਕਰਨ, ਅਸੀਂ ਪਿੰਡ ਵੀ ਖਾਲੀ ਕਰਨੇ ਆ ਤੇ ਰਹਿਣ ਵੀ ਕਿਸੇ ਨੂੰ ਦੇਣਾ ਨਹੀਂ। ਇਹ ਕਿੱਥੋਂ ਦਾ ਇਨਸਾਫ਼ ਹੈ। ਜੇ ਕੁਝ ਕੁ ਲੋਕ ਆਪਣੇ ਮਾਂ ਬਾਪ ਨੂੰ ਕਿਸੇ ਦੇ ਸਹਾਰੇ ਛੱਡ ਸਕਦੇ ਨੇ, ਪਿੰਡ ਤੇ ਘਰ ਨਾਲ ਉਹਨਾਂ ਦਾ ਮੋਹ ਕਿੰਨਾ ਕੁ ਹੋਵੇਗਾ ? ਇਹ ਤਾਂ ਐਵੇਂ ਕਹਿਣ ਦੀਆਂ ਗੱਲਾਂ ਨੇ ਜਾਂ ਵਗਦੀ ਵਾਅ ਦੇ ਵਿੱਚ ਟੁੱਲ ਮਾਰਨ ਵਾਲੀ ਗੱਲ ਹੈ।

ਮੇਰਾ ਖ਼ਿਆਲ ਹੈ ਕਿ ਅਸੀਂ ਸਾਲਾਂ ਪਹਿਲੀ ਗੱਲ ਨੂੰ ਹੀ ਅੱਜ ਵੀ ਲੜੀ ਦੇ ਨਾਲ ਜੋੜ ਕੇ ਆਪਣੇ ਆਪ ਨੂੰ ਵਿਦਵਾਨ ਸਮਝਣ ਲੱਗ ਜਾਂਦੇ ਹਾਂ। ਪੰਜਾਬ ਦੇ ਵਿਕਾਸ ਦੇ ਵਿੱਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਨਿਘਾਰ ਵੀ ਆਇਆ ਹੈ। ਕੁਦਰਤੀ ਵਰਤਾਰਾ ਹੈ ਕਿ ਲੋਕ ਘੱਟ ਵਿਕਸਤ ਥਾਂਵਾਂ ਤੋਂ ਵੱਧ ਵਿਕਸਤ ਥਾਂਵਾਂ ਵੱਲ ਪਰਵਾਸ ਕਰਦੇ ਨੇ। ਆਵਾਸ - ਪਰਵਾਸ ਦੀ ਕਿਰਿਆ ਦੌਰਾਨ ਖ਼ਤਰਾ ਉਦੋਂ ਹੁੰਦਾ ਹੈ ਜਦੋਂ ਸਥਾਨਕ ਲੋਕਾਂ ਦੀ ਗਿਣਤੀ ਘਟਣ ਲੱਗਦੀ ਹੈ ਤੇ ਬਾਹਰਲੇ ਉਸ ਉੱਪਰ ਕਾਬਜ਼ ਹੋਣ ਲੱਗਦੇ ਹਨ। ਕੁਝ ਕੁ ਘਟਨਾਵਾਂ ਨੂੰ ਛੱਡ ਕੇ ਪੰਜਾਬ ਵਿੱਚ ਅਜਿਹੇ ਹਾਲਾਤ ਅਜੇ ਨਹੀਂ ਹਨ। ਭਲੇ ਮਾਨਸੋ, ਪੰਜਾਬ ਦੇ ਵਿਚੋਂ ਉਦਯੋਗ ਰਾਜ ਤੋਂ ਬਾਹਰ ਜਾ ਰਹੇ ਹਨ। ਸੁਭਾਵਿਕ ਹੈ ਕਿ ਮਜ਼ਦੂਰਾਂ ਤੇ ਵਰਕਰਾਂ ਦੀ ਮੰਗ ਘਟੇਗੀ। ਵਿਕਾਸ ਦੇ ਪੱਖੋਂ ਪੰਜਾਬ ਨੱਬੇਵਿਆਂ ਦੇ ਵਿੱਚ ਇੱਕ ਨੰਬਰ 'ਤੇ ਅਤੇ ਹੁਣ ਘੱਟ ਕੇ 16ਵੇਂ -17ਵੇਂ ਸਥਾਨ 'ਤੇ ਹੈ। ਮਜ਼ਦੂਰ ਜਮਾਤ ਦਾ ਪੰਜਾਬ ਦੇ ਵਿੱਚ ਪਰਵਾਸ ਮੁੱਖ ਰੂਪ ਵਿੱਚ ਝੋਨੇ ਦੀ ਲਵਾਈ ਤੇ ਕਣਕ ਦੀ ਕਟਾਈ ਵਾਸਤੇ ਸੀ ਪਰ ਹੁਣ ਖੇਤੀ ਖੇਤਰ ਵਿੱਚ ਵੀ ਤਾਂ ਮਸ਼ੀਨੀਕਰਨ ਹੋ ਰਿਹਾ ਹੈ। ਝੋਨੇ ਦੀ ਸਿੱਧੀ ਲਵਾਈ 'ਤੇ ਜੋਰ ਦਿੱਤਾ ਜਾ ਰਿਹਾ ਹੈ। ਬਿਜਾਈ ਤੇ ਵਾਢੀ ਕੰਬਾਈਨਾਂ ਨਾਲ ਹੋਣ ਲੱਗ ਪਈ ਹੈ। ਫੈਕਟਰੀਆਂ, ਉਦਯੋਗਾਂ ਵਿੱਚ ਮਜ਼ਦੂਰਾਂ ਦੀ ਮੰਗ ਘੱਟ ਗਈ ਹੈ। ਪੰਜਾਬ ਵਿੱਚ ਸਰਕਾਰੀ ਨਿਵੇਸ਼ ਦੇ ਨਾਲ ਨਾਲ ਨਿੱਜੀ ਨਿਵੇਸ਼ ਦੀ ਦਰ ਘੱਟ ਗਈ ਹੈ। ਬੇਰੁਜ਼ਗਾਰੀ ਦੀ ਦਰ ਦੇਸ਼ ਦੇ ਵਿੱਚ 22 ਫ਼ੀਸਦੀ ਹੈ। ਪੰਜਾਬ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 27 ਫ਼ੀਸਦੀ ਹੋ ਗਈ ਹੈ। ਸੋ ਇਸ ਨਜ਼ਰੀਏ ਨਾਲ ਵੇਖਿਆ ਜਾਵੇ ਤਾਂ ਪੰਜਾਬ ਵੱਲ ਪਰਵਾਸ ਕਰਨ ਦੀ ਸੰਭਾਵਨਾ ਘਟਦੀ ਨਜ਼ਰ ਆ ਰਹੀ ਹੈ। ਸੋ ਇਹ ਕਹਿਣਾ ਕਿ ਪੰਜਾਬ ਵਿੱਚ ਬਾਹਰੋਂ ਆਏ ਪਰਵਾਸੀ ਮਜ਼ਦੂਰਾਂ ਕਾਰਨ ਪੰਜਾਬ ਦੀ ਆਬਾਦੀ ਦਾ ਸਮੀਕਰਨ ਬਦਲ ਰਿਹਾ ਹੈ, ਠੀਕ ਨਹੀਂ ਲੱਗਦਾ। ਸੋ ਆਵਾਸ ਤੇ ਪਰਵਾਸ ਹਮੇਸ਼ਾ ਚੱਲਦਾ ਰਹੇਗਾ ਪਰ ਸਾਨੂੰ ਸਾਡੀ ਸੋਚ ਨੂੰ ਸਾਵਾਂ ਕਰਨਾ ਪਵੇਗਾ ਤੇ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਪਵੇਗਾ। ਸਵਾਲ ਚੁੱਕਣ ਦੇ ਹੱਕਦਾਰ ਅਸੀਂ ਤਾਂ ਬਣਦੇ ਹਾਂ।

# ਟਰੰਪ ਚੋਣ ਮਾਡਲ- ਲੋਕਤੰਤਰ ਲਈ ਵੱਡਾ ਝਟਕਾ



ਗੁਰਮੀਤ ਸਿੰਘ ਪਲਾਹੀ
9815802070




ਨਸਲਵਾਦੀ, ਵੱਖਵਾਦੀ, ਅਪਮਾਨਜਨਕ, ਔਰਤ ਵਿਰੋਧੀ ਬੋਲਾਂ-ਕਬੋਲਾਂ ਦੀ, ਸਭ ਤੋਂ ਪੁਰਾਣੇ ਲੋਕਤੰਤਰ ਅਮਰੀਕਾ ਵਿੱਚ, ਵੱਡੀ ਗਿਣਤੀ ਅਮਰੀਕਨਾਂ ਨੇ ਪ੍ਰਵਾਹ ਨਹੀਂ ਕੀਤੀ। ਕੁਬੋਲ ਬੋਲਣ ਵਾਲੇ ਭਾਰਤੀ ਨੇਤਾ ਨਰਿੰਦਰ ਮੋਦੀ ਵਰਗੇ, ਡੋਨਲਡ ਟਰੰਪ ਨੂੰ ਦੇਸ਼ ਦੀਆਂ ਚੋਣਾਂ 'ਚ ਵੱਡੀ ਜਿੱਤ ਦੁਆ ਦਿੱਤੀ।

ਰਿਪਬਲਿਕ ਪਾਰਟੀ ਦੇ ਸ਼ਕਤੀਸ਼ਾਲੀ ਨੇਤਾ ਟਰੰਪ ਨੇ, ਡੈਮੋਕਰੇਟਿਕ ਪਾਰਟੀ ਦੀ ਕਮਲਾ ਹੈਰਿਸ ਨੂੰ 226 ਇਲੈਕਟੋਰਲ ਵੋਟਾਂ ਦੇ ਮੁਕਾਬਲੇ 295 ਇਲੈਕਟੋਰਲ ਵੋਟਾਂ ਨਾਲ ਹਰਾਕੇ ਜਿੱਤ ਪ੍ਰਾਪਤ ਕੀਤੀ ਹੈ। ਅਮਰੀਕਨ ਪਿਛਲੇ ਸਮੇਂ ਤੋਂ ਦੇਸ਼ ਦੀ ਮੁਦਰਾ ਸਫ਼ੀਤੀ, ਪ੍ਰਵਾਸ ਅਤੇ ਵੱਧ ਰਹੇ ਅਪਰਾਧ ਵਰਗੇ ਮੁੱਦਿਆਂ ਨੂੰ ਲੈ ਕੇ ਬਹੁਤ ਚਿੰਤਤ ਸਨ। ਚੋਣ ਜਿੱਤਣ ਉਪਰੰਤ 'ਟਰੰਪ' ਨੇ ਕਿਹਾ, ਇਹ ਅਮਰੀਕਾ ਵਾਸੀਆਂ ਲਈ ਸੁਨਿਹਰੀ ਯੁੱਗ ਦੀ ਸ਼ੁਰੂਆਤ ਹੈ। ਕੀ ਇਹ ਸਚਮੁੱਚ ਇਵੇਂ ਹੋਵੇਗਾ ?

ਇੱਕ ਗੱਲ ਹੋਰ ਵੇਖਣ-ਪਰਖਣ ਵਾਲੀ ਹੈ ਕਿ ਅਮਰੀਕਾ ਦੇ ਇਤਿਹਾਸ ਵਿੱਚ ਕੋਈ ਔਰਤ ਰਾਸ਼ਟਰਪਤੀ ਬਨਣ ਦੀ ਇਤਿਹਾਸਕ ਪ੍ਰਕਿਰਿਆ ਅਮਰੀਕਨਾਂ ਨੇ ਪੂਰੀ ਨਹੀਂ ਹੋਣ ਦਿੱਤੀ, ਜਿਸਦੀ ਆਸ ਚੋਣਾਂ ਦੌਰਾਨ ਬੱਝਦੀ ਸੀ, ਜਦੋਂ ਬਹੁਤੇ ਚੋਣ ਸਰਵੇਖਣਾਂ 'ਚ ਜਾਪਦਾ ਸੀ ਕਿ ਕਮਲਾ ਹੈਰਿਸ ਦਾ ਪੱਲੜਾ ਭਾਰੀ ਹੈ। ਟਰੰਪ ਨੇ ਤਿੰਨ ਵੇਰ ਅਮਰੀਕਨ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜੀ, ਇੱਕ ਵੇਰ ਹਾਰੇ ਅਤੇ ਦੋ ਵੇਰ ਉਹਨਾਂ ਆਪਣੇ ਵਿਰੋਧੀ ਡੈਮੋਕਰੇਟਿਕ ਔਰਤ ਉਮੀਦਵਾਰਾਂ ਨੂੰ ਮਾਤ ਦਿੱਤੀ। ਪਹਿਲੀ ਵੇਰ ਉਹਨਾਂ ਨੇ ਡੈਮੋਕਰੇਟਿਕ ਉਮੀਦਵਾਰ ਹਿਲੈਰੀ ਕਲਿੰਟਨ ਨੂੰ ਸਾਲ 2016 ਵਿੱਚ ਹਰਾਇਆ ਸੀ।

ਇਸ ਚੋਣ 'ਚ ਰਿਪਬਲਿਕਨ ਪਾਰਟੀ ਦੀ ਇੱਕ ਵਿਆਪਕ ਅਤੇ ਜ਼ਬਰਦਸਤ ਜਿੱਤ ਹੋਈ ਹੈ। ਉਹਨਾ ਸੱਤ ਸਵਿੰਗ ਸਟੇਟਾਂ ਵਿੱਚ ਵੀ ਟਰੰਪ ਬਾਜੀ ਮਾਰ ਗਿਆ, ਜਿਹੜੇ ਰਿਪਬਲਿਕਾਂ ਨੂੰ ਪਹਿਲਾਂ ਜਿਤਾਉਂਦੇ ਰਹੇ ਹਨ। ਐਰੀਜ਼ੋਨਾ, ਪੈਨਸਿਲਵੇਨੀਆ, ਨੇਵਾਡਾ ,ਉੱਤਰੀ ਕੈਰੋਲੀਨਾ , ਜਾਰਜੀਆ , ਮਿਸ਼ੀਗਨ ਅਤੇ ਵਿਸਕਾਨਸਿਨ ਵਰਗੀਆਂ ਰਿਪਬਲਿਕਾਂ ਦੀਆਂ ਪੱਕੀਆਂ ਸਟੇਟਾਂ ਵੀ ਡੈਮੋਕਰੇਟਾਂ ਨੇ ਖੋਹ ਲਈਆਂ। ਰੂੜੀਵਾਦੀ ਅਮਰੀਕਨ ਸਮੁੱਚੇ ਤੌਰ 'ਤੇ ਟਰੰਪ ਦੇ ਹੱਕ 'ਚ ਭੁਗਤੇ। ਬਹੁਗਿਣਤੀ ਪੁਰਸ਼ ਵੋਟਰ ਟਰੰਪ ਦੇ ਹੱਕ 'ਚ ਭੁਗਤੇ। ਹਾਲਾਂਕਿ ਉਹਨਾਂ ਨੇ ਚੋਣ ਮੁਹਿੰਮ ਦੌਰਾਨ ਅਸ਼ਲੀਲ, ਬੇਹੂਦਾ, ਅਸਭਿਆ ਭਾਸ਼ਾ ਦੀ ਵਰਤੋਂ ਕੀਤੀ।

ਫਿਰ ਵੀ ਉਹਨਾਂ ਨੂੰ 18-19 ਸਾਲ ਦੇ ਵੋਟਰਾਂ ਨੇ ਪਸੰਦ ਕੀਤਾ। ਕੰਮਕਾਜੀ ਲੋਕ ਟਰੰਪ ਦੇ ਹੱਕ 'ਚ ਭੁਗਤੇ। ਘੱਟ ਪੜ੍ਹੇ ਲਿਖੇ ਅਮਰੀਕਨ ਨੂੰ ਟਰੰਪ ਪਸੰਦ ਆਏ। ਅਮਰੀਕਾ ਵਸਦੇ ਮੈਕਸੀਕਨ, ਕਿਊਬਾ ਮੂਲ ਦੇ ਵਾਸੀ ਮੁੱਖ ਰੂਪ ਵਿੱਚ ਲਿੰਗ ਅਤੇ ਰੰਗ ਦੇ ਕਾਰਨ ਕਮਲਾ ਹੈਰਿਸ ਦੇ ਵਿਰੁੱਧ ਭੁਗਤੇ। ਅਮਰੀਕਾ ਦੇ ਚੁਣੇ ਗਏ ਆਪਣੇ ਗੂੜ੍ਹੇ ਮਿੱਤਰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਧਾਈ ਦਿੱਤੀ। ਸ਼ਾਇਦ ਆਪਣੇ ਵਰਗੇ ਟਰੰਪ ਦੀ ਜਿੱਤ, ਉਹਨਾ ਨੂੰ ਆਪਣੀ ਜਿੱਤ ਵਰਗੀ ਲੱਗੀ ਹੋਵੇ।

ਟਰੰਪ 78 ਸਾਲਾ ਅਮਰੀਕਾ ਦੇ ਪਹਿਲੇ ਇਹੋ ਜਿਹੇ ਰਾਸ਼ਟਰਪਤੀ ਹਨ, ਜਿਹਨਾਂ ਨੂੰ 30 ਮਈ 2024 ਨੂੰ ਇੱਕ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ। ਨਿਊਯਾਰਕ ਦੀ ਜਿਊਰੀ ਨੇ ਉਹਨਾ ਨੂੰ ਬਾਲਗ ਫ਼ਿਲਮ ਸਟਾਰ ਸਟੈਫਨੀ ਰੋਹਲ, ਜਿਸਨੂੰ ਸਟੋਰਮੀ ਡੈਨੀਅਲ ਵੀ ਕਿਹਾ ਜਾਂਦਾ ਹੈ, ਨੂੰ ਪੈਸੇ ਦੀ ਅਦਾਇਗੀ ਤੇ ਕਾਰੋਬਾਰੀ ਰਿਕਾਰਡਾਂ ਨੂੰ ਝੂਠਾ ਬਣਾਉਣ ਤੇ 34 ਸੰਗੀਨ ਦੋਸ਼ਾਂ 'ਤੇ ਦੋਸ਼ੀ ਠਹਿਰਾਇਆ ਗਿਆ ਸੀ।

ਉਹਨਾਂ ਨੂੰ ਜੀਨ ਕੋਰੇਲ ਦੇ ਜਿਨਸੀ ਸੋਸ਼ਣ ਤੇ ਬਦਨਾਮ ਕਰਨ ਵਾਲੇ ਮੁਕੱਦਮੇ ਅਤੇ ਨਿਊਯਾਰਕ 'ਚ ਵਪਾਰਕ ਧੋਖਾਧੜੀ ਦੇ ਦੋਸ਼ ਲਗਾਉਣ ਵਾਲੇ ਦੋ ਸਿਵਲ ਮੁਕੱਦਮਿਆਂ ਵਿੱਚ ਦੋਸ਼ੀ ਪਾਇਆ ਗਿਆ। ਯਾਦ ਰਹੇ ਟਰੰਪ ਅਮਰੀਕਾ ਦੇ ਵੱਡੇ ਕਾਰੋਬਾਰੀ ਰਹੇ ਹਨ। ਜੋ ਪਿਛਲੀ ਵੇਰ ਡੈਮੋਕਰੇਟਿਕ ਉਮੀਦਵਾਰ ਜੋਅ ਬਾਇਡਨ ਤੋਂ ਚੋਣ ਹਾਰ ਗਏ ਸਨ।

ਜਿਵੇਂ ਭਾਰਤ 'ਚ ਹਿੰਦੂ, ਹਿੰਦੋਸਤਾਨ ਦੇ ਮੁੱਦੇ 'ਤੇ ਮੋਦੀ ਨੇ ਇਸ ਵੇਰ ਚੋਣ ਲੜੀ, ਇਸੇ ਤਰ੍ਹਾਂ ਟਰੰਪ ਨੇ ਈਸਾਈ ਤੇ ਅਮਰੀਕਾ ਮੁੱਦੇ ਨੂੰ ਉਭਾਰਿਆ। ਅਮਰੀਕਾ ਦੇ ਸਫ਼ੈਦ ਰੰਗ ਦੇ ਈਸਾਈ ਅਤੇ ਲਾਤੀਨੀ ਮੂਲ ( ਅਮਰੀਕਾ ਵਿੱਚ 60 ਫ਼ੀਸਦੀ ਸਫ਼ੈਦ ਮੂਲ ਦੇ ਵਾਸੀ ਹਨ) ਦੇ ਪੁਰਾਣੇ ਅਮਰੀਕਨਾਂ ਨੂੰ ਚੋਣ ਮੁਹਿੰਮ ਦੌਰਾਨ ਉਹਨਾ ਅਹਿਸਾਸ ਕਰਵਾਇਆ ਕਿ ਨਵੇਂ ਪ੍ਰਵਾਸੀ, ਪੁਰਾਣੇ ਪ੍ਰਵਾਸੀਆਂ ਲਈ ਮੂਲ ਖ਼ਤਰਾ ਹਨ। ਉਹਨਾਂ ਨੇ ਅਮਰੀਕਾ 'ਚ ਵਧ ਰਹੀ ਮਹਿੰਗਾਈ ਅਤੇ ਮੁਦਰਾ ਸਫ਼ੀਤੀ 'ਚ ਵਾਧੇ ਨੂੰ ਇੱਕ ਹਥਿਆਰ ਵਜੋਂ ਵਰਤਿਆ।

ਟਰੰਪ ਨੇ ਅਮਰੀਕਾ ਵਿੱਚ ਬਹੁਤੇ ਦੇਸ਼ਾਂ ਦੀ ਤਰ੍ਹਾਂ ਵਧਦੀ ਆਬਾਦੀ, ਸ਼ਹਿਰੀਕਰਨ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਵਧੇ ਅਪਰਾਧਾਂ ਦਾ ਮੁੱਦਾ ਚੁੱਕਿਆ। ਅਪਰਾਧ ਤਾਂ ਇੱਕ ਇਹੋ ਜਿਹੇ ਹਥਿਆਰ ਹੈ, ਜੋ ਸੱਤਾ 'ਤੇ ਬੈਠੇ ਹਾਕਮਾਂ ਨੂੰ ਕੰਮਜ਼ੋਰ ਕਰਦਾ ਹੈ। ਟਰੰਪ ਨੇ ਇਹਨਾਂ ਮੁੱਦਿਆਂ ਦਾ ਫ਼ਾਇਦਾ ਉਠਾਇਆ। ਅਤੇ ਬਹੁਤੇ ਅਮਰੀਕਨਾਂ ਦੇ ਜਜ਼ਬਾਤ ਨਾਲ ਖੇਡ ਕੇ ਉਹਨਾਂ ਨੂੰ ਜਜ਼ਬਾਤੀ ਬਣਾਕੇ ਵੋਟਾਂ ਵਟੋਰੀਆਂ।

ਅਮਰੀਕਨਾਂ ਨੂੰ ਟਰੰਪ ਨੇ ਆਪਣੇ ਭਾਸ਼ਨਾਂ ਨਾਲ ਇਸ ਤਰ੍ਹਾਂ ਮੋਹ ਲਿਆ ਕਿ ਉਹਨਾਂ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਕਿ ਉਹ ਉਸ ਵਿਅਕਤੀ ਨੂੰ ਚੁਣ ਰਹੇ ਹਨ, ਜੋ ਮੁਕੱਦਮਿਆਂ 'ਚ ਹਾਰਕੇ ਸਜ਼ਾ ਦਾ ਇੰਤਜਾਰ ਕਰ ਰਿਹਾ ਹੈ।

ਅਰਥ ਵਿਵਸਥਾ ਦੇ ਮਾਮਲੇ 'ਤੇ ਖੁੱਲ੍ਹੇ ਵਪਾਰ ਦੀ ਨੀਤੀ ਦੇ ਹੱਕ 'ਚ ਹੋਣ ਕਾਰਨ ਟਰੰਪ ਦੀ ਜਿੱਤ ਤੇ ਆਰਥਿਕ ਖਿਡਾਰੀ ਵਿੱਗ ਆਇਲ, ਵਿੱਗ ਫਾਰਮਾ ਅਤੇ ਵਿੱਗ ਟੇਕ ਨੇ ਖੁਸ਼ੀ ਪ੍ਰਗਟ ਕੀਤੀ ਹੈ। ਕਾਰੋਬਾਰੀ ਐਲਨ ਮਸਕ ਵੀ ਉਸਦੇ ਹੱਕ 'ਚ ਭੁਗਤਿਆ।

ਦੂਜੇ ਪਾਸੇ ਕਮਲਾ ਹੈਰਿਸ ਨੇ ਆਪਣੀ ਚੋਣ ਮੁਹਿੰਮ 'ਚ ਔਰਤਾਂ ਦੇ ਗਰਭਪਾਤ, ਔਰਤਾਂ ਦੇ ਹੱਕਾਂ, ਸੰਵਿਧਾਨ ਦੀ ਪਵਿੱਤਰਤਾ, ਨਸਲੀ ਸਮਾਨਤਾ ਜਿਹੇ ਮੁੱਖ ਮੁੱਦਿਆਂ ਨੂੰ ਉਭਾਰਿਆ ਪਰ ਉਹ ਵੋਟਰਾਂ ਉਤੇ ਚੰਗਾ ਪ੍ਰਭਾਵ ਨਾ ਸਿਰਜ ਸਕੀ। ਅਫ਼ਸੋਸ ਦੀ ਗੱਲ ਤਾਂ ਇਹ ਬਣੀ ਕਿ ਉਹ ਉਸ ਟਰੰਪ ਤੋਂ ਚੋਣ ਹਾਰ ਗਈ, ਜਿਸਦੇ ਦੇ ਮਨ 'ਚ ਉਹਨਾਂ ਲਈ ਬਹੁਤ ਘੱਟ ਇੱਜਤ ਹੈ।

ਬਿਨ੍ਹਾਂ ਸ਼ੱਕ ਅਮਰੀਕਾ ਇੱਕ ਅਮੀਰ ਦੇਸ਼ ਹੈ। ਉਹ ਦੁਨੀਆਂ ਭਰ 'ਚ ਇੱਕ 'ਥਾਣੇਦਾਰ' ਦੀ ਭੂਮਿਕਾ ਨਿਭਾਉਂਦਾ ਜਾਪਦਾ ਹੈ। ਅਮਰੀਕਾ ਨੂੰ ਚੀਨ ਵੱਡੀ ਟੱਕਰ ਦੇ ਰਿਹਾ ਹੈ। ਟਰੰਪ ਦੀਆਂ ਚੀਨ ਪ੍ਰਤੀ ਸਖ਼ਤ ਟਿੱਪਣੀਆਂ ਨੇ ਅਮਰੀਕਾ ਦੇ ਵੱਡੇ ਕਾਰੋਬਾਰੀਆਂ ਨੂੰ ਪ੍ਰਸੰਨ ਕੀਤਾ। ਉਹਨਾਂ ਨੇ ਟਰੰਪ ਨੂੰ ਆਪਣਾ ਨੁਮਾਇੰਦਾ ਮੰਨਿਆ ਅਤੇ ਹਰ ਹਰਬਾ ਵਰਤਕੇ ਉਸਦੀ ਮਦਦ ਕੀਤੀ। ਜਿਵੇਂ ਅਡਾਨੀਆਂ/ ਅੰਬਾਨੀਆਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਮਦਦ ਚੋਣਾਂ 'ਚ ਕੀਤੀ ਸੀ।

ਅਮਰੀਕਾ 'ਚ ਟਰੰਪ ਦੀ ਚੋਣ ਮੁਹਿੰਮ ਬਹੁਤੀਆਂ ਹਾਲਤਾਂ 'ਚ ਭਾਰਤੀ ਨੇਤਾ ਨਰੇਂਦਰ ਮੋਦੀ ਦੀ ਚੋਣ ਮੁਹਿੰਮ ਵਰਗੀ ਦਿੱਸੀ। ਨਰਿੰਦਰ ਮੋਦੀ ਜਿਸ ਵੱਲੋਂ ਹਿੰਦੂ ਰਾਸ਼ਟਰ ਦੇ ਸੰਕਲਪ ਨੂੰ ਉਭਾਰਿਆ ਜਾਂਦਾ ਹੈ, ਹਿੰਦੂ ਧਾਰਮਿਕ ਸਥਾਨਾਂ ਲਈ ਸਰਕਾਰੀ ਸਰਪ੍ਰਸਤੀ ਦਿੱਤੀ ਜਾਂਦੀ ਹੈ, ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨ ਕੇ, ਉਹਨਾਂ ਦੇ ਵਿਰੋਧ 'ਚ ਪ੍ਰਚਾਰ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਦਾ ਪ੍ਰਚਾਰ ਟਰੰਪ ਨੇ ਅਮਰੀਕਾ 'ਚ ਈਸਾਈ ਧਰਮ ਅਤੇ ਸਫੈਦ ਅਮਰੀਕਨ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਦਾ ਸੱਦਾ ਦਿੰਦਿਆਂ ਕੀਤਾ ਅਤੇ ਉਹਨਾਂ ਦੀ ਨੁਮਾਇੰਦਗੀ ਕਰਨ ਦਾ ਦਮ ਭਰਿਆ। ਉਹਨਾਂ ਮੈਕਸੀਕੋ ਦੀਆਂ ਸਰਹੱਦਾਂ ਪ੍ਰਵਾਸੀਆਂ ਲਈ ਬੰਦ ਕਰਨ ਦਾ ਜ਼ੋਰਦਾਰ ਪ੍ਰਚਾਰ ਕੀਤਾ ।

ਰੂਸ-ਯੂਕਰੇਨ ਜੰਗ ਬੰਦ ਕਰਨ ਦਾ ਸੰਦੇਸ਼ ਦਿੱਤਾ। ਦੁਨੀਆਂ ਦੇ ਕੁੱਝ ਤਾਕਤਵਰ ਦੇਸ਼ਾਂ 'ਚ ਲੋਕਤੰਤਰ ਦੀਆਂ ਧੱਜੀਆਂ ਉਡਾਕੇ, ਵੱਡੇ ਧੁਰੰਤਰ ਰਾਜਸੀ ਨੇਤਾ ਜਿਵੇਂ ਗੱਦੀ ਪ੍ਰਾਪਤ ਕਰਦੇ ਹਨ, ਜਾਂ ਗੱਦੀ ਸੁਰੱਖਿਅਤ ਕਰਦੇ ਹਨ, ਉਹ ਲੋਕਤੰਤਰ ਕਦਰਾਂ-ਕੀਮਤਾਂ ਉਤੇ ਧੱਬਾ ਹਨ। ਰੂਸ ਦਾ ਰਾਸ਼ਟਰਪਤੀ ਪੁਤਿਨ ਜੋ ਤਾਨਾਸ਼ਾਹ ਬਣਿਆ, ਆਪਣੇ ਹਿੱਤਾਂ ਦਾ ਪੂਰਤੀ ਲਈ ਆਪਣੇ ਦੇਸ਼ ਦੇ ਸੰਵਿਧਾਨ ਨੂੰ ਲੋਕਤੰਤਰ ਦਾ ਮੁਖੌਟਾ ਪਾ ਕੇ ਖੱਖੜੀਆਂ-ਖੱਖੜੀਆਂ ਕਰੀ ਬੈਠਾ ਹੈ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਸਦਾ ਲਾਣਾ ਭਾਰਤ 'ਚ ਸੰਵਿਧਾਨ ਨਾਲ ਖੇਡਦਾ ਹੈ, ਵਿਰੋਧੀਆਂ ਨੂੰ ਬਦਨਾਮ ਕਰਦਾ ਹੈ, ਉਹਨਾਂ ਨੂੰ ਪ੍ਰੇਸ਼ਾਨ ਕਰਦਾ ਹੈ, ਰਾਸ਼ਟਰਵਾਦ ਦੇ ਨਾਂਅ ਤੇ ਲੋਕਾਂ ਨੂੰ ਗੁੰਮਰਾਹ ਕਰਦਾ ਹੈ। ਇਹੋ ਕਾਰਾ ਟਰੰਪ ਵਲੋਂ ਅਮਰੀਕਾ 'ਚ ਕਰਨ ਦੀ ਯੋਜਨਾ ਸਪਸ਼ਟ ਦਿਖਦੀ ਹੈ।

ਮੋਦੀ ਨੇ ਭਾਰਤ 'ਚ ਰਾਸ਼ਟਰਵਾਦੀ ਨੀਤੀਆਂ ਨੂੰ ਲੈਕੇ ਜਿਵੇਂ ਖੁੱਲ੍ਹਾ ਖੇਡਿਆ, ਟਰੰਪ ਨੇ ਅਮਰੀਕਾ 'ਚ ਇਹੋ ਦਿਸ਼ਾ ਅਪਨਾਈ ਹੈ। ਤਾਂ ਹੋ ਸਕਦਾ ਹੈ ਕਿ ਅਮਰੀਕੀ ਚੋਣਾਂ ਵਿੱਚ ਉਹਨਾਂ ਵਲੋਂ ਸਫਲਤਾ ਪੂਰਵਕ ਵਰਤੀ ਗਈ ਭੈੜੀ, ਅਸ਼ਲੀਲ, ਅਸੱਭਿਅਕ ਭਾਸ਼ਾ ਅਤੇ ਵੱਖਵਾਦੀ ਬਿਆਨਬਾਜੀ ਦੁਨੀਆਂ ਦੇ ਹੋਰ ਦੇਸ਼ਾਂ ਦ ਲੋਕਾਂ ਨੂੰ ਵੀ ਉਤਸ਼ਾਹਿਤ ਕਰੇ। ਇਹ ਅੰਤਰਰਾਸ਼ਟਰੀ ਚਿੰਤਾ ਦਾ ਵਿਸ਼ਾ ਹੈ। ਟਰੰਪ ਦਾ ਇਹ ਮਾਡਲ ਜੇਕਰ ਹੋਰ ਦੇਸ਼ਾਂ ਵਿੱਚ ਵੀ ਫੈਲਦਾ ਹੈ ਤਾਂ ਇਹ ਲੋਕਤੰਤਰ ਲਈ ਵੱਡਾ ਝਟਕਾ ਹੋਏਗਾ।

# ਭਾਰਤ ਅਤੇ ਚੀਨ ਸਮਝੌਤਾ ਭਾਰਤ ਸਰਕਾਰ ਦੀ ਕਾਮਯਾਬੀ



ਡਾ. ਦਲਵਿੰਦਰ ਸਿੰਘ ਗਰੇਵਾਲ



ਫ਼ੌਜ ਦੇ ਸੂਤਰਾਂ ਨੇ 30 ਅਕਤੂਬਰ, 2024 ਨੂੰ ਕਿਹਾ ਕਿ ਭਾਰਤੀ ਅਤੇ ਚੀਨੀ ਫ਼ੌਜਾਂ ਪੂਰਬੀ ਲੱਦਾਖ ਦੇ ਦੇਮਚੌਕ ਅਤੇ ਦੇਪਸਾਂਗ ਦੀਆਂ ਦੋ ਆਪਸੀ ਖਿਚਾ ਵਾਲੀਆਂ ਥਾਵਾਂ ਤੋਂ ਪਿੱਛੇ ਹਟ ਗਈਆਂ ਹਨ ਅਤੇ ਇਨ੍ਹਾਂ ਬਿੰਦੂਆਂ ’ਤੇ ਜਲਦੀ ਹੀ ਗਸ਼ਤ ਸ਼ੁਰੂ ਹੋਣ ਵਾਲੀ ਹੈ। ਇਸ ਸਮਝੌਤੇ ਦੀ ਖੁਸ਼ੀ ਵਿੱਚ ਦਿਵਾਲੀ ਨੂੰ ਦੋਵੇਂ ਸੈਨਾਵਾਂ ਦੇ ਲੋਕਲ ਬ੍ਰਿਗੇਡ ਕਮਾਂਡਰਾਂ ਵਲੋਂ ਮਠਿਆਈ ਵੀ ਸਾਂਝੀ ਕੀਤੀ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਪਿਛਲੇ ਹਫ਼ਤੇ ਰੂਸ ’ਚ ਹੋਈ ਮੀਟਿੰਗ ਦਾ ਨਤੀਜਾ ਕਾਫ਼ੀ ਮਹੱਤਵਪੂਰਨ ਹੋ ਨਿਬੜਿਆ। 23 ਅਕਤੂਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਰੂਸ ਦੇ ਸ਼ਹਿਰ ਕਜ਼ਾਨ ਵਿੱਚ ਬ੍ਰਿਕਸ ਸੰਮੇਲਨ ਦੇ ਮੌਕੇ ’ਤੇ ਆਪਣੀ ਦੁਵੱਲੀ ਮੀਟਿੰਗ ਦੌਰਾਨ ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਲਾਈਨ ਦੇ ਨਾਲ ਗਸ਼ਤ ਕਰਨ ਅਤੇ ਫੌਜਾਂ ਦੀ ਮੁੜ ਤਾਇਨਾਤੀ ਸੰਬੰਧੀ ਸਮਝੌਤੇ ਦਾ ਸਮਰਥਨ ਕੀਤਾ ਸੀ।

ਇਸ ਤੋਂ ਬਾਅਦ ਭਾਰਤ ਨੇ ਘੋਸ਼ਣਾ ਕੀਤੀ ਕਿ ਉਹ ਪੂਰਬੀ ਲੱਦਾਖ ਵਿਚ ਅਸਲ ਨਿਯੰਤਰਣ ਰੇਖਾ (ਐੱਲ.ਏ.ਸੀ.) ਦੇ ਨਾਲ ਗਸ਼ਤ ਕਰਨ ਲਈ ਚੀਨ ਨਾਲ ਇਕ ਸਮਝੌਤੇ ’ਤੇ ਪਹੁੰਚ ਗਿਆ ਹੈ, ਜਿਸ ਨਾਲ ਸਾਢੇ ਚਾਰ ਸਾਲਾਂ ਤੋਂ ਦੋਵਾਂ ਦੇਸ਼ਾਂ ਵਿਚ ਲੰਬੇ ਤਣਾਅ ਨੂੰ ਖ਼ਤਮ ਕਰਨ ਵਿੱਚ ਇੱਕ ਵੱਡੀ ਸਫ਼ਲਤਾ ਮਿਲੇਗੀ ਅਤੇ ਇਸ ਨਾਲ ਅਗਲੀਆਂ ਮੀਟਿੰਗਾਂ ਲਈ ਰਾਹ ਵੀ ਪੱਧਰਾ ਹੋਵੇਗਾ।

ਚੀਨੀ ਬਲਾਂ ਨੇ ਦੇਪਸਾਂਗ ਤੱਕ ਐਲ.ਏ.ਸੀ. ਦੇ ਨਾਲ ਪੂਰਬੀ ਲੱਦਾਖ ਦੇ ਖੇਤਰਾਂ ’ਤੇ ਚਾਰ ਸਾਲ ਪਹਿਲਾਂ ਜਬਰੀ ਕਬਜ਼ਾ ਕਰ ਲਿਆ ਸੀ, ਜਿਸ ਸੰਬੰਧੀ ਹੁਣ ਫ਼ੈਸਲਾ ਹੋਇਆ ਹੈ। ਸੂਤਰਾਂ ਨੇ ਕਿਹਾ ਕਿ ਹਲਚਲ ਖ਼ਤਮ ਹੋਣ ਤੋਂ ਬਾਅਦ ਦੋਵਾਂ ਤਣਾਅ ਵਾਲੇ ਸਥਾਨਾਂ ’ਤੇ ਗਸ਼ਤ ਸ਼ੁਰੂ ਹੋ ਜਾਵੇਗੀ ਅਤੇ ਦੋਵੇਂ ਧਿਰਾਂ ਆਪੋ-ਆਪਣੀਆਂ ਫ਼ੌਜਾਂ ਨੂੰ ਪਿੱਛੇ ਹਟਾ ਲੈਣਗੀਆਂ ਅਤੇ ਅਸਥਾਈ ਢਾਂਚਿਆਂ ਨੂੰ ਢਾਹ ਦੇਣਗੀਆਂ। ਇਸ ਤਰ੍ਹਾਂ ਅਪ੍ਰੈਲ 2020 ਤੋਂ ਪਹਿਲਾਂ ਦੀ ਸਥਿਤੀ ਬਹਾਲ ਹੋ ਜਾਏਗੀ।

ਜੂਨ 2020 ਵਿੱਚ ਗਲਵਾਨ ਘਾਟੀ ਵਿੱਚ ਇੱਕ ਭਿਆਨਕ ਝੜਪ ਤੋਂ ਬਾਅਦ ਦੋ ਏਸ਼ਿਆਈ ਦਿੱਗਜਾਂ ਵਿਚਕਾਰ ਸੰਬੰਧਾਂ ਵਿੱਚ ਤਣਾਅ ਵਧ ਗਿਆ ਸੀ, ਜੋ ਪਿਛਲੇ ਕਈ ਦਹਾਕਿਆਂ ਵਿਚੋਂ ਸੱਭ ਤੋਂ ਵੱਧ ਸੀ।

ਦੋਵਾਂ ਨੇਤਾਵਾਂ ਵਿਚਕਾਰ ਹੋਈ ਮੁਲਾਕਾਤ ’ਤੇ, ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਜ਼ਾਨ ਵਿਖੇ ਇਕ ਪ੍ਰੈੱਸ ਸੰਬੋਧਨ ਵਿੱਚ ਕਿਹਾ ਸੀ ਕਿ ਮੋਦੀ ਅਤੇ ਸ਼ੀ ਦੋਵਾਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਇੱਕ-ਦੂਜੇ ਦੀਆਂ ਸੰਵੇਦਨਸ਼ੀਲਤਾਵਾਂ, ਹਿਤਾਂ, ਚਿੰਤਾਵਾਂ ਅਤੇ ਇੱਛਾਵਾਂ ਲਈ ਆਪਸੀ ਸਤਿਕਾਰ ਦਿਖਾਉਂਦੇਹੋਏ ਭਾਰਤ ਅਤੇ ਚੀਨ ਪੱਕੀ ਤਰ੍ਹਾਂ ਅਤੇ ਸਿਆਣਪ ਦੇ ਨਾਲ ‘ਸ਼ਾਂਤੀਪੂਰਨ, ਸਥਿਰ ਅਤੇ ਲਾਭਦਾਇਕ ਦੁਵੱਲੇ ਸੰਬੰਧ’ ਬਣਾ ਸਕਦੇ ਹਨ।

ਅਜੇ ਅਸਲ ਕੰਟਰੋਲ ਰੇਖਾ ’ਤੇ ਭਾਰਤ ਅਤੇ ਚੀਨ ਨੂੰ ਵੱਖ ਕਰਨ ਵਾਲੀ ਸਰਹੱਦ ਨੂੰ ਸਪੱਸ਼ਟ ਤੌਰ ’ਤੇ ਪਰਿਭਾਸ਼ਿਤ ਨਹੀਂ ਕੀਤਾ ਗਿਆ ਅਤੇ ਐਲ. ਏ. ਸੀ. ਸੰਬੰਧੀ ਉਨ੍ਹਾਂ ਦੀ ਤੇ ਸਾਡੀ ਧਾਰਨਾ ਬਾਰੇ ਕੋਈ ਆਮ ਸਹਿਮਤੀ ਨਹੀਂ ਬਣੀ। ਦੋਵੇਂ ਧਿਰਾਂ ਉਨ੍ਹਾਂ ਸਥਾਨਾਂ ’ਤੇ ਗਸ਼ਤ ਕਰਨਗੀਆਂ, ਜਿਨ੍ਹਾਂ ’ਤੇ ਉਨ੍ਹਾਂ ਦਾ ਟਕਰਾਅ ਪੈਦਾ ਹੋ ਗਿਆ ਸੀ। ਉਨ੍ਹਾਂ ਨੇ ਭਾਰਤੀ ਸੈਨਾਂ ਨੂੰ ਰਾਖੀ ਨਾਲੇ ’ਤੇ ਰੋਕ ਲਿਆ ਸੀ, ਜਿਸ ਰਾਹੀਂ ਪਹਿਲਾਂ ਭਾਰਤੀ ਸੈਨਾ ਦੇਪਸਾਂਗ ਦੇ 972 ਵਰਗ ਕਿਲੋਮੀਟਰ ਦੇ ਮੈਦਾਨਾਂ ਤੱਕ ਪਹੁੰਚਦੀ ਸੀ। ਚੀਨ ਵਲੋਂ ਰਾਖੀ ਨਾਲਾ ਖਾਲੀ ਕਰਨ ਨਾਲ ਹੁਣ ਅਸੀਂ ਗਸ਼ਤ ਪੁਆਇੰਟ 10, 11, 12, 13, 14, 15 ਤੱਕ ਪਹੁੰਚ ਸਕਾਂਗੇ। ਗਸ਼ਤ ਲਈ ਪ੍ਰੋਟੋਕੋਲ, ਨਿਰੀਖਣ ਅਤੇ ਉਪਾਅ ਆਪਸੀ ਸਹਿਮਤੀ ਨਾਲ ਜ਼ਮੀਨੀ ਪੱਧਰ ’ਤੇ ਕੀਤੇ ਜਾਣੇ ਚਾਹੀਦੇ ਹਨ, ਪਰ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਸਾਨੂੰ ਆਪਣੀ ਚੌਕਸੀ ਅਤੇ ਖੁਫੀਆ ਨਿਗਰਾਨੀ ਨੂੰ ਬਣਾਈ ਰੱਖਣਾ ਚਾਹੀਦਾ ਹੈ। ਸਾਡੇ ਕੋਲ ਉਨ੍ਹਾਂ ਦੀਆਂ ਹਰਕਤਾਂ ’ਤੇ ਨਜ਼ਰ ਰੱਖਣ ਦਾ ਸਾਧਨ ਹੋਣਾ ਚਾਹੀਦਾ ਹੈ। ਫ਼ੌਜਾਂ ਨੂੰ ਆਪਣੇ ਫੈਸਲੇ ਲੈਣ ਵਿੱਚ ਖੁੱਲ੍ਹ ਹੋਣੀ ਚਾਹੀਦੀ ਹੈ ਤਾਂ ਕਿ ਵਕਤ ’ਤੇ ਫੈਸਲੇ ਲੈ ਕੇ ਸਮੇਂ ਸਿਰ ਪੈਦਾ ਹੋਣ ਵਾਲੀ ਨਵੀਂ ਮੁਸ਼ਕਿਲ ਨੂੰ ਹੱਲ ਕੀਤਾ ਜਾ ਸਕੇ।

ਲੈਫਟੀਨੈਂਟ ਜਨਰਲ ਵਿਨੋਦ ਭਾਟੀਆ ਨੇ ਕਿਹਾ ਇਹ ਇੱਕ ਹੌਲੀ ਤੇ ਸੁਚੇਤ ਪ੍ਰਕਿਰਿਆ ਹੈ, ਜਿਸ ਨੂੰ ਨਿਰੀਖਣ ਅਤੇ ਮੁੜ-ਨਿਰੀਖਣ ਦੀ ਲੋੜ ਹੈ। ਇੱਕ ਲੰਮੇ ਕਦਮ ਲਈ ਸਾਨੂੰ ਰੂਪ-ਰੇਖਾ ਬਣਾਉਣ ਦੀ ਲੋੜ ਹੈ, ਚੌਕਸੀ ਰੱਖਣ ਦੀ ਲੋੜ ਹੈ !, ਜਨਰਲ ਨੇ ਅੱਗੇ ਹੋਰ ਕਿਹਾ, ਸਾਨੂੰ ਚੀਨ ’ਤੇ ਭਰੋਸਾ ਨਹੀਂ ਕਰਨਾ ਚਾਹੀਦਾ। ਅਸੀਂ ਜਾਣਦੇ ਹਾਂ ਕਿ 1962 ਵਿੱਚ ਕੀ ਹੋਇਆ ਸੀ, ਅਪ੍ਰੈਲ ਤੇ ਮਈ 2020 ਵਿੱਚ ਕੀ ਹੋਇਆ ਸੀ। ਇਸ ਲਈ, ਸਾਨੂੰ ਬੁਨਿਆਦੀ ਢਾਂਚੇ ਦੇ ਵਿਕਾਸ, ਸਮਰੱਥਾ ਨਿਰਮਾਣ ਅਤੇ ਸਮਰੱਥਾ ਵਧਾਉਣ ਵਿੱਚ ਨਿਵੇਸ਼ ਕਰਨਾ ਜਾਰੀ ਰੱਖਣਾ ਚਾਹੀਦਾ ਹੈ, ਤਾਂ ਜੋ ਅਸੀਂ ਚੀਨ ਨਾਲ ਤੁਲਨਾਤਮਿਕ ਤਾਕਤ ਦੀ ਸਥਿਤੀ ਤੋਂ ਗੱਲ ਕਰ ਸਕੀਏ। ਚੀਨ ਤਾਕਤ ਦਾ ਸਨਮਾਨ ਕਰਦਾ ਹੈ ਅਤੇ ਸਾਨੂੰ ਚੀਨ ਸਾਹਮਣੇ ਤਾਕਤ ਦਾ ਪ੍ਰਦਰਸ਼ਨ ਕਰਨਾ ਪਵੇਗਾ। ਚੀਨ ਸਮਝੌਤਿਆਂ ਨੂੰ ਆਪਣੇ ਤਰੀਕੇ ਨਾਲ ਪੜ੍ਹਨ ਅਤੇ ਵਿਆਖਿਆ ਕਰਨ ਲਈ ਜਾਣਿਆ ਜਾਂਦਾ ਹੈ। ਉਹ ਨਿਯਮਾਂ ਦੀ ਕੋਈ ਪਰਵਾਹ ਨਹੀਂ ਕਰਦਾ। ਸਾਨੂੰ ਕਿਸੇ ਵੀ ਸਮਝੌਤੇ ਦੀਆਂ ਸ਼ਰਤਾਂ ਬਾਰੇ ਸੰਤੁਸ਼ਟ ਨਹੀਂ ਹੋਣਾ ਚਾਹੀਦਾ, ਕਿਉਂਕਿ ਚੀਨ ਨੇ ਬੇਰਹਿਮੀ ਨਾਲ ਪੰਜ ਸਮਝੌਤਿਆਂ ਦੀ ਉਲੰਘਣਾ ਕੀਤੀ ਹੈ, ਜੋ ਸਾਢੇ ਤਿੰਨ ਦਹਾਕਿਆਂ ਤੋਂ ਸਮੇਂ ਦੀ ਪ੍ਰੀਖਿਆ ’ਤੇ ਖਰੇ ਉਤਰੇ ਸਨ।

ਚੀਨ ਦੀ ਰਣਨੀਤੀ ਹੈ ਲਗਾਤਾਰ ਨਵੇਂ ਦਾਅਵੇ ਕਰਨੇ, ਕਬਜ਼ੇ ਕਰਨੇ ਤੇ ਉਨ੍ਹਾਂ ਨੂੰ ਜਾਇਜ਼ ਠਹਿਰਾਉਣਾ, ਸ਼ੋਸ਼ਣ ਕਰਨਾ ਤੇ ਇਲਾਕਾ ਆਪਣੇ ਨਾਲ ਮਿਲਾ ਲੈਣਾ। ਉਹ ਪਹਿਲਾਂ ਹੀ ਸਤੰਬਰ 1959 ਤੋਂ ਦੇਮਚੌਕ ਤੇ ਦੇਪਸਾਂਗ ਵਾਲੇ ਖੇਤਰ ’ਤੇ ਦਾਅਵਾ ਕਰ ਚੁੱਕੇ ਹਨ ਅਤੇ ਮਈ 2020 ਤੋਂ ਪਹਿਲਾਂ ਵਾਂਗ ਸ਼ਾਂਤੀ ਬਣਾਈ ਰੱਖਣ ਲਈ ਆਪਣੇ ਦਾਅਵੇ ਨੂੰ ਇੰਨੀ ਆਸਾਨੀ ਨਾਲ ਨਹੀਂ ਛੱਡਣਗੇ। ਸਮਝੌਤਾ ਲਾਗੂ ਹੋਣ ਤੋਂ ਬਾਅਦ ਵੀ ਸਾਨੂੰ ਫ਼ੌਜਾਂ ਨੂੰ ਚੌਕਸ ਰੱਖਣਾ ਪਵੇਗਾ। ਸਾਨੂੰ ਸੰਕਟਕਾਲੀਨ ਸਥਿਤੀਆਂ ਲਈ ਰਿਜ਼ਰਵ ਦੀ ਸਥਿਤੀ ਰੱਖਣੀ ਪਵੇਗੀ, ਕਿਉਂਕਿ ਵਿਸ਼ਵਾਸ ਦੀ ਘਾਟ ਹੈ। ਭਾਰਤੀ ਫ਼ੌਜ ਐਲ.ਏ.ਸੀ. ਨੂੰ ਮਜ਼ਬੂਤ ਕਰਨਾ ਜਾਰੀ ਰੱਖੇ, ਸਮੇਂ ਦੇ ਨਾਲ ਸਾਡੇ ਕੋਲ ਰਿਜ਼ਰਵ ਅਤੇ ਅਚਨਚੇਤੀ ਯੋਜਨਾਵਾਂ ਹੋਣ।

# ਭਾਰਤ-ਕੈਨੇਡਾ ਦੇ ਤਕਰਾਰ ਦਾ ਪੰਜਾਬ ’ਤੇ ਪ੍ਰਭਾਵ

ਪ੍ਰੋ. ਰਣਜੀਤ ਸਿੰਘ ਧਨੋਆ






ਪਿਛਲੇ ਦਿਨੀਂ ਭਾਰਤ ਤੇ ਕੈਨੇਡਾ ਨੇ ਇੱਕ ਦੂਜੇ ਦੇ ਕੂਟਨੀਤਕਾਂ (ਡਿਪਲੋਮੇਟ) ਨੂੰ ਵਾਪਸ ਆਪੋ ਆਪਣੇ ਮੁਲਕ ਪਰਤ ਜਾਣ ਲਈ ਕਹਿ ਦਿੱਤਾ ਸੀ। ਭਾਵੇਂ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਵੱਡੇ ਦੇਸ਼ ਆਪਣੇ ਕੂਟਨੀਤਕਾਂ ਨੂੰ ਦੇਸ਼ ਛੱਡ ਦੇਣ ਦੇ ਹੁਕਮ ਵਰਗੇ ਸਖ਼ਤ ਰੁਖ਼ ਘੱਟ ਹੀ ਅਪਣਾਉਂਦੇ ਹਨ, ਜਿਵੇਂ ਉਹ ਬਰਾਬਰ ਜਾਂ ਆਪ ਤੋਂ ਛੋਟੇ ਦੇਸ਼ਾਂ ਦੇ ਮਾਮਲੇ ਵਿੱਚ ਪੇਸ਼ ਆਉਂਦੇ ਹਨ। ਮਸਲਨ ਭਾਰਤ ਪਾਕਿਸਤਾਨ ਦੇ ਮਾਮਲੇ ਵਿੱਚ ਅਨੇਕਾਂ ਵਾਰ ਅਜਿਹਾ ਹੋਇਆ ਹੈ ਕਿ ਇੱਕ ਦੂਜੇ ਦੇ ਕੂਟਨੀਤਕਾਂ ਨੂੰ ਆਪਣੇ ਮੂਲ ਦੇਸ਼ ਵਾਪਸ ਪਰਤਣਾ ਪਿਆ ਹੈ, ਪਰੰਤੂ ਦੋਵਾਂ ਦੇਸ਼ਾਂ ਦੀ ਜਨਤਾ ਨੇ ਇਸ ਤਰ੍ਹਾਂ ਦੀ ਕਾਰਵਾਈ ਦਾ ਕਦੇ ਬਹੁਤਾ ਨੋਟਿਸ ਨਹੀਂ ਲਿਆ। ਅਗਸਤ 2019 ਵਿੱਚ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਭਾਰਤ ਸਰਕਾਰ ਨੇ ਜਦੋਂ ਵਾਪਸ ਲਿਆ ਤਾਂ ਉਸ ਵਕਤ ਵੀ ਪਾਕਿਸਤਾਨ ਨੇ ਭਾਰਤੀ ਰਾਜਦੂਤ ਅਜੇ ਬਸਾਰੀਆ ਨੂੰ ਦੇਸ਼ ਛੱਡ ਦੇਣ ਦਾ ਹੁਕਮ ਚਾੜ੍ਹ ਦਿੱਤਾ ਸੀ।

ਕੈਨੇਡਾ ਅਤੇ ਭਾਰਤ ਵਿਚਕਾਰ ਇੱਕ ਦੂਜੇ ਦੇ ਡਿਪਲੋਮੇਟਾਂ ਨੂੰ ਵਾਪਸ ਭੇਜਣ ਦਾ ਮਲਾ ਵੱਖਰੀ ਕਿਸਮ ਦਾ ਹੈ। ਜਦੋਂ ਦੋ ਦੇਸ਼ ਇੱਕ ਦੂਜੇ ਦੇ ਕੂਟਨੀਤਕਾਂ ਨੂੰ ਦੇਸ਼ ਛੱਡਣ ਦਾ ਹੁਕਮ ਕਰਨ ਤਾਂ ਮਾਮਲਾ ਮਹਿਜ਼ ਅਧਿਕਾਰੀਆਂ ਦੀ ਵਤਨ ਵਾਪਸੀ ਦਾ ਨਹੀਂ ਹੁੰਦਾ, ਬਲਕਿ ਇਹ ਇੱਕ ਸੰਭਾਵੀ ਵੱਡੀ ਕਾਰਵਾਈ ਦਾ ਸੰਕੇਤ ਹੁੰਦਾ ਹੈ, ਜਿਸ ’ਤੇ ਵਿਰੋਧੀ ਕਾਰਵਾਈ ਹੋਣ ਦੀ ਵੀ ਓਨੀ ਹੀ ਗੁੰਜਾਇਸ਼ ਹੁੰਦੀ ਹੈ। ਇਹ ਆਪਣੇ ਆਪ ਵਿੱਚ ਬੇਹੱਦ ਗੰਭੀਰ ਮਾਮਲਾ ਹੈ, ਲਿਹਾਜ਼ਾ ਹਥਲੇ ਲੇਖ ਵਿੱਚ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿੱਚ ਪੈਦਾ ਹੋਈ ਤਲਖ਼ੀ ਦੇ ਭਾਰਤ, ਖ਼ਾਸ ਕਰਕੇ ਪੰਜਾਬ ਦੇ ਸਮੁੱਚੇ ਤਾਣੇ-ਬਾਣੇ ’ਤੇ ਕਿਹੋ ਜਿਹੇ ਪ੍ਰਭਾਵ ਪੈਣ ਵਾਲੇ ਹਨ ।ਪਿਛਲੇ ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਦੇਸ਼ ਦੀ ਸੰਸਦ ਵਿੱਚ ਜੂਨ ਮਹੀਨੇ ਵਿੱਚ ਖ਼ਾਲਿਸਤਾਨੀ ਆਗੂ ਕਹੇ ਜਾਂਦੇ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਭਾਰਤ ਦੀ ਭੂਮਿਕਾ ਹੋਣ ਦਾ ਸੰਦੇਹ ਪ੍ਰਗਟ ਕਰਕੇ ਇੱਕ ਵਾਰ ਤਾਂ ਸਭ ਨੂੰ ਹੈਰਾਨ ਕਰ ਦਿੱਤਾ ਸੀ। ਹਰਦੀਪ ਸਿੰਘ ਨਿੱਝਰ ਜਿਸ ਨੂੰ ਭਾਰਤ ਵਿੱਚ ‘ਲੋੜੀਂਦਾ ਖਾੜਕੂ’ ਐਲਾਨਿਆ ਹੋਇਆ ਸੀ, ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਸਰੀ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਕੈਨੇਡਾ ਨੇ ਆਪਣੇ ਸਟੈਂਡ ਨੂੰ ਦੁਹਰਾਉਂਦੇ ਹੋਏ ਮੁੜ ਸਪੱਸ਼ਟ ਕੀਤਾ ਹੈ ਕਿ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀ ਮਾਮਲੇ ਨਾਲ ਜੁੜੇ ਵਿਅਕਤੀ ਹਨ। ਮਾਮਲੇ ਦੀ ਗੰਭੀਰਤਾ ਹੋਰ ਵੀ ਵਧ ਗਈ ਜਦੋਂ ਫ਼ਾਈਵ ਆਈਜ਼ ਅਲਾਇੰਸ ਨਾਂਅ ਦੀ ਸੰਸਥਾ ਨੇ ਵੀ ਨਿੱਝਰ ਕਤਲ ਕੇਸ ਵਿੱਚ ਭਾਰਤੀ ਏਜੰਸੀਆਂ ਦਾ ਹੱਥ ਹੋਣਾ ਦੱਸਿਆ ਸੀ। ਇਹ ਦੁਨੀਆਂ ਦਾ ਸਭ ਤੋਂ ਤਾਕਤਵਰ ਜਾਸੂਸੀ ਨੈੱਟਵਰਕ ਹੈ, ਜਿਸ ਵਿੱਚ ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਕੈਨੇਡਾ ਪੰਜ ਮੁਲਕ ਸ਼ਾਮਿਲ ਹਨ, ਜੋ ਇੱਕ ਦੂਜੇ ਦੇਸ਼ ਨਾਲ ਖੁਫ਼ੀਆ ਜਾਣਕਾਰੀ ਸਾਂਝੀ ਕਰਦੇ ਹਨ। ਇਸ ਤੋਂ ਇਲਾਵਾ ਕੈਨੇਡੀਅਨ ਰਾਇਲ ਮਾਊਂਟਿਡ ਪੁਲਿਸ ਨੇ ਬਾਕਾਇਦਾ ਪ੍ਰੈੱਸ ਕਾਨਫ਼ਰੰਸ ਕਰਕੇ ਕਿਹਾ ਸੀ ਕਿ ਕੈਨੇਡਾ ਵਿੱਚ ਕਤਲ, ਹਿੰਸਕ ਕਾਰਵਾਈਆਂ ਅਤੇ ਖ਼ਾਲਿਸਤਾਨੀ ਸਮਰਥਕਾਂ ਨੂੰ ਨਿਸ਼ਾਨਾ ਬਣਾਉਣ ਵਿੱਚ ਭਾਰਤੀ ਏਜੰਟ ਸ਼ਾਮਿਲ ਹਨ। ਪੁਲਿਸ ਕਮਿਸ਼ਨਰ ਡੇਵਿਡ ਟੂਬਿਲ ਨੇ ਤਾਂ ਇਹ ਵੀ ਦਾਅਵਾ ਕਰ ਦਿੱਤਾ ਕਿ ਅਸੀਂ ਹਿੱਟ ਸੁਕਐਡ ਦੇ ਤਿੰਨ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿੰਨ੍ਹਾਂ ਨੇ ਜਾਂਚ ਦੌਰਾਨ ਇਕਬਾਲ ਕੀਤਾ ਹੈ ਕਿ ਉਹ ਭਾਰਤ ਲਈ ਕੰਮ ਕਰ ਰਹੇ ਹਨ। ਇਸ ਸਭ ਕਾਸੇ ਦੇ ਪ੍ਰਤੀਕਰਮ ਵਜੋਂ ਭਾਰਤ ਨੇ ਦਿੱਲੀ ਵਿਚਲੇ ਕੈਨੇਡਾ ਹਾਈ ਕਮਿਸ਼ਨਰ ਰੌਸ ਵੀਲਰ ਨੂੰ 19 ਅਕਤੂਬਰ ਤੱਕ ਭਾਰਤ ਛੱਡ ਦੇਣ ਦਾ ਫ਼ੁਰਮਾਨ ਕਰ ਦਿੱਤਾ। ਯਾਦ ਰਹੇ ਬੀਤੇ ਵਰ੍ਹੇ ਵੀ ਇਹੀ ਕੁਝ ਹੋਇਆ, ਜਦੋਂ ਭਾਰਤ ਵਲੋਂ ਕੈਨੇਡਾ ਹਾਈ ਕਮਿਸ਼ਨ ਦੇ ਸਟਾਫ਼ ਵਿਚ ਕਟੌਤੀ ਕਰਨ ਦੇ ਨਾਲ-ਨਾਲ ਕੁਝ ਖ਼ਾਸ ਕਿਸਮ ਦੇ ਵੀਜ਼ਾ ਅਮਲਾਂ ’ਤੇ ਪਾਬੰਦੀ ਲਗਾ ਦਿੱਤੀ ਸੀ। ਕੂਟਨੀਤਕ ਜਾਂ ਡਿਪਲੋਮੇਟ ਉਹ ਸਰਕਾਰੀ ਮੁਲਾਜ਼ਮ ਹੁੰਦਾ ਹੈ, ਜੋ ਕੌਮਾਂਤਰੀ ਸੰਬੰਧਾਂ ਨੂੰ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਪਾਰਕ ਸਮਝੌਤਿਆਂ ’ਤੇ ਗੱਲਬਾਤ ਤੋਂ ਇਲਾਵਾ ਵਿਦੇਸ਼ੀ ਧਰਤੀ ’ਤੇ ਵਸਦੇ ਆਪਣੇ ਮੂਲ ਦੇਸ਼ ਦੇ ਨਾਗਰਿਕਾਂ ਦੀਆਂ ਸਮੱਸਿਆਵਾਂ ਅਤੇ ਨਵੀਆਂ ਨੀਤੀਆਂ ’ਤੇ ਚਰਚਾ ਕਰਨੀ, ਹੋਰ ਵਿਵਾਦਾਂ ਨੂੰ ਨਜਿੱਠਣਾ ਵੀ ਉਸਦੀਆਂ ਮੁਢਲੀਆਂ ਤਰਜੀਹਾਂ ਵਿੱਚ ਸ਼ਾਮਿਲ ਹੁੰਦਾ ਹੈ।

ਸਭ ਤੋਂ ਪਹਿਲਾਂ ਅਸੀਂ ਭਾਰਤ ਦੇ ਉਸ ਬਿਆਨ ਨੂੰ ਵਾਚਦੇ ਹਾਂ, ਜਿਸ ਵਿੱਚ ਉਸ ਨੇ ਕਿਹਾ ਸੀ ਕਿ ਸਿੱਖ ਆਗੂ ਦੀ ਹੱਤਿਆ ਦਾ ਦੋਸ਼ ਭਾਰਤ ਸਿਰ ਮੜ੍ਹਨ ਪਿੱਛੇ ਜਸਟਿਨ ਟਰੂਡੋ ਦਾ ਮੰਤਵ ਕੈਨੇਡਾ ਵਿੱਚ ਵਸਦੇ ਸਿੱਖਾਂ ਦੀ ਹਮਦਰਦੀ ਅਤੇ ਸਿੱਖ ਵੋਟ ਨੂੰ ਪ੍ਰਭਾਵਿਤ ਕਰਕੇ ਆਪਣੇ ਸਿਆਸੀ ਹਿਤਾਂ ਦੀ ਪੂਰਤੀ ਕਰਨਾ ਹੈ। ਪਰੰਤੂ ਕੈਨੇਡਾ ਦੀ ਵਸੋਂ ਦਾ ਤੁਲਨਾਤਮਿਕ ਅਧਿਐਨ ਕਰੀਏ ਤਾਂ ਸਹਿਜੇ ਹੀ ਇਹ ਸਿੱਟਾ ਨਿੱਕਲ ਕੇ ਸਾਹਮਣੇ ਆਉਂਦਾ ਹੈ ਕਿ ਕੈਨੇਡਾ ਵਰਗੇ ਵਿਸ਼ਾਲ ਮੁਲਕ ਵਿੱਚ ਇਹ ਸੰਭਵ ਹੀ ਨਹੀਂ ਕਿ ਮਹਿਜ਼ ਖ਼ਾਲਿਸਤਾਨੀ ਸਮਰਥਕਾਂ ਨੂੰ ਖੁਸ਼ ਕਰਕੇ ਕੋਈ ਰਾਜਨੇਤਾ ਆਪਣੀ ਜਿੱਤ ਨੂੰ ਯਕੀਨੀ ਬਣਾ ਸਕਦਾ ਹੋਵੇ। ਭਾਰਤ ਵਿੱਚ ਬੈਠੇ ਲੋਕਾਂ ਨੂੰ ਵੀ ਸ਼ਾਇਦ ਭੁਲੇਖਾ ਹੋਵੇ ਕਿ ਕੈਨੇਡਾ ਵਸਦੇ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰੇ ਦੇ ਲੋਕ ਕੈਨੇਡਾ ਦੀ ਚੋਣ ਪ੍ਰਕਿਰਿਆ ਵਿੱਚ ਫ਼ੈਸਲਾਕੁੰਨ ਭੂਮਿਕਾ ਨਿਭਾਉਂਦੇ ਹੋਣਗੇ। ਜਦੋਂ ਕਿ ਅਜਿਹਾ ਨਹੀਂ ਹੈ, ਬਰੈਪਟਨ ਦੇ ਚਾਰ ਪੰਜ ਹਲਕਿਆਂ ਨੂੰ ਛੱਡ ਕੇ ਵੱਡੀ ਗਿਣਤੀ ਵਿੱਚ ਉਥੇ ਕਾਰੋਬਾਰ ਕਰਦੇ ਸਿੱਖ ਭਾਈਚਾਰੇ ਨੂੰ ਦੋਵਾਂ ਦੇਸ਼ਾਂ ਵਿਚਕਾਰ ਸੰਬੰਧ ਸੁਖਾਵੇਂ ਚਾਹੀਦੇ ਹਨ, ਕਿਉਂਕਿ ਉਨ੍ਹਾਂ ਦੀ ਦੁਨੀਆਂ ਅਸਲ ਵਿੱਚ ਇੱਧਰ ਹੀ ਵਸਦੀ ਹੈ। ਉਨ੍ਹਾਂ ਦੇ ਖੁਸ਼ੀ ਗਮੀ, ਜਨਮ ਮਰਨ, ਵਿਆਹ ਸ਼ਾਦੀ ਸਮੇਤ ਸਭ ਤਿੱਥ ਤਿਉਹਾਰ ਪੰਜਾਬ ਦੀ ਧਰਤੀ ’ਤੇ ਹੀ ਪਨਪਦੇ ਹਨ। ਪਿੰਡ ਪੱਧਰ ਦੀ ਪੰਚਾਇਤ ਚੋਣ ਤੋਂ ਲੈ ਕੇ ਮੈਂਬਰ ਪਾਰਲੀਮੈਂਟ ਦੀਆਂ ਚੋਣਾਂ ਨੂੰ ਐਨ.ਆਰ.ਆਈ ਪੰਜਾਬੀ ਵੱਡੇ ਪੱਧਰ ’ਤੇ ਪ੍ਰਭਾਵਿਤ ਕਰਦੇ ਹਨ।

ਪੰਜਾਬ ਦਾ ਹਰੇਕ ਤੀਜਾ ਨੌਜਵਾਨ (ਇੱਕ ਸਰਵੇ ਮੁਤਾਬਿਕ) ਆਪਣੇ ਰੌਸ਼ਨ ਭਵਿੱਖ ਦੀ ਤਲਾਸ਼ ਲਈ ਕੈਨੇਡਾ ਨੂੰ ਮੁਕਾਬਲਿਤਨ ਵਧੀਆ ਮੁਕਾਮ ਵਜੋਂ ਦੇਖਦਾ ਹੈ। ਪੰਜਾਬ ਦੇ ਵਪਾਰਕ ਅਤੇ ਸਮਾਜਿਕ ਸਰੋਕਾਰ ਵੀ ਬਾਕੀ ਦੇਸ਼ਾਂ ਦੀ ਤੁਲਨਾ ਵਿੱਚ ਕੈਨੇਡਾ ਨਾਲ ਗਹਿਰੀ ਸਾਂਝ ਰੱਖਦੇ ਹਨ। ਭਾਰਤ ਕੈਨੇਡਾ ਸਬੰਧਾਂ ਵਿੱਚ ਆਈ ਖਟਾਸ ਭਾਰਤ ਨੂੰ ਵੀ ਵਪਾਰਕ ਤੇ ਪੂੰਜੀ ਨਿਵੇਸ਼ ਦੇ ਪੱਖ ਤੋਂ ਚੋਖੀ ਪ੍ਰਭਾਵਤ ਕਰੇਗੀ। ਪਰ ਸਭ ਤੋਂ ਵਧ ਇਹ ਪੰਜਾਬ ਨੂੰ ਪ੍ਰਭਾਵਿਤ ਕਰੇਗੀ, ਕਿਉਂਕਿ ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਸਥਾਈ ਵਸੇਬੇ ਲਈ ਅਤੇ ਸਿੱਖਿਆ ਹਾਸਿਲ ਕਰਨ ਲਈ ਉਥੇ ਜਾਂਦੇ ਰਹੇ ਹਨ। ਲਿਹਾਜ਼ਾ ਇਹ ਮਸਲਾ ਸੁਖਾਵੇਂ ਢੰਗ ਨਾਲ ਹੱਲ ਹੋਣਾ ਚਾਹੀਦਾ ਹੈ, ਸਾਰਿਆਂ ਦੀ ਇਹੀ ਦਿਲੀ ਕਾਮਨਾ ਹੈ।

# ਭਾਰਤ ਦੇ ਪੱਛਮ ਨਾਲ ਰਿਸ਼ਤਿਆਂ ’ਚ ਤਰੇੜਾਂ

**ਸੰਜੇ ਬਾਰੂ**

ਪਰਵਾਸੀ ਭਾਰਤੀਆਂ ਦੀ ਵਧ ਰਹੀ ਤਾਦਾਦ ਪਿਛਲੇ ਦਹਾਕੇ ਤੋਂ ਆਲਮੀ ਪਰਵਾਸ ਦੀ ਅਹਿਮ ਕਹਾਣੀ ਬਣੀ ਹੋਈ ਹੈ। ਅਮਰੀਕਾ ਤੋਂ ਆਸਟ੍ਰੇਲੀਆ ਤੱਕ, ਸਿੰਗਾਪੁਰ ਤੋਂ ਦੁਬਈ ਅਤੇ ਪੁਰਤਗਾਲ ਤੋਂ ਇਜ਼ਰਾਈਲ ਤੱਕ ਸਭ ਥਾਈਂ ਭਾਰਤੀਆਂ ਦੇ ਪਰਵਾਸ ਵਿੱਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। 2014 ਵਿੱਚ ਕੈਨੇਡਾ ’ਚ ਮਸਾਂ 38364 ਭਾਰਤੀ ਪਰਵਾਸੀ ਸਥਾਈ ਨਾਗਰਿਕ ਬਣੇ ਸਨ। 2022 ਦੇ ਅੰਤ ਤੱਕ ਇਹ ਗਿਣਤੀ ਵਧ ਕੇ 1,18,095 ’ਤੇ ਪਹੁੰਚ ਗਈ ਸੀ। ਇਸ ਦੇ ਮੁਕਾਬਲੇ 2022 ਵਿੱਚ 30 ਕੁ ਹਜ਼ਾਰ ਚੀਨੀ ਪਰਵਾਸੀ ਕੈਨੇਡਾ ਪਹੁੰਚੇ ਸਨ। ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਭਾਰਤੀ ਖ਼ਾਸਕਰ ਪੰਜਾਬੀ ਪਰਵਾਸੀਆਂ ਦਾ ਚਹੇਤਾ ਟਿਕਾਣਾ ਬਣਿਆ ਹੋਇਆ ਹੈ ਅਤੇ ਇਸ ਤੋਂ ਇਲਾਵਾ ਕੈਨੇਡਾ ਅਜਿਹਾ ਰਣਨੀਤਕ ਭਾਈਵਾਲ ਵੀ ਰਿਹਾ ਹੈ ਜਿਸ ਨੇ ਭਾਰਤ ਦੀ ਪਰਮਾਣੂ ਸਲਾਹੀਅਤ ਨੂੰ ਉਸਾਰਨ ਵਿੱਚ ਮਦਦ ਕੀਤੀ ਸੀ। ਫਿਰ ਭਲਾ ਦੋਵੇਂ ਦੇਸ਼ਾਂ ਦੇ ਆਪਸੀ ਰਿਸ਼ਤਿਆਂ ਵਿੱਚ ਐਨਾ ਨਿਘਾਰ ਕਿਉਂ ਆ ਗਿਆ ਹੈ ਜਿਸ ਦੀ ਨਜ਼ੀਰ ਨਹੀਂ ਮਿਲਦੀ?

ਭਾਰਤੀ ਸਫ਼ੀਰਾਂ ਅਤੇ ਹੋਰਨਾਂ ਸਰਕਾਰੀ ਅਧਿਕਾਰੀਆਂ ਨੇ ਇਸ ਦਾ ਦੋਸ਼ ਪ੍ਰਧਾਨ ਮੰਤਰੀ ਜਸਟਿਨ ਟਰੂਡੋ ’ਤੇ ਮੜ੍ਹਿਆ ਹੈ ਅਤੇ ਉਨ੍ਹਾਂ ਉੱਪਰ ਆਪਣੀਆਂ ਖ਼ੁਦਪ੍ਰਸਤ ਘਰੇਲੂ ਸਿਆਸੀ ਰਣਨੀਤੀਆਂ ਨੂੰ ਵਿਦੇਸ਼ ਨੀਤੀ ਅਤੇ ਕੌਮੀ ਸੁਰੱਖਿਆ ਨਾਲ ਰਲਗੱਡ ਕਰਨ ਦਾ ਦੋਸ਼ ਲਾਇਆ ਹੈ। ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕੈਨੇਡੀਅਨ ਸਿੱਖਾਂ ਦੀਆਂ ਵੋਟਾਂ ਦਰਕਾਰ ਹਨ ਜਿਸ ਕਰ ਕੇ ਉਨ੍ਹਾਂ ਦੀਆਂ ਖ਼ਾਲਿਸਤਾਨੀ ਖਾਹਿਸ਼ਾਂ ਨੂੰ ਉਹ ਸ਼ਹਿ ਦੇ ਰਹੇ ਹਨ। ਇਸ ਤੋਂ ਇਲਾਵਾ ਹੋਰ ਦੋਸ਼ ਵੀ ਸੰਗੀਨ ਹਨ।

ਦੂਜੇ ਬੰਨੇ ਟਰੂਡੋ ਸਰਕਾਰ ਨੇ ਭਾਰਤੀ ਸੂਹੀਆ ਏਜੰਟਾਂ ਅਤੇ ਡਿਪਲੋਮੈਟਾਂ ਉੱਪਰ ਕੈਨੇਡੀਅਨ ਨਾਗਰਿਕਾਂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਹਨ। ਸ਼ੁਰੂ ਵਿੱਚ ਇਹ ਇੱਕ ਤਰ੍ਹਾਂ ਦੀ ਕੂਟਨੀਤਕ ਖਹਿਬਾਜ਼ੀ ਨਜ਼ਰ ਆ ਰਹੀ ਸੀ ਪਰ ਜਦੋਂ ਇਸ ਮਾਮਲੇ ਵਿੱਚ ਅਮਰੀਕਾ ਵੀ ਕੁੱਦ ਪਿਆ ਤਾਂ ਇਹ ਵੱਡੇ ਤਣਾਅ ਦਾ ਰੂਪ ਧਾਰਨ ਕਰ ਗਿਆ ਅਤੇ ਅਮਰੀਕਾ ਨੇ ਇਸ ਮਾਮਲੇ ਨੂੰ ਕੈਨੇਡੀਅਨ ਸਿੱਖ ਦੀ ਹੱਤਿਆ ਅਤੇ ਅਮਰੀਕੀ ਸਿੱਖ ਦੀ ਹੱਤਿਆ ਦੀ ਸਾਜ਼ਿਸ਼ ਨਾਲ ਜੋੜ ਦਿੱਤਾ। ਕੈਨੇਡਾ,



ਅਮਰੀਕਾ ਅਤੇ ਬਰਤਾਨੀਆ ਵਿੱਚ ਖ਼ਾਲਿਸਤਾਨ ਪੱਖੀ ਸਰਗਰਮੀ ਬਾਰੇ ਭਾਰਤ ਦੀ ਸ਼ਿਕਾਇਤ ਘਰੋਗੀ ਸੁਰੱਖਿਆ ਸਰੋਕਾਰਾਂ ’ਤੇ ਆਧਾਰਿਤ ਹੈ ਪਰ ਇਸ ਸਵਾਲ ਦਾ ਅਜੇ ਤੱਕ ਜਵਾਬ ਨਹੀਂ ਮਿਲ ਸਕਿਆ ਕਿ ਹਾਲੀਆ ਸਮਿਆਂ ਵਿੱਚ ਇਹ ਸਰਗਰਮੀ ਕਿੰਨੀ ਕੁ ਗੰਭੀਰ ਸੀ ਅਤੇ ਕੀ ਇਸ ਖਾਤਿਰ ਲੋਕਰਾਜੀ ਮੁਲਕਾਂ ਦਰਮਿਆਨ ਕੂਟਨੀਤਕ ਰਿਸ਼ਤਿਆਂ ਨੂੰ ਦਾਅ ’ਤੇ ਲਾ ਦੇਣ ਦੀ ਲੋੜ ਸੀ?

ਮੋਦੀ ਸਰਕਾਰ ਦੀ ਇਸ ਧਾਰਨਾ ਦੀ ਸਮਝ ਪੈਂਦੀ ਹੈ ਕਿ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਭਾਰਤੀ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ। ਬਹਰਹਾਲ, ਕੈਨੇਡਾ ਅਤੇ ਅਮਰੀਕਾ ਵੱਲੋਂ ਭਾਰਤ ਦੇ ਡਿਪਲੋਮੈਟਾਂ ਅਤੇ ਸੀਨੀਅਰ ਸਰਕਾਰੀ ਅਫਸਰਾਂ ਖ਼ਿਲਾਫ਼ ਅਪਰਾਧੀ ਅਨਸਰਾਂ ਨਾਲ ਰਲ਼ੇ ਹੋਣ ਦੇ ਲਾਏ ਦੋਸ਼ ਬਹੁਤ ਗੰਭੀਰ ਹਨ। ਇਸ ਤੋਂ ਦੋ ਸਵਾਲ ਪੈਦਾ ਹੁੰਦੇ ਹਨ। ਪਹਿਲਾ ਇਹ ਕਿ ਕੈਨੇਡੀਅਨ ਅਤੇ ਅਮਰੀਕਨ ਸਰਕਾਰਾਂ ਨੇ ਇਸ ਮਾਮਲੇ ਨੂੰ ਜਨਤਕ ਕਿਉਂ ਕੀਤਾ ਹੈ? ਦੂਜਾ ਇਹ ਕਿ ਭਾਰਤੀ ਪੱਖ ਤੋਂ ਅੰਤਿਮ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ? ਦੂਜੇ ਸਵਾਲ ਨੂੰ ਲੈ ਕੇ ਅਮਰੀਕਾ ਕੈਨੇਡਾ, ਦੋਵਾਂ ਨੇ ਨਾਵਾਂ ਦਾ ਜ਼ਿਕਰ ਕੀਤਾ ਹੈ ਅਤੇ ਆਪਣੀ ਬੇਗੁਨਾਹੀ ਸਿੱਧ ਕਰਨ ਦੀ ਜ਼ਿੰਮੇਵਾਰੀ ਸਬੰਧਿਤ ਭਾਰਤੀ ਅਹਿਲਕਾਰਾਂ ਉੱਪਰ ਪਾ ਦਿੱਤੀ ਹੈ।

ਪਹਿਲਾ ਸਵਾਲ ਇਸ ਕਰ ਕੇ ਅਹਿਮ ਹੈ ਕਿਉਂਕਿ ਕੈਨੇਡਾ ਅਤੇ ਅਮਰੀਕਾ ਦੇ ਭਾਰਤ ਨਾਲ ਕਾਫੀ ਵਧੀਆ ਕੂਟਨੀਤਕ ਰਿਸ਼ਤੇ ਰਹੇ ਹਨ ਅਤੇ ਇਹ ਤਵੱਕੋ ਕੀਤੀ ਜਾਂਦੀ ਰਹੀ ਹੈ ਕਿ ਅਜਿਹੇ ਮਾਮਲਿਆਂ ਨੂੰ ਵਧੇਰੇ ਤਹੱਮਲ ਨਾਲ ਨਜਿੱਠਿਆ ਜਾਵੇ। ਪਹਿਲੇ ਸਵਾਲ ਦੇ ਪ੍ਰਸੰਗ ਵਿੱਚ ਭਾਰਤ ਨੇ ਦੋਸ਼ ਲਾਇਆ ਹੈ ਕਿ ਟਰੂਡੋ ਦਲਗਤ ਰਾਜਨੀਤੀ ਖੇਡ ਰਹੇ ਹਨ ਅਤੇ ਉਨ੍ਹਾਂ ਨੂੰ ਕੈਨੇਡੀਅਨ ਸਿੱਖ ਵੋਟਾਂ ਦੇ ਆਸਰੇ ਚੋਣਾਂ ਵਿੱਚ ਜਿੱਤ ਦੀ ਉਮੀਦ ਹੈ। ਇਹ ਦੋਸ਼ ਕੁਝ ਉਵੇਂ ਦਾ ਹੀ ਹੈ ਜਿਵੇਂ ਪਾਕਿਸਤਾਨ ਵੱਲੋਂ ਭਾਰਤੀ ਸਿਆਸਤਦਾਨਾਂ ਉੱਪਰ ਕਥਿਤ ‘ਸਰਹੱਦ ਪਾਰੋਂ’ ਦਹਿਸ਼ਤਗਰਦ ਹਮਲਿਆਂ ਦੇ ਦੋਸ਼ਾਂ ’ਚੋਂ ਸਿਆਸੀ ਲਾਹਾ ਖੱਟਣ ਦੀ ਗੱਲ ਆਖੀ ਜਾਂਦੀ ਹੈ।

ਕੀ ਇਹ ਸਭ ਦੋਸਤਾਂ ਦਰਮਿਆਨ ਗ਼ਲਤਫਹਿਮੀ ਅਤੇ ਭਰੋਸੇ ਦੀ ਘਾਟ ਦਾ ਮਸਲਾ ਹੈ ਜਾਂ ਹੋਰ ਵੱਡੇ ਮੁੱਦੇ ਵੀ ਇਸ ਨਾਲ ਜੁੜੇ ਹੋਏ ਹਨ? ਸਾਰੇ ਜਾਣਦੇ ਹਨ ਕਿ ‘ਐਂਗਲੋ ਸਫੀਅਰ’ ਮੁਲਕ ਆਸਟ੍ਰੇਲੀਆ, ਬਰਤਾਨੀਆ, ਕੈਨੇਡਾ, ਨਿਊਜ਼ੀਲੈਂਡ ਤੇ ਅਮਰੀਕਾ ਆਪਣੇ ‘ਫਾਈਵ ਆਈਜ਼’ ਗੱਠਜੋੜ ਰਾਹੀਂ ਹਰ ਜਾਣਕਾਰੀ ਇੱਕ ਦੂਜੇ ਨਾਲ ਸਾਂਝੀ ਕਰਦੇ ਹਨ। ਇਸ ਦੇ ਮੱਦੇਨਜ਼ਰ ਟਰੂਡੋ ’ਤੇ ਸਿਰਫ਼ ਵੋਟਾਂ ਲੈਣ ਲਈ ਮਾਮਲੇ ਨੂੰ ਇਸ ਤਰ੍ਹਾਂ ਪੇਸ਼ ਕਰਨ ਦਾ ਦੋਸ਼ ਲਾਉਣਾ ਜ਼ਿਆਦਾ ਭਰੋਸੇਮੰਦ ਜਵਾਬ ਨਹੀਂ ਜਾਪਦਾ।

ਕੁੱਲ ਮਿਲਾ ਕੇ ਜਾਪਦਾ ਹੈ, ਅਜੋਕਾ ਆਲਮੀ ਮਾਹੌਲ ਭਾਰਤ ਦੀ ਆਰਥਿਕ ਤਰੱਕੀ ਤੇ ਵਿਕਾਸ ਲਈ ਬਹੁਤਾ ਸੁਖਾਵਾਂ ਨਹੀਂ ਹੈ। ਕੀ ਦੁਨੀਆਂ, ਘੱਟੋ-ਘੱਟ ਪੱਛਮੀ ਜਗਤ ਦੀ ਭਾਰਤ ਦੇ ਉਭਾਰ ’ਚ ਓਨੀ ਦਿਲਚਸਪੀ ਨਹੀਂ ਰਹੀ ਜਿੰਨੀ ਕਰੀਬ ਦਹਾਕਾ ਪਹਿਲਾਂ ਸੀ? ਨਰਿੰਦਰ ਮੋਦੀ ਸਰਕਾਰ ਤੇ ਭਾਜਪਾ ਅਤੇ ਆਰਐੱਸਐੱਸ ਦੇ ਮੈਂਬਰਾਂ ਵੱਲੋਂ ਪੱਛਮੀ ਸੰਸਾਰ ਤੇ ਇਸ ਦੀਆਂ ਸੰਸਥਾਵਾਂ ਦੀ ਨਿਯਮਿਤ ਆਲੋਚਨਾ ਤੋਂ ਤਾਂ ਜਾਪਦਾ ਹੈ ਕਿ ਇਹ ਪੱਛਮ ਨਾਲ ਰਿਸ਼ਤਿਆਂ ਦੀ ਪਰਖ ਦਾ ਸਮਾਂ ਹੈ ਅਤੇ ਬੇਭਰੋਸਗੀ ਦਾ ਸੰਕਟ ਗਹਿਰਾ ਹੋ ਰਿਹਾ ਹੈ। ਹੋ ਸਕਦਾ ਹੈ ਕਿ ਟਰੂਡੋ ਕਿਸੇ ਗਹਿਰੇ ਰੋਗ ਦਾ ਬਸ ਇੱਕ ਲੱਛਣ ਹੋਵੇ।

# ਸਾਮਰਾਜੀ ਜੰਗ ਦੇ ਅਖਾੜੇ ਬਣੇ ਫ਼ਲਸਤੀਨ ਤੇ ਯੂਕ੍ਰੇਨ

**ਮੋਹਨ ਸਿੰਘ (ਡਾ.)**

ਇਜ਼ਰਾਈਲ, ਅਮਰੀਕਾ ਦੀ ਸ਼ਹਿ ਨਾਲ ਫ਼ਲਸਤੀਨ ਦੇ ਹਮਾਸ, ਯਮਨ ਦੇ ਹਿਜ਼ਬੁੱਲਾ ਅਤੇ ਇਰਾਨ ਉਪਰ ਹਮਲਿਆਂ ਨਾਲ ਕਤਲੇਆਮ ਕਰ ਰਿਹਾ ਹੈ। 7 ਅਕਤੂਬਰ 2023 ਤੋਂ ਲੈ ਕੇ ਹੁਣ ਤੱਕ ਗਾਜ਼ਾ ਵਿੱਚ ਇਜ਼ਰਾਇਲੀ ਹਮਲਿਆਂ ਨਾਲ 41 ਹਜ਼ਾਰ ਨਾਲੋਂ ਵੱਧ ਲੋਕ ਮਾਰੇ ਗਏ ਹਨ ਅਤੇ 95 ਹਜ਼ਾਰ ਨਾਲੋਂ ਵੱਧ ਜ਼ਖ਼ਮੀ ਹੋ ਚੁੱਕੇ ਹਨ। ਗਾਜ਼ਾ ਨੂੰ ਮਿਜ਼ਾਈਲੀ ਹਮਲਿਆਂ ਨਾਲ ਬਰੂਦ ਦੇ ਢੇਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਅਮਰੀਕਾ ਦੀ ਨਿਸ਼ੰਗ ਮਦਦ ਨਾਲ ਇਹ ਇਕਪਾਸੜ ਕਤਲੇਆਮ ਹੋ ਰਿਹਾ ਹੈ। ਇਜ਼ਰਾਈਲ ਫ਼ਲਸਤੀਨੀ ਕੌਮ ਦਾ ਤੁਖ਼ਮ ਮਿਟਾਉਣ ਲਈ ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਕਤਲ ਕਰ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਦੀ ਰਿਪੋਰਟ ਅਨੁਸਾਰ, ਗਾਜ਼ਾ ਦੀ ਆਰਥਿਕਤਾ ਬਰਬਾਦ ਹੋ ਚੁੱਕੀ ਹੈ ਅਤੇ ਇਸ ਨੂੰ ਮੁੜ ਪਟੜੀ ’ਤੇ ਲਿਆਉਣ ਗਾਜ਼ਾ ਦੀ ਕੁੱਲ ਘਰੇਲੂ ਪੈਦਾਵਾਰ ਦੀ ਔਸਤ ਦਰ ਅਨੁਸਾਰ 350 ਸਾਲ ਦਾ ਸਮਾਂ ਲੱਗੇਗਾ। ਗਾਜ਼ਾ ਦੇ ਨਿਰਮਾਣ ਖੇਤਰ ਦੀ ਉਤਪਾਦਨ ਸਮਰਥਾ 96 ਫ਼ੀਸਦ ਘਟ ਗਈ ਹੈ, ਖੇਤੀ ਖੇਤਰ 93, ਨਿਰਮਾਣ ਉਦਯੋਗ 92 ਤੇ ਸੇਵਾ ਖੇਤਰ 76 ਫ਼ੀਸਦ ਘਟਿਆ ਹੈ। 2024 ਦੀ ਪਹਿਲੀ ਤਿਮਾਹੀ ਵਿੱਚ ਬੇਰੁਜ਼ਗਾਰੀ ਦਰ 81.7 ਫ਼ੀਸਦ ਹੈ। ਗਾਜ਼ਾ ਦੀ ਕੁੱਲ ਘਰੇਲੂ ਪੈਦਾਵਾਰ ਦਾ 35.8 ਅਰਬ ਡਾਲਰ ਦਾ ਨੁਕਸਾਨ ਹੋ ਚੁੱਕਾ ਸੀ।

ਸਮਾਜਵਾਦੀ ਕੈਂਪ ਖ਼ਤਮ ਹੋਣ ਤੋਂ ਬਾਅਦ, ਇਸ ਵਕਤ ਫ਼ਲਸਤੀਨੀਆਂ ਦੇ ਕਤਲੇਆਮ ਸਮੇਂ ਉਸ ਦੀ ਨਿਰਸੁਆਰਥ ਮਦਦ ਵਾਲਾ ਕੋਈ ਦੇਸ਼ ਨਹੀਂ। ਸੋਵੀਅਤ ਯੂਨੀਅਨ ਅਤੇ ਅਮਰੀਕੀ ਸਾਮਰਾਜ ਵਿਚਕਾਰ ਠੰਢੀ ਜੰਗ ਖ਼ਤਮ ਹੋਣ ਸਮੇਂ ਕਿਆਫ਼ੇ ਲਾਏ ਜਾ ਰਹੇ ਸਨ ਕਿ ਦੋ ਪ੍ਰਬੰਧਾਂ ਦੀ ਬੁਨਿਆਦੀ ਵਿਰੋਧਤਾਈ ਖ਼ਤਮ ਹੋਣ ਨਾਲ ਸੰਸਾਰ ਅੰਦਰ ਜੰਗਾਂ ਤੋਂ ਨਿਜਾਤ ਮਿਲ ਜਾਵੇਗੀ ਅਤੇ ਸੰਸਾਰ ਵਪਾਰ ਸੰਸਥਾ ਬਣਨ ਨਾਲ ਸੰਸਾਰ ਅੰਦਰ ਵਪਾਰਕ ਜੰਗਾਂ ਉਤੇ ਵਿਰਾਮ ਲੱਗ ਜਾਵੇਗਾ ਪਰ ਅਜਿਹਾ ਹੋ ਨਹੀਂ ਸਕਿਆ ਅਤੇ ਸਾਮਰਾਜੀ ਪ੍ਰਬੰਧ ਜੰਗਾਂ ਦੇ ਨਵੇਂ ਗੇੜ ਵਿੱਚ ਪੈ ਗਿਆ ਹੈ। ਹੁਣ ਸਾਮਰਾਜੀ ਜੰਗ ਦੇ ਕੇਂਦਰ ਮੱਧ ਪੂਰਬੀ ਏਸ਼ੀਆ ਅਤੇ ਯੂਕਰੇਨ ਜੰਗ ਬਣ ਗਏ ਹਨ। ਦੱਖਣੀ ਚੀਨੀ ਸਾਗਰ ਅੰਦਰ ਤਾਇਵਾਨ ਵੀ ਅਮਰੀਕੀ ਸਾਮਰਾਜਵਾਦ ਅਤੇ ਚੀਨ ਵਿਚਕਾਰ ਤਣਾਅ ਵਾਲਾ ਖੇਤਰ ਬਣਿਆ ਹੋਇਆ ਹੈ। ਮੌਜੂਦਾ ਦੌਰ





ਅੰਦਰ ਸਾਮਰਾਜਵਾਦ ਹੁਣ ਆਰਥਿਕ ਸੰਕਟ ਹੀ ਨਹੀਂ ਸਗੋਂ ਢਾਂਚਾਗਤ ਸੰਕਟ ਵਿੱਚ ਵੀ ਫਸ ਗਿਆ ਹੈ ਅਤੇ ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕੀ ਸਾਮਰਾਜ ਅਧੀਨ ਬਣਾਈਆਂ ਕੌਮਾਂਤਰੀ ਸੰਸਥਾ ਯੂਐੱਨਓ ਦਮ ਤੋੜ ਰਹੀ ਹੈ।

ਇਜ਼ਰਾਈਲ ਨੂੰ ਅਮਰੀਕਾ ਦੀ ਪੂਰੀ ਸ਼ਹਿ ਹੈ ਅਤੇ ਉਨ੍ਹਾਂ ਦੀ ਯੂ.ਐੱਨ.ਓ. ਵੱਲੋਂ ਜੰਗਬੰਦੀ ਕਰਨ ਦੇ ਕਿਸੇ ਵੀ ਮਤੇ ਨੂੰ ਕੋਰੀ ਨਾਂਹ ਹੈ। ਉਹ ਯੂ.ਐੱਨ.ਓ. ਦੇ ਭਾਰੀ ਬਹੁਮਤ ਦੇ ਬਾਵਜੂਦ ਕਿਸੇ ਵੀ ਮਤੇ ਨੂੰ ਮੰਨਣ ਤੋਂ ਇਨਕਾਰੀ ਹੈ ਅਤੇ ਦੁਨੀਆਂ ਦੀਆਂ ਸਾਮਰਾਜੀ ਪ੍ਰਬੰਧ ਨੂੰ ਨਿਯਮਿਤ ਕਰਨ ਵਾਲੀਆਂ ਸੰਸਥਾਵਾਂ- ਸੰਸਾਰ ਵਪਾਰ ਸੰਸਥਾ, ਯੂ.ਐੱਨ.ਓ., ਵਾਤਾਵਰਨ ਬਚਾਓ ਪੈਰਿਸ ਸੰਧੀ, ਕੌਮਾਂਤਰੀ ਨਿਆਂ ਵਾਲੀ ਸੰਸਥਾ ਆਈਸੀਜੇ ਆਦਿ ਦਮ ਤੋੜ ਚੁੱਕੀਆਂ ਹਨ। ਉੱਧਰ, ਕੌਮਾਂਤਰੀ ਕੋਰਟ ਦੇ ਚੀਨ ਦੇ ਦੱਖਣੀ ਚੀਨ ਸਾਗਰ ਵਾਲੇ ਦਾਅਵੇ ਖਾਰਜ ਕਰਨ ਦੇ ਬਾਵਜੂਦ ਉਹ (ਚੀਨ) ਕੌਮਾਂਤਰੀ ਕੋਰਟ ਦੇ ਫ਼ੈਸਲੇ ਮੰਨਣ ਤੋਂ ਇਨਕਾਰੀ ਹੈ। ਸੰਸਾਰ ਅੰਦਰ ਇੱਕ ਪਾਸੇ ਅਮਰੀਕਾ ਦੀ ਅਗਵਾਈ ਵਿੱਚ ਪੱਛਮੀ ਸਾਮਰਾਜੀ ਨਾਟੋ ਗਰੁੱਪ ਅਤੇ ਦੂਜੇ ਪਾਸੇ ਰੂਸ ਤੇ ਚੀਨ ਦੀ ਅਗਵਾਈ ਵਿੱਚ ਦੱਖਣੀ ਦੇਸ਼ਾਂ ਦਾ ਗਰੁੱਪ ਬਰਿਕਸ ਹੋਂਦ ਵਿੱਚ ਆ ਚੁੱਕਾ ਹੈ ਤੇ ਇਹ ਗਰੁੱਪ ਸੰਸਾਰ ਬੈਂਕ ਦੇ ਬਦਲ ਵਜੋਂ ਬਰਿਕਸ ਬੈਂਕ ਬਣਾ ਕੇ ਪੱਛਮੀ ਦੇਸ਼ਾਂ ਵਿਸ਼ੇਸ਼ ਕਰ ਕੇ ਅਮਰੀਕਾ ਦੇ ਡਾਲਰ ਨੂੰ ਚੁਣੌਤੀ ਦੇ ਰਿਹਾ ਹੈ। ਇਨ੍ਹਾਂ ਗਰੁੱਪਾਂ ਵਿਚੋਂ ਅਮਰੀਕੀ ਸਾਮਰਾਜੀ ਗਰੁੱਪ ਅੱਜ ਕੱਲ੍ਹ ਵਧੇਰੇ ਹਮਲਾਵਰ ਦਿਖਾਈ ਦਿੰਦਾ ਹੈ। ਅਮਰੀਕਾ ਆਪਣੀ ਸਲਤਨਤ ਦਾ ਵਿਸਥਾਰ ਕਰਨ ਲਈ ਸਾਬਕਾ ਸੋਵੀਅਤ ਯੂਨੀਅਨ ਦੇ ਅਹਿਮ ਦੇਸ਼ ਯੂਕਰੇਨ ਨੂੰ ਨਾਟੋ ਗਰੁੱਪ ਵਿੱਚ ਮਿਲਾਉਣਾ ਚਾਹੁੰਦਾ ਹੈ। ਅਜਿਹਾ ਕਰ ਕੇ ਅਮਰੀਕਾ ਸਮਾਜਵਾਦ ਤੋਂ ਤਬਦੀਲ ਹੋਏ ਸਾਮਰਾਜੀ ਰੂਸ ਨੂੰ ਘੇਰਨਾ ਚਾਹੁੰਦਾ ਹੈ। ਅਮਰੀਕੀ ਮਹਾਂ ਸਾਮਰਾਜੀ ਸ਼ਕਤੀ ਕਦੇ ਵੀ ਸੰਸਾਰ ਅੰਦਰ ਸ਼ਾਂਤੀ ਕਾਇਮ ਕਰਨ ਦਾ ਇਰਾਦਾ ਨਹੀਂ ਰੱਖਦੀ ਬਲਕਿ ਉਹ ਹਮੇਸ਼ਾ ਆਪਣੀ ਸਾਮਰਾਜੀ ਸਲਤਨਤ ਦੇ ਵਿਸਥਾਰ ਲਈ ਮੋਹਰੀ ਰਹਿੰਦੀ ਹੈ। ਮੌਜੂਦਾ ਸਮੇਂ ਇਹ ਅਮਰੀਕੀ ਸਾਮਰਾਜ ਹੀ ਹੈ ਜੋ ਯੂਕ੍ਰੇਨ ਨੂੰ ਨਾਟੋ ਗਰੁੱਪ ਅੰਦਰ ਸ਼ਾਮਿਲ ਕਰ ਕੇ ਸੰਸਾਰ ਨੂੰ ਤੀਜੀ ਵੱਡੀ ਜੰਗ ਵਿੱਚ ਧੱਕਣ ਦਾ ਜ਼ਿੰਮੇਵਾਰ ਹੈ। ਅਮਰੀਕਾ ਨੇ ਨਾਟੋ ਦਾ ਵਿਸਥਾਰ ਕਰਦਿਆਂ ਫਿਨਲੈਂਡ ਅਤੇ ਨਾਰਵੇ ਨੂੰ ਨਾਟੋ ਮੁਲਕਾਂ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਦੌਰਾਨ ਇੱਕ ਪਾਸੇ ਰੂਸ-ਚੀਨ ਅਤੇ ਦੂਜੇ ਪਾਸੇ ਅਮਰੀਕਾ-ਯੂਰੋਪੀਅਨ ਯੂਨੀਅਨ-ਜਾਪਾਨ ਖੇਮਿਆਂ ਵਿਚਕਾਰ ਵਿਰੋਧਤਾ ਤੇਜ਼ ਹੋ ਗਈ ਹੈ। ਵਾਤਾਵਰਨ ਬਚਾਉਣ ਲਈ ਪੈਰਿਸ ਵਾਰਤਾ ਫੇਲ੍ਹ ਹੋ ਚੁੱਕੀ ਹੈ ਅਤੇ ਸਮਸਾਰ ਵਪਾਰ ਸੰਸਥਾ ਦੀਆਂ ਬੈਠਕਾਂ ਬਿਨਾਂ ਸਿੱਟਾ ਖ਼ਤਮ ਹੋ ਰਹੀਆ ਹਨ। ਯੂਕ੍ਰੇਨ-ਰੂਸ ਜੰਗ ਲਮਕਣ ਕਾਰਨ ਦੁਨੀਆਂ ਦੇ ਸਾਰੇ ਮੁਲਕ ਇਸ ਜੰਗ ਵਿੱਚ ਬੁਰੀ ਤਰ੍ਹਾਂ ਉਲਝ ਗਏ ਹਨ। ਇਸ ਨੇ ਦੁਨੀਆਂ ਭਰ ਅੰਦਰ ਵੱਡੀਆਂ ਸਾਮਰਾਜੀ ਤਾਕਤਾਂ ਦਰਮਿਆਨ ਕਤਾਰਬੰਦੀ ਤੇਜ਼ ਕਰ ਦਿੱਤੀ ਹੈ। ਰੂਸ ਉਪਰ ਆਰਥਿਕ ਪਾਬੰਦੀਆਂ ਅਤੇ ਰੂਸ ਦੇ ਮੋੜਵੇਂ ਜਵਾਬ ਵਿੱਚ ਯੂਰੋਪੀਅਨ ਦੇਸ਼ਾਂ ਨੂੰ ਗੈਸ-ਪੈਟਰੋਲ ਅਤੇ ਅਨਾਜ ਦੀ ਸਪਲਾਈ ’ਤੇ ਕਟੌਤੀ ਨਾਲ ਯੂਰੋਪੀਅਨ ਦੇਸ਼ਾਂ ਦਾ ਸੰਕਟ ਵਧ ਗਿਆ ਹੈ। ਇਸ ਨਾਲ ਬਰਲਿਨ ਦੀਵਾਰ ਢਹਿਣ ਤੋਂ ਬਾਅਦ ਯੂਰੋਪ ਦੀ ਸਭ ਤੋਂ ਵੱਡੀ ਜਰਮਨੀ ਦੀ ਆਰਥਿਕਤਾ ਮੰਦੀ ਦੀ ਕਗਾਰ ਉੱਤੇ ਪਹੁੰਚ ਗਈ ਹੈ।

ਮਹਿੰਗੀ ਊਰਜਾ ਤੇ ਖ਼ੁਰਾਕ ਪਦਾਰਥਾਂ ਦੀ ਘਾਟ ਨਜਿੱਠਣ ਲਈ ਅਰਬਾਂ ਰੁਪਏ ਦੀ ਜ਼ਰੂਰਤ ਹੈ ਪਰ ਇਸ ਰਕਮ ਦੀ ਪੂਰਤੀ ਲਈ ਕੋਈ ਦੇਸ਼ ਤਿਆਰ ਨਹੀਂ। ਇੱਕ ਪਾਸੇ ਸਾਮਰਾਜੀ ਦੇਸ਼ਾਂ ਅਤੇ ਦੂਜੇ ਪਾਸੇ ਵਿਕਾਸਸ਼ੀਲ ਦੇਸ਼ਾਂ ਵਿਚਕਾਰ ਆਪਸੀ ਵਿਰੋਧ ਹੋਰ ਵਧ ਰਹੇ ਹਨ। ਇਉਂ ਇਸ ਪੂੰਜੀਵਾਦੀ ਸਾਮਰਾਜੀ ਪ੍ਰਬੰਧ ਅੰਦਰ ਮਿਹਨਤਕਸ਼ ਲੋਕਾਂ ਦਾ ਭਵਿੱਖ ਸੁਰੱਖਿਅਤ ਨਹੀਂ। ਉਨ੍ਹਾਂ ਨੂੰ ਇਸ ਪ੍ਰਬੰਧ ਨੂੰ ਬਦਲਣ ਲਈ ਅੱਗੇ ਆਉਣਾ ਚਾਹੀਦਾ ਹੈ।

# ਸਿੱਖ ਕੌਮ ਵਿੱਚ ਲੀਡਰਸ਼ਿਪ ਦਾ ਖਲਾਅ

ਕੁੱਕੀ ਗਿੱਲ

ਅਜਿਹੇ ਸਮੇਂ ਜਦੋਂ ਸਿੱਖ ਭਾਰਤ ਅਤੇ ਕੈਨੇਡਾ ਕੂਟਨੀਤਕ ਸੰਕਟ ਦੇ ਮੱਧ ਵਿੱਚ ਫਸੇ ਹੋਏ ਹਨ, ਉਸੇ ਸਮੇਂ ਹੀ ਸਿੱਖ ਭਾਈਚਾਰੇ ਵਿੱਚ ਇੱਕ ਗੰਭੀਰ ਲੀਡਰਸ਼ਿਪ ਖਲਾਅ ਪੈਦਾ ਹੋ ਰਿਹਾ ਹੈ।

ਭਾਈਚਾਰਾ ਆਪਣੇ ਅੰਦਰੂਨੀ ਮੰਥਨ ਅਤੇ ਅਨਿਸ਼ਚਿਤਤਾ ਦੇ ਪੜਾਅ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਸਥਾਪਿਤ ਸੰਸਥਾਵਾਂ ਭਰੋਸੇਯੋਗਤਾ ਦੇ ਸੰਕਟ ਨਾਲ ਜੂਝ ਰਹੀਆਂ ਹਨ। ਭਾਵੇਂ ਕਿ ਸਿੱਖ ਅਤੇ ਉਨ੍ਹਾਂ ਦੇ ਮੁੱਦੇ ਦਹਾਕਿਆਂ ਤੋਂ ਅੰਤਰਰਾਸ਼ਟਰੀ ਸੁਰਖੀਆਂ ਵਿੱਚ ਰਹੇ ਹਨ, ਖਾਸ ਤੌਰ ’ਤੇ 1984 ਤੋਂ, ਪਰ ਉਹ ਕਦੇ ਵੀ ਭਾਰਤ ਨਾਲ ਜੁੜੇ ਕੂਟਨੀਤਕ ਸੰਕਟ ਦੇ ਕੇਂਦਰ ਵਿੱਚ ਨਹੀਂ ਰਹੇ। ਸਤਹੀ ਤੌਰ ’ਤੇ ਇਹ ਸੰਕਟ ਕੈਨੇਡਾ ਵਿੱਚ ਸਿੱਖ ਭਾਈਚਾਰੇ ਨਾਲ ਸੰਬੰਧਿਤ ਨਜ਼ਰ ਆਉਂਦਾ ਹੈ, ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਵਿੱਚ ਸੰਕਟ ਦੌਰਾਨ ਵੱਖ-ਵੱਖ ਮੌਕਿਆਂ ’ਤੇ ਜੋ ਪ੍ਰਤੀਕਰਮ ਪ੍ਰਗਟਾਏ ਗਏ ਹਨ, ਉਹ ਇਸ ਸੰਕਟ ਤੋਂ ਨਿਰਲੇਪ ਨਹੀਂ ਹਨ।

ਜਦੋਂ ਬਾਹਰੀ ਚੁਣੌਤੀਆਂ ਬੇਮਿਸਾਲ ਪੱਧਰ ’ਤੇ ਪਹੁੰਚ ਰਹੀਆਂ ਹਨ, ਉਸ ਸਮੇਂ ਭਾਈਚਾਰਾ ਵੀ ਅੰਦਰੂਨੀ ਚੁਣੌਤੀਆਂ ਨਾਲ ਜੂਝ ਰਿਹਾ ਹੈ। ਡਾਇਸਪੋਰਾ ਵਿੱਚ ਕਈ ਪਰਤਾਂ ਹਨ। ਇਸ ਤੋਂ ਪਹਿਲਾਂ, ਇਹ ਮੁੱਖ ਤੌਰ ’ਤੇ ਸ਼੍ਰੋਮਣੀ ਅਕਾਲੀ ਦਲ ਦੀ ਜ਼ਿੰਮੇਵਾਰੀ ਹੁੰਦੀ ਸੀ, ਜੋ ਕਿ ਕੌਮ ਦੇ ਸਿੱਖਾਂ ਨਾਲ ਜੁੜੇ ਮੁੱਦਿਆਂ ’ਤੇ ਬੋਲਣ ਅਤੇ ਸਥਿਤੀਆਂ ਨੂੰ ਸੰਭਾਲਣ ਦਾ ਸਿਆਸੀ ਕੇਂਦਰ ਰਿਹਾ ਹੈ, ਪਰ ਪਾਰਟੀ ਹੋਂਦ ਦੇ ਸੰਕਟ ਦਾ ਸਾਹਮਣਾ ਕਰ ਰਹੀ ਹੈ। ਇਸ ਤੋਂ ਪਹਿਲਾਂ ਸਥਾਪਤ ਧੜੇ ਦੀ ਥਾਂ ਲੈਣ ਲਈ ਕੋਈ ਬਦਲਵੀਂ



ਅਕਾਲੀ ਲੀਡਰਸ਼ਿਪ ਜਾਂ ਧੜਾ ਉਭਰ ਕੇ ਸਾਹਮਣੇ ਆਉਂਦਾ ਸੀ, ਪਰ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਨਾਲ ਅਕਾਲੀ ਦਲ ਦਾ ਸੰਕਟ ਡੂੰਘਾ ਹੋਣ ਤੋਂ ਬਾਅਦ ਅਜਿਹਾ ਕਦੇ ਨਹੀਂ ਹੋਇਆ। ਇਹ ਸਥਿਤੀ ਉਦੋਂ ਵੀ ਹੈ ਜਦੋਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਅਤੇ ਫਰੀਦਕੋਟ ਤੋਂ ਸਰਬਜੀਤ ਸਿੰਘ ਦੀ ਜਿੱਤ ਨਾਲ ਪੰਥਕ ਸਿਆਸਤ ਦੀ ਸੰਭਾਵੀ ਪੁਨਰ ਸੁਰਜੀਤੀ ਸਪੱਸ਼ਟ ਹੋ ਗਈ ਹੈ। ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੇ ਬਣੇ ਰਹਿਣ ਦੇ ਬਾਵਜੂਦ, ਪਿਛਲੇ ਇੱਕ ਦਹਾਕੇ ਵਿੱਚ ਇਸ ਨੇ ਆਪਣੇ ਅਧਿਕਾਰਾਂ ਵਿੱਚ ਗਿਰਾਵਟ ਦੇਖੀ ਹੈ।

ਉਹ ਇੱਕ ਅਜੀਬ ਸਥਿਤੀ ਦਾ ਸਾਹਮਣਾ ਕਰ ਰਹੇ ਹਨ ਜਿੱਥੇ ਬਹੁਗਿਣਤੀ ਭਾਈਚਾਰੇ ਤੋਂ ਸਮਰਥਨ ਮੁੱਦਾ-ਅਧਾਰਿਤ ਜਾਂ ਕਿਸੇ ਫੈਸਲੇ ਦੇ ਗੁਣਾਂ ’ਤੇ ਰਹਿੰਦਾ ਹੈ। ਉਹ ਬਹੁ-ਗਿਣਤੀ ਭਾਈਚਾਰੇ ਦੇ ਸਮਰਥਨ ਅਤੇ ਵਿਰੋਧ ਦੇ ਪੜਾਵਾਂ ਦੇ ਵਿਚਕਾਰ ਡੋਲਦੇ ਜਾਪਦੇ ਹਨ। ਸਿੱਖ ਭਾਈਚਾਰਾ ਦੋਵਾਂ ਸੰਸਥਾਵਾਂ ਬਾਰੇ ਸੁਰੱਖਿਆਤਮਕ ਰਿਹਾ ਹੈ, ਪਰ ਇਹ ਸਪੱਸ਼ਟ ਹੋ ਗਿਆ ਹੈ ਕਿ ਇਹਨਾਂ ਦੀ ਅਗਵਾਈ ਕਰਨ ਵਾਲੇ ਸਮਾਜ ਦੇ ਅੰਦਰੋਂ ਆਲੋਚਨਾ ਦਾ ਸਾਹਮਣਾ ਕਰ ਸਕਦੇ ਹਨ ਅਤੇ ਫੈਸਲੇ ਲੈਣ ਵੇਲੇ ਉਹ ਵੱਡੇ ਭਾਈਚਾਰੇ ਦੇ ਸਮਰਥਨ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦੇ ਹਨ।

ਇਹ ਸਥਿਤੀ ਉਨ੍ਹਾਂ ਦਾ ਕੰਮ ਔਖਾ ਬਣਾ ਰਹੀ ਹੈ। ਫਿਰ ਵੀ, ਉਹ ਮਹੱਤਵਪੂਰਨ ਪਲਾਂ ’ਤੇ ਦਖਲਅੰਦਾਜ਼ੀ ਕਰਦੇ ਦਿਖਾਈ ਦਿੰਦੇ ਹਨ, ਜਿਸ ਵਿੱਚ ਡਾਇਸਪੋਰਾ ਨਾਲ ਸੰਬੰਧਿਤ ਘਟਨਾਵਾਂ ਵੀ ਸ਼ਾਮਲ ਹਨ। ਇਸ ਸਮੇਂ ਅਕਾਲੀ ਦਲ ਦੇ ਸੰਕਟ ਨਾਲ ਨਜਿੱਠਣ ਵਾਲੇ ਪੰਜ ਸਿੱਖ ਮਹਾਂਪੁਰਖ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ (ਇਸ ਮਾਮਲੇ ਵਿੱਚ ਪੰਥਕ ਸਿਆਸੀ ਦੁਰਵਿਹਾਰ ਦਾ ਦੋਸ਼ੀ ) ਕਰਾਰ ਦੇ ਰਹੇ ਹਨ। ਹਾਲਾਂਕਿ, ਉਨ੍ਹਾਂ ਦਾ ਕੰਮ ਤਨਖਾਹ (ਧਾਰਮਿਕ ਸਜ਼ਾ) ਦੇ ਉਚਾਰਨ ਨਾਲ ਖਤਮ ਨਹੀਂ ਹੁੰਦਾ, ਉਹ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਦੀ ਚੁਣੌਤੀ ਦਾ ਵੀ ਸਾਹਮਣਾ ਕਰ ਰਹੇ ਹਨ, ਜਿਸ ਦੀ ਭਾਵਨਾ ਭਾਈਚਾਰੇ ਦੇ ਕਈ ਵਰਗਾਂ ਦੁਆਰਾ ਪ੍ਰਗਟ ਕੀਤੀ ਜਾ ਰਹੀ ਹੈ। ਭਾਵੇਂ ਪਹਿਲਾਂ ਅਕਾਲੀ ਆਗੂ ਅਤੇ ਸਿਖਰਲੀਆਂ ਸਿੱਖ ਸੰਸਥਾਵਾਂ ਸਮਾਜ ਵਿੱਚ ਬੁੱਧੀਜੀਵੀਆਂ ਜਾਂ ਡੋਮੇਨ ਮਾਹਰਾਂ ਨਾਲ ਸਰਗਰਮੀ ਨਾਲ ਜੁੜਣ ਲਈ ਜਾਣੀਆਂ ਜਾਂਦੀਆਂ ਸਨ, ਜੋ ਕਿ ਔਖੇ ਮੁੱਦਿਆਂ ’ਤੇ ਮਹੱਤਵਪੂਰਨ ਸਥਿਤੀਆਂ ਲੈਣ ਲਈ ਮਹੱਤਵਪੂਰਨ ਸਨ, ਪਰ ਪਿਛਲੇ ਕੁਝ ਸਾਲਾਂ ਵਿੱਚ ਇਹ ਪਾੜਾ ਵੱਡਾ ਹੁੰਦਾ ਦਿਖਾਈ ਦੇ ਰਿਹਾ ਹੈ।

# ਡਿਜੀਟਲ ਤਕਨੀਕ ਦੀ ਵਰਤੋਂ ਕਰਨ ਵਾਲੇ ਠੱਗਾਂ ਤੋਂ ਕਿਵੇਂ ਬਚਿਆ ਜਾਵੇ ?

ਡਾ. ਅਮਨਪ੍ਰੀਤ ਸਿੰਘ ਬਰਾੜ

ਜਿਵੇਂ-ਜਿਵੇਂ ਕਿਸੇ ਦੇਸ਼ ਨੇ ਤਕਨੀਕੀ ਖੇਤਰ ਵਿੱਚ ਤਰੱਕੀ ਕੀਤੀ ਹੈ ਉਸ ਹਿਸਾਬ ਨਾਲ ਹੀ ਸੰਬੰਧਿਤ ਦੇਸ਼ ਅਤੇ ਉਥੋਂ ਦੇ ਲੋਕਾਂ ਦਾ ਵਿਕਾਸ ਹੋਇਆ ਹੈ। ਵਿਕਾਸ ਦੀ ਰਫ਼ਤਾਰ ਵਧਾਉਣ ਲਈ ਹੀ ਕੇਂਦਰ ਸਰਕਾਰ ਨੇ 1 ਜੁਲਾਈ 2015 ਨੂੰ ਭਾਰਤ ’ਚ ਡਿਜੀਟਲ ਇੰਡੀਆ ਲਹਿਰ ਸ਼ੁਰੂ ਕੀਤੀ ਸੀ। ਇਸ ਸਦਕਾ 2018 ਤੱਕ 80 ਫ਼ੀਸਦੀ ਲੋਕ ਇੰਟਰਨੈੱਟ ਧਾਰਕ ਬਣ ਗਏ। ਇਸ ਨਾਲ ਕਈ ਤਰ੍ਹਾਂ ਦੇ ਸਰਕਾਰੀ ਕੰਮ ਜਿਵੇਂ ਡਰਾਈਵਿੰਗ ਲਾਇਸੈਂਸ ਲਈ ਅਰਜ਼ੀ ਦੇਣੀ, ਬਿਜਲੀ ਪਾਣੀ ਦੇ ਬਿੱਲ ਜਮ੍ਹਾਂ ਕਰਾਉਣੇ ਸਭ ਆਨਲਾਈਨ ਹੋਣ ਲੱਗ ਪਏ ਹਨ। ਇਸ ਤਕਨੀਕ ਕਈ ਹੋਰ ਸੇਵਾਵਾਂ ਦੇਣੀਆਂ ਵੀ ਸ਼ੁਰੂ ਕੀਤੀਆਂ ਗਈਆਂ, ਜਿਸ ’ਚ ਕਿ ਡਿਜੀ ਲਾਕਰ, ਭਾਵ ਜੋ ਵੀ ਸਾਡੇ ਸਰਕਾਰੀ ਦਸਤਾਵੇਜ਼ ਹਨ, ਜਿਵੇਂ ਆਧਾਰ ਕਾਰਡ, ਡਿਗਰੀਆਂ ਆਦਿ ਆਨਲਾਈਨ ਲਾਕ ਕਰਕੇ ਰੱਖ ਦਿਉ, ਜਿੱਥੇ ਲੋੜ ਪਵੇ, ਉੱਥੇ ਮੋਬਾਈਲ ’ਤੇ ਡਾਊਨਲੋਡ ਕਰਕੇ ਦਿਖਾ ਦਿਓ। ਸਾਰਾ ਲੈਂਡ ਰਿਕਾਰਡ ਵੀ ਆਨਲਾਈਨ ਕਰ ਦਿੱਤਾ ਗਿਆ ਅਤੇ ਕਿਸਾਨਾਂ ਨੂੰ ਫ਼ਸਲਾਂ ਦੀ ਸਿੱਧੀ ਅਦਾਇਗੀ ਉਨ੍ਹਾਂ ਦੇ ਖਾਤਿਆਂ ’ਚ ਆਉਣੀ ਸ਼ੁਰੂ ਹੋ ਗਈ। ਈ-ਕਾਮਰਸ ਨੂੰ ਵੀ ਹੋਰ ਹੁਲਾਰਾ ਮਿਲਿਆ ਭਾਵ ਚੀਜ਼ਾਂ ਖਰੀਦਣ ਲਈ ਮੋਬਾਈਲ ਜਾਂ ਕੰਪਿਊਟਰ ’ਤੇ ਹੀ ਦੁਕਾਨਾਂ ਖੁੱਲ੍ਹ ਗਈਆਂ। ਬੈਂਕਾਂ ’ਚ ਖਾਤਾ ਧਾਰਕ ਨੂੰ ਵੀ ਸਹੂਲਤ ਹੈ ਕਿ ਬਿਨਾਂ ਬੈਂਕ ਗਿਆਂ ਲੈਣ-ਦੇਣ ਹੋ ਜਾਂਦਾ ਹੈ।

ਸਰਕਾਰ ਦਾ ਇਕ ਉਦੇਸ਼ ਇਹ ਵੀ ਸੀ ਕਿ ਲੈਣ-ਦੇਣ ਡਿਜੀਟਲ ਹੋਵੇਗਾ ਤਾਂ ਲੋਕਾਂ ਦੀ ਆਮਦਨ ਅਤੇ ਖਰਚੇ ’ਤੇ ਨਿਗ੍ਹਾ ਰੱਖਣੀ ਵੀ ਸੌਖੀ ਹੋਵੇਗੀ। ਇਸ ਨਾਲ ਟੈਕਸ ਦੀ ਉਗਰਾਹੀ ਜ਼ਿਆਦਾ ਹੋਵੇਗੀ। ਇਸ ਕਰਕੇ ਸਰਕਾਰ ਨੇ 8 ਨਵੰਬਰ 2016 ਨੂੰ ਨੋਟਬੰਦੀ ਵੀ ਕੀਤੀ। 2000 ਰੁਪਏ ਦੇ ਨੋਟ ਬੰਦ ਕਰਨ ਪਿੱਛੇ ਵੀ ਡਿਜੀਟਲ ਲੈਣ-ਦੇਣ ਨੂੰ ਉਤਸ਼ਾਹਿਤ ਕਰਨਾ ਇੱਕ ਉਦੇਸ਼ ਸੀ। ਡਿਜੀਟਲ ਲੈਣ-ਦੇਣ ਨੂੰ ਅਸਲ ਹੁਲਾਰਾ ਮਿਲਿਆ, ਕੋਰੋਨਾ ਦੀ ਮਹਾਂਮਾਰੀ ਦੌਰਾਨ।

ਮੁਸ਼ਕਿਲਾਂ: ਗੱਲ ਸੁਭਾਵਿਕ ਹੈ ਕਿ ਜਦੋਂ ਕੋਈ ਵੱਡਾ ਤਕਨੀਕੀ ਬਦਲਾਅ ਆਉਂਦਾ ਹੈ, ਤਾਂ ਉਸ ਨਾਲ ਮੁਸ਼ਕਿਲਾਂ ਵੀ ਸਾਹਮਣੇ ਆਉਂਦੀਆਂ ਹਨ। ਡਿਜੀਟਲ ਲੈਣ-ਦੇਣ ਨੇ ਕਈ ਲੋਕਾਂ ਨੂੰ ਠੱਗੀ ਦੇ ਸ਼ਿਕਾਰ ਬਣਾਇਆ ਹੈ। ਅੱਜ ਵੀ 42 ਫ਼ੀਸਦੀ ਭਾਰਤੀ ਮੰਨਦੇ ਹਨ ਕਿ ਉਨ੍ਹਾਂ ਨਾਲ ਕਿਤੇ ਨਾ ਕਿਤੇ ਠੱਗੀ ਵੱਜੀ ਹੈ ਅਤੇ ਉਸ ’ਚੋਂ 74 ਫ਼ੀਸਦੀ ਨੂੰ ਪੈਸੇ ਵਾਪਸ ਨਹੀਂ ਮਿਲੇ।

ਡਿਜੀਟਲ ਪੇਮੈਂਟਸ ਦੀ ਗੱਲ ਕਰਦੇ ਹਾਂ, ਜਿਸ ’ਚ ਕਰੈਡਿਟ, ਡੈਬਿਟ ਕਾਰਡ, ਯੂ.ਪੀ.ਆਈ, ਆਨਲਾਈਨ ਬੈਂਕਿੰਗ ਆਦਿ ਆਉਂਦੇ ਹਨ, ਉਨ੍ਹਾਂ ’ਚ ਧੋਖਾਧੜੀ ਦੇ ਅੰਕੜੇ ਇਸ ਤਰ੍ਹਾਂ ਹਨ। ਸਾਲ 2020-21 ਭਾਵ ਕੋਰੋਨਾ ਦੀ ਚੋਟੀ ਵਾਲਾ ਸਾਲ। ਉਸ ਵੇਲੇ 4,49,684 ਮਾਮਲੇ ਸਾਹਮਣੇ ਆਏ,




ਜਿਸ ਨਾਲ 636.12 ਕਰੋੜ ਦਾ ਨੁਕਸਾਨ ਹੋਇਆ। ਸਾਲ (2021-22) ’ਚ ਠਗੀ ਦੇ ਮਾਮਲੇ ਤਾਂ ਹੇਠਾਂ ਆਏ, ਭਾਵ 3,59,791 ਮਾਮਲੇ ਦਰਜ ਹੋਏ ਪਰ ਨੁਕਸਾਨ ਵਧ ਕੇ 816.40 ਕਰੋੜ ’ਤੇ ਪਹੁੰਚ ਗਿਆ। ਉੱਧਰ ਅਪ੍ਰੈਲ 2022 ਤੋਂ ਸਤੰਬਰ 2022 ਤੱਕ 1,48,887 ਮਾਮਲਿਆਂ ’ਚ 418.31 ਕਰੋੜ ਦਾ ਨੁਕਸਾਨ ਲੋਕਾਂ ਨੂੰ ਝੱਲਣਾ ਪਿਆ। ਸਾਲ 2023-24 ’ਚ ਠੱਗੀ ਦਾ ਅੰਕੜਾ 2.9 ਲੱਖ ’ਤੇ ਪਹੰਚ ਗਿਆ ਜਾਂ ਕਹਿ ਲਉ ਕਿ 800 ਕੇਸ ਰੋਜ਼ ਦੇ, ਨੁਕਸਾਨ ਤਕਰੀਬਨ 1457 ਕਰੋੜ ਰੁਪਏ ’ਤੇ ਪਹੁੰਚ ਗਿਆ। ਇਹ ਅੰਕੜੇ ਆਰ.ਬੀ.ਆਈ. ਦੁਆਰਾ ਦਿੱਤੇ ਗਏ ਹਨ। ਸਭ ਤੋਂ ਜ਼ਿਆਦਾ ਠੱਗੀ ਕਰੈਡਿਟ ਕਾਰਡ ਰਾਹੀਂ ਹੁੰਦੀ ਹੈ।

ਸਾਈਬਰ ਕ੍ਰਾਈਮ:- ਕਈ ਵਾਰ ਦੁਕਾਨਦਾਰ ਨੇ ਆਨਲਾਈਨ ਸਾਮਾਨ ਵੇਚਿਆ, ਜਿਸ ਨੂੰ ਸਾਮਾਨ ਵੇਚਿਆ, ਉਹ ਅੱਗੋਂ ਕਿਸੇ ਤਰ੍ਹਾਂ ਦਾ ਗ਼ਲਤ ਧੰਦਾ ਕਰਦਾ ਫੜਿਆ ਗਿਆ, ਜਦੋਂ ਗ਼ਲਤ ਧੰਦੇ ਵਾਲੇ ਦਾ ਲੈਣ-ਦੇਣ ਦੁਕਾਨਦਾਰ ਨਾਲ ਵੇਖਿਆ ਤਾਂ ਦੁਕਾਨਦਾਰ ਦਾ ਬੈਂਕ ਖਾਤਾ ਵੀ ਕਈ ਵਾਰ ਏਜੰਸੀਆਂ ਵਲੋਂ ਫਰੀਜ਼ ਕਰਵਾ ਦਿੱਤਾ ਜਾਂਦਾ ਹੈ। ਕੇਰਲ ’ਚ ਇਸ ਤਰ੍ਹਾਂ ਦੇ 300 ਤੋਂ ਵੱਧ ਕੇਸ ਚਰਚਾ ’ਚ ਰਹੇ ਹਨ।

ਇਸ ਵੇਲੇ ਗੱਲ ਇਹ ਵੀ ਹੈ ਕਿ ਜਿੱਥੇ ਵੀ ਡਿਜੀਟਲ ਪਲੇਟਫਾਰਮ ਚੱਲ ਰਹੇ ਹਨ, ਉਹ ਕਿਤੇ ਨਾ ਕਿਤੇ ਲੋਕ ਠੱਗੀ ਦਾ ਸ਼ਿਕਾਰ ਵੀ ਬਣ ਰਹੇ ਹਨ। ਖ਼ਾਸ ਕਰਕੇ ਆਲ ਇੰਡੀਆ ਮੈਡੀਕਲ ਸਾਇੰਸ ਦਾ ਸਾਰਾ ਪੋਰਟਲ ਹੈਕ ਕਰਨਾ। ਜੇ ਇਹ ਸਭ ਕੁਝ ਹੋ ਸਕਦਾ ਹੈ, ਫਿਰ ਇਲੈੱਕਟ੍ਰਿਕ ਵੋਟਿੰਗ ਮਸ਼ੀਨਾਂ ਕਿਵੇਂ ਸੁਰਖਰੂ ਰਹਿ ਸਕਦੀਆਂ ਹਨ।

(ਬਾਕੀ ਸਫ਼ਾ 31 ’ਤੇ)

# ਗਲੇਸ਼ੀਅਰਾਂ ਦੇ ਪਿਘਲਣ ਤੋਂ ਹੋਣ ਵਾਲੇ ਨੁਕਸਾਨ

ਡਾ. ਗੁਰਿੰਦਰ ਕੌਰ

ਵਾਡੀਆ ਇੰਸਟੀਚਿਊਟ ਆਫ਼ ਹਿਮਾਲੀਅਨ ਜੁਆਲੋਜੀ, ਦੇਹਰਾਦੂਨ ਦੇ ਵਿਗਿਆਨੀਆਂ ਦੇ ਇੱਕ ਅਧਿਐਨ ਅਨੁਸਾਰ ਗਲੋਬਲ ਵਾਰਮਿੰਗ, ਗਰੀਨ ਹਾਊਸ ਗੈਸਾਂ ਅਤੇ ਬਲੈਕ ਕਾਰਬਨ ਦੀ ਵਧਦੀ ਨਿਕਾਸੀ ਕਾਰਨ ਉੱਤਰਾਖੰਡ ਦੇ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਇਸ ਅਧਿਐਨ ਅਨੁਸਾਰ ਹਿਮਾਲੀਅਨ ਖੇਤਰ ਵਿੱਚ ਕੁੱਲ 9575 ਗਲੇਸ਼ੀਅਰ ਹਨ ਜਿਨ੍ਹਾਂ ਵਿੱਚੋਂ 900 ਗਲੇਸ਼ੀਅਰ ਉੱਤਰਾਖੰਡ ਵਿੱਚ ਹਨ। ਉੱਤਰਾਖੰਡ ਦੇ ਗੰਗੋਤਰੀ, ਸਤੋਪੰਥ, ਭਾਗੀਰਥੀ ਅਤੇ ਰਾਏਖਾਨਾ ਆਦਿ ਵੱਡੇ ਗਲੇਸ਼ੀਅਰਾਂ ਦੇ ਪਿਘਲਣ ਦੀ ਗਿਣਤੀ ਜ਼ਿਆਦਾ ਤੇਜ਼ ਹੈ। ਗਲੇਸ਼ੀਅਰਾਂ ਦਾ ਪਿਘਲਣਾ ਭਾਵੇਂ ਇੱਕ ਕੁਦਰਤੀ ਵਰਤਾਰਾ ਹੈ, ਪਰ ਜਿੰਨੀ ਤੇਜ਼ ਰਫ਼ਤਾਰ ਨਾਲ ਉੱਤਰਾਖੰਡ ਦੇ ਗਲੇਸ਼ੀਅਰ ਪਿਘਲ ਰਹੇ ਹਨ ਉਹ ਚਿੰਤਾਜਨਕ ਹੈ। ਇਸ ਵਰਤਾਰੇ ਨਾਲ ਭਾਰਤ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅੱਜ ਕੱਲ੍ਹ ਹਰ ਵਿਅਕਤੀ ਇਸ ਤੱਥ ਤੋਂ ਭਲੀਭਾਂਤ ਜਾਣੂ ਹੈ ਕਿ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। 2023 ਦਾ ਸਾਲ ਹੁਣ ਤੱਕ ਸਭ ਤੋਂ ਗਰਮ ਰਿਕਾਰਡ ਕੀਤਾ ਗਿਆ ਸਾਲ ਹੈ। ਯੂਰਪ ਦੀ ਕੋਪਰਨਿਕਸ ਕਲਾਈਮੇਟ ਚੇਂਜ ਸੰਸਥਾ ਅਨੁਸਾਰ 2023 ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.48 ਡਿਗਰੀ ਸੈਲਸੀਅਸ ਵੱਧ ਆਂਕਿਆ ਗਿਆ ਹੈ। ਅਮਰੀਕਾ ਦੀ ਨੈਸ਼ਨਲ ਓਸ਼ਨਿਕ ਐਂਡ ਐਟਮੌਸਫੀਅਰਿਕ ਐਡਮਨਿਸਟਰੇਸ਼ਨ (ਨੌਆ) ਅਤੇ ਯੂਰਪ ਦੀ ਕੋਪਰਨਿਕਸ ਕਲਾਈਮੇਟ ਚੇਂਜ ਸੰਸਥਾ ਅਨੁਸਾਰ 2023 ਦੇ ਜੂਨ ਮਹੀਨੇ ਤੋਂ ਲੈ ਕੇ ਅਗਸਤ 2024 ਤੱਕ ਦੇ ਮਹੀਨਿਆਂ ਦੇ ਤਾਪਮਾਨ ਨੇ ਲਗਾਤਾਰਤਾ ਵਿੱਚ ਪਿਛਲੇ ਸਾਰੇ



ਰਿਕਾਰਡ ਤੋੜਦੇ ਹੋਏ ਨਵੇਂ ਰਿਕਾਰਡ ਕਾਇਮ ਕੀਤੇ ਹਨ।

ਇਸ ਸਾਲ (2024) ਵਿੱਚ ਭਾਰਤ ਦੇ ਪੰਜਾਬ, ਹਰਿਆਣਾ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼ ਅਤੇ ਦਿੱਲੀ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਤਾਪਮਾਨ 15 ਮਈ ਤੋਂ 18 ਜੂਨ ਤੱਕ 40 ਡਿਗਰੀ ਸੈਲਸੀਅਸ ਤੱਕ ਜਾਂ ਉਸ ਤੋਂ ਉੱਤੇ ਵੀ ਰਿਕਾਰਡ ਕੀਤਾ ਗਿਆ ਹੈ। ਤਾਪਮਾਨ ਵਿੱਚ ਵਾਧੇ ਦੇ ਨਾਲ ਨਾਲ ਇਸ ਸਾਲ ਉੱਤਰਾਖੰਡ ਵਿੱਚ ਵੀ 29 ਮਈ ਤੋਂ 19 ਜੂਨ ਤੱਕ ਗਰਮ ਲਹਿਰਾਂ ਦਾ ਪ੍ਰਕੋਪ ਜਾਰੀ ਰਿਹਾ ਹੈ। ਇਨ੍ਹਾਂ ਦਿਨਾਂ ਵਿੱਚ ਇੱਥੇ ਤਾਪਮਾਨ 40 ਡਿਗਰੀ ਤੋਂ 44 ਡਿਗਰੀ ਸੈਲਸੀਅਸ ਤੱਕ ਰਿਹਾ ਹੈ। ਗਲੇਸ਼ੀਅਰਾਂ ਦੇ ਪਿਘਲਣ ਦਾ ਮੁੱਖ ਕਾਰਨ ਸਿੱਧੇ ਤੌਰ ਉੱਤੇ ਤਾਪਮਾਨ ਦੇ ਵਾਧੇ ਨਾਲ ਜੁੜਿਆ ਹੋਇਆ ਹੈ।

ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਕਾਰਨ ਕੁਦਰਤੀ ਆਫ਼ਤਾਂ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਕੁਦਰਤੀ ਆਫ਼ਤਾਂ ਵਿੱਚ ਬੱਦਲ ਦਾ ਫਟਣਾ, ਥੋੜ੍ਹੇ ਸਮੇਂ ਵਿੱਚ ਜ਼ਿਆਦਾ ਮੀਂਹ ਪੈਣਾ, ਅਸਮਾਨੀ ਬਿਜਲੀ ਦਾ ਡਿੱਗਣਾ, ਗਲੇਸ਼ੀਅਲ ਝੀਲਾਂ ਦਾ ਫਟਣਾ, ਗਰਮ ਅਤੇ ਸਰਦ ਲਹਿਰਾਂ ਵਿੱਚ ਵਾਧਾ ਹੋਣਾ, ਪਹਾੜਾਂ ਦਾ ਖਿਸਕਣਾ ਆਦਿ ਸ਼ਾਮਲ ਹਨ।

ਵਿਗਿਆਨੀਆਂ ਨੇ ਉੱਤਰਾਖੰਡ ਦੇ ਗਲੇਸ਼ੀਅਰਾਂ ਦੇ ਪਿਘਲਣ ਦੇ ਮੁੱਖ ਕਾਰਨ ਧਰਤੀ ਦੇ ਔਸਤ ਤਾਪਮਾਨ ਦੇ ਵਾਧੇ, ਗਰੀਨਹਾਊਸ ਗੈਸਾਂ ਦੀ ਵਧ ਰਹੀ ਨਿਕਾਸੀ ਅਤੇ ਬਲੈਕ ਕਾਰਬਨ ਨੂੰ ਮੰਨਿਆ ਹੈ, ਪਰ ਤਾਪਮਾਨ ਦੇ ਵਾਧੇ ਲਈ ਉੱਤਰਾਖੰਡ ਦਾ ਆਰਥਿਕ ਵਿਕਾਸ ਮਾਡਲ ਵੀ ਜ਼ਿੰਮੇਵਾਰ ਹੈ।

ਜੇਕਰ ਗਲੇਸ਼ੀਅਰ ਤੇਜ਼ੀ ਨਾਲ ਪਿਘਲਦੇ ਹਨ ਤਾਂ ਪਹਿਲਾਂ-ਪਹਿਲ ਦਰਿਆਵਾਂ ਵਿੱਚ ਜ਼ਿਆਦਾ ਪਾਣੀ ਆਉਣ ਨਾਲ ਮੈਦਾਨੀ ਇਲਾਕਿਆਂ ਵਿੱਚ ਹੜ੍ਹ ਆਉਣ ਦੀਆਂ ਘਟਨਾਵਾਂ ਵਿੱਚ ਕਈ ਗੁਣਾ ਵਾਧਾ ਹੋ ਜਾਵੇਗਾ। ਲੋਕ ਘਰੋਂ-ਬੇਘਰ ਹੋ ਜਾਣਗੇ, ਫ਼ਸਲਾਂ ਬਰਬਾਦ ਹੋ ਜਾਣਗੀਆਂ ਅਤੇ ਬਹੁਤ ਜ਼ਿਆਦਾ ਜਾਨੀ-ਮਾਲੀ ਨੁਕਸਾਨ ਹੋਵੇਗਾ। ਫ਼ਸਲਾਂ ਦੇ ਤਬਾਹ ਹੋਣ ਨਾਲ ਅਨਾਜ ਦੀ ਥੁੜ੍ਹ ਪੈਦਾ ਹੋ ਜਾਵੇਗੀ ਅਤੇ ਭਾਰਤ ਵਿੱਚ, ਜੋ ਦੁਨੀਆਂ ਦਾ ਸਭ ਤੋਂ ਆਬਾਦੀ ਵਾਲਾ ਦੇਸ਼ ਹੈ, ਖਾਧ ਪਦਾਰਥਾਂ ਦੀ ਥੁੜ੍ਹ ਪੈਦਾ ਹੋ ਜਾਵੇਗੀ। ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਣ ਤੋਂ ਬਾਅਦ ਜਦੋਂ ਹੌਲੀ ਹੌਲੀ ਬਰਫ਼ ਦੇ ਭੰਡਾਰ ਖ਼ਤਮ ਹੋਣ ਲੱਗ ਜਾਣਗੇ ਤਾਂ ਇੱਕ ਸਮਾਂ ਅਜਿਹਾ ਆਵੇਗਾ ਜਦੋਂ ਦਰਿਆਵਾਂ ਵਿੱਚ ਪਾਣੀ ਘਟ ਜਾਵੇਗਾ ਜਿਸ ਦੇ ਨਤੀਜੇ ਵਜੋਂ ਦੇਸ ਵਿੱਚ ਪਾਣੀ ਦੀ ਕਮੀ ਹੋ ਜਾਵੇਗੀ। ਪਾਣੀ ਦੀ ਥੁੜ੍ਹ ਕਾਰਨ ਸੋਕੇ ਵਰਗੇ ਹਾਲਤ ਪੈਦਾ ਹੋ ਜਾਣਗੇ

(ਬਾਕੀ ਸਫ਼ਾ 31 ’ਤੇ)

# ਪੰਜਾਬ 'ਚ ਵਿਆਹਾਂ ਦਾ ਬਦਲ ਗਿਆ ਹੈ ਰੂਪ

## ਸਾਦੇ ਵਿਆਹਾਂ ਦੀ ਥਾਂ ਹੁਣ ਹੁੰਦੇ ਨੇ ਮਹਿੰਗੇ ਵਿਆਹ



## ਵਿਆਹਾਂ ਲਈ ਵੀ ਹੋ ਗਈ ਹੈ 'ਮੈਰਿਜ ਸਨਅਤ' ਵਿਕਸਤ

### ਇਸ ਸਾਲ ਵਿਆਹਾਂ ਦੇ ਸੀਜ਼ਨ ਦੌਰਾਨ ਕਰੀਬ 48 ਲੱਖ ਹੋਣਗੇ ਵਿਆਹ ਅਤੇ ਲਗਭਗ 6 ਲੱਖ ਕਰੋੜ ਰੁਪਏ ਦਾ ਹੋਵੇਗਾ ਕਾਰੋਬਾਰ






ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਇਸ ਸਮੇਂ ਵਿਆਹਾਂ ਦਾ ਸੀਜ਼ਨ ਚੱਲ ਰਿਹਾ ਹੈ ਅਤੇ ਹਰ ਦਿਨ ਸਾਡੇ ਆਲ਼ੇ ਦੁਆਲ਼ੇ ਵਿਆਹਾਂ ਦੀਆਂ ਰਸਮਾਂ ਨਿਭਾਈਆਂ ਜਾ ਰਹੀਆਂ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਦੁਨੀਆਂ ਦੇ ਵੱਖ -ਵੱਖ ਮੁਲਕਾਂ ਵਿੱਚ ਵਸੇ ਹੋਏ ਵੱਡੀ ਗਿਣਤੀ ਐਨ.ਆਰ.ਆਈ. ਪੰਜਾਬੀ ਵੀ ਪੰਜਾਬ ਆ ਕੇ ਆਪਣੇ ਬੱਚਿਆਂ ਦੇ ਵਿਆਹ ਕਰ ਰਹੇ ਹਨ। ਦੂਜੇ ਪਾਸੇ ਅਸਲੀਅਤ ਇਹ ਵੀ ਹੈ ਕਿ ਪੰਜਾਬ ਵਿੱਚ ਵਿਆਹਾਂ ਦਾ ਰੂਪ ਪਿਛਲੇ ਕੁਝ ਸਮੇਂ ਤੋਂ ਬਹੁਤ ਬਦਲ ਗਿਆ ਹੈ ਅਤੇ ਦਿਨੋਂ ਦਿਨ ਪੰਜਾਬ ਵਿੱਚ ਹੁੰਦੇ ਵਿਆਹਾਂ ਦੇ ਰੂਪ ਵਿੱਚ ਹੋਰ ਬਦਲਾਓ ਹੁੰਦਾ ਜਾ ਰਿਹਾ ਹੈ।

ਬਜ਼ੁਰਗ ਪੰਜਾਬੀ ਦੱਸਦੇ ਹਨ ਕਿ ਪੰਜਾਬ ਵਿੱਚ ਪਹਿਲਾਂ ਵਿਆਹ ਬਿਲਕੁਲ ਸਾਦੇ ਢੰਗ ਨਾਲ ਹੁੰਦੇ ਸਨ। ਉਸ ਸਮੇਂ ਬਾਰਾਤ ਕਈ ਦਿਨ ਕੁੜੀ ਵਾਲਿਆਂ ਦੇ ਘਰ ਰਹਿੰਦੀ ਹੁੰਦੀ ਸੀ ਅਤੇ ਵਿਆਹ ਵਿੱਚ ਸਾਰਾ ਪਿੰਡ ਹੀ ਸ਼ਾਮਲ ਹੁੰਦਾ ਸੀ ਤੇ ਕੁੜੀ ਵਾਲਿਆਂ ਦਾ ਸਾਰਾ ਪਿੰਡ ਹੀ ਰਲ ਮਿਲ ਕੇ ਪਿੰਡ ਵਿੱਚ ਆਈ ਬਾਰਾਤ ਦੀ ਆਓ ਭਗਤ ਕਰਦਾ ਹੁੰਦਾ ਸੀ। ਹੌਲੀ-ਹੌਲੀ ਵਿਆਹਾਂ ਦਾ ਰੂਪ ਬਦਲਣ ਲੱਗ ਪਿਆ ਅਤੇ ਬਾਰਾਤ ਸਵੇਰ ਵੇਲੇ ਕੁੜੀ ਵਾਲਿਆਂ ਦੇ ਘਰ ਜਾ ਕੇ ਸ਼ਾਮ ਨੂੰ ਆਪਣੇ ਘਰ ਮੁੜਨ ਲੱਗੀ। ਅਜਿਹੇ ਸਮੇਂ ਵਿਆਹ ਮੌਕੇ ਕੁੜੀ ਵਾਲਿਆਂ ਦੇ ਘਰ ਟੈਂਟ ਜਾਂ ਕਨਾਤਾਂ ਆਦਿ ਲਗਾ ਕੇ ਬਾਰਾਤ ਦੀ ਆਓ ਭਗਤ ਕੀਤੀ ਜਾਂਦੀ ਸੀ। ਉਸ ਤੋਂ ਬਾਅਦ ਪੰਜਾਬ ਵਿੱਚ ਧਰਮਸਾਲਾਵਾਂ ਅਤੇ ਹੋਰ ਸਾਂਝੀਆਂ ਥਾਂਵਾਂ 'ਤੇ ਵਿਆਹ ਕਰਨ ਦਾ ਰੁਝਾਨ ਪੈਦਾ ਹੋ ਗਿਆ। ਉਸ ਤੋਂ ਬਾਅਦ ਪੰਜਾਬ ਵਿੱਚ ਮੈਰਿਜ ਪੈਲੇਸ ਕਲਚਰ ਸ਼ੁਰੂ ਹੋ ਗਿਆ। ਹੁਣ ਤਾਂ ਵਿਆਹ ਕੁਝ ਘੰਟਿਆਂ ਦੀ ਰਸਮ ਹੀ ਰਹਿ ਗਿਆ ਹੈ। ਇੱਕ ਹੀ ਮੈਰਿਜ ਪੈਲਿਸ ਵਿੱਚ ਅਕਸਰ ਇੱਕ ਦਿਨ ਵਿੱਚ ਹੀ ਦੋ ਦੋ ਵਿਆਹ ਸਮਾਗਮ ਹੋ ਜਾਂਦੇ ਹਨ ਜਾਂ ਇੱਕੋ ਹੀ ਮੈਰਿਜ ਪੈਲਿਸ ਵਿੱਚ ਦਿਨੇ ਹੋਰ ਵਿਆਹ ਸਮਾਗਮ ਹੁੰਦਾ ਹੈ ਅਤੇ ਰਾਤ ਨੂੰ ਕਿਸੇ ਹੋਰ ਦਾ ਵਿਆਹ ਸਮਾਗਮ ਹੁੰਦਾ ਹੈ। ਮੈਰਿਜ ਪੈਲਿਸਾਂ ਦੇ ਨਾਲ- ਨਾਲ ਹੁਣ ਅਨੇਕਾਂ ਅਮੀਰ ਪੰਜਾਬੀ ਹੋਟਲਾਂ ਵਿੱਚ ਵੀ ਆਪਣੇ ਬੱਚਿਆਂ ਦੇ ਵਿਆਹ ਕਰਨ ਲੱਗ ਪਏ ਹਨ। ਅਮੀਰ ਪੰਜਾਬੀਆਂ ਦੀ ਦੇਖਾ-ਦੇਖੀ ਆਮ ਪੰਜਾਬੀ ਵੀ ਆਪਣੇ ਬੱਚਿਆਂ ਦੇ ਵਿਆਹ ਮੈਰਿਜ ਪੈਲੇਸਾਂ ਅਤੇ ਹੋਟਲਾਂ ਵਿੱਚ ਕਰਨ ਲੱਗ ਪਏ ਹਨ। ਕਈ ਵਾਰ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਆਲੀਸ਼ਾਨ ਵਿਆਹ ਕਰਨ ਲਈ ਕਰਜ਼ਾ ਵੀ ਲੈਣਾ ਪੈਂਦਾ ਹੈ। ਆਮ ਤੌਰ 'ਤੇ ਐਨ.ਆਰ.ਆਈ.ਪੰਜਾਬੀ ਆਪਣੇ ਬੱਚਿਆਂ ਦੇ ਵਿਆਹਾਂ ਮੌਕੇ ਖੁੱਲ ਕੇ ਖਰਚਾ ਕਰਦੇ ਹਨ। ਉਹਨਾਂ ਦੀ ਦੇਖਾ-ਦੇਖੀ ਪੰਜਾਬ ਦੇ ਆਮ ਵਸਨੀਕ ਵੀ ਵਿਆਹਾਂ ਮੌਕੇ ਖੁੱਲ੍ਹਾ ਖਰਚਾ ਕਰਦੇ ਹਨ, ਜਿਸ ਕਾਰਨ ਉਹਨਾਂ ਦੀ ਸਾਰੀ ਜਮਾਂ ਪੂੰਜੀ ਖ਼ਤਮ ਹੋ ਜਾਂਦੀ ਹੈ ਅਤੇ ਕਰਜ਼ਾ ਵੱਖਰਾ ਚੜ੍ਹ ਜਾਂਦਾ ਹੈ।

ਅੱਜ ਕੱਲ੍ਹ ਹੋ ਰਹੇ ਵਿਆਹਾਂ 'ਤੇ ਦਿਨੋਂ ਦਿਨ ਵੱਧ ਰਹੀ ਮਹਿੰਗਾਈ ਦਾ ਅਸਰ ਵੀ ਵੇਖਣ ਵਿੱਚ ਆ ਰਿਹਾ ਹੈ। ਮਾਹਿਰਾਂ ਅਨੁਸਾਰ ਵਧਦੀ ਮਹਿੰਗਾਈ ਕਾਰਨ ਇਸ ਸਾਲ ਵਿਆਹਾਂ ਦੇ ਖ਼ਰਚੇ ਕਰੀਬ 25 ਫ਼ੀਸਦੀ ਵਧ ਗਏ ਹਨ। ਇਸ ਦੇ ਬਾਵਜੂਦ ਪੰਜਾਬੀਆਂ ਵਿੱਚ ਮਹਿੰਗੇ ਅਤੇ ਆਲੀਸ਼ਾਨ ਵਿਆਹ ਕਰਨ ਦਾ ਰੁਝਾਨ ਜਾਰੀ ਹੈ। ਵਿਆਹ ਮਹਿੰਗੇ ਵਿਆਹ ਸਥਾਨ, ਭੋਜਨ, ਸਜਾਵਟ ਅਤੇ ਹੋਰ ਪ੍ਰਬੰਧਾਂ ਦੇ ਬਾਵਜੂਦ ਲੋਕ ਵਿਆਹਾਂ ਨੂੰ ਸ਼ਾਨਦਾਰ ਬਣਾਉਣ ਲਈ ਉਤਸੁਕ ਹਨ। ਅੰਦਾਜ਼ਾ ਹੈ ਕਿ ਦੋ ਮਹੀਨਿਆਂ ਦੇ ਵਿਆਹਾਂ ਦੇ ਸੀਜ਼ਨ 'ਚ ਦੇਸ਼ ਭਰ 'ਚ 48 ਲੱਖ ਤੋਂ ਜ਼ਿਆਦਾ ਵਿਆਹ ਹੋਣਗੇ, ਜਿਸ ਨਾਲ ਲਗਭਗ 6 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਵੇਗਾ। ਉੱਚ ਮੱਧ ਵਰਗ ਤੋਂ ਲੈ ਕੇ ਕੁਲੀਨ ਵਰਗ ਤੱਕ ਦੇ ਲੋਕ ਇਵੈਂਟ ਮੈਨੇਜਮੈਂਟ ਦੀ ਮਦਦ ਲੈ ਰਹੇ ਹਨ ਅਤੇ ਵਿਆਹਾਂ ਵਿੱਚ ਭੋਜਨ, ਸੋਸ਼ਲ ਮੀਡੀਆ ਅਤੇ ਸੰਗੀਤ 'ਤੇ ਵਿਸ਼ੇਸ਼ ਜ਼ੋਰ ਦੇ ਰਹੇ ਹਨ।

> ਜਿਸ ਤਰੀਕੇ ਨਾਲ ਪੰਜਾਬ ਵਿੱਚ ਮਹਿੰਗੇ ਅਤੇ ਆਲੀਸ਼ਾਨ ਵਿਆਹ ਕਰਨ ਦਾ ਰੁਝਾਨ ਵਧਿਆ ਹੈ, ਉਹ ਚਿੰਤਾਜਨਕ ਹੈ। ਮਹਿੰਗੇ ਵਿਆਹਾਂ ਕਾਰਨ ਪੰਜਾਬ ਦੇ ਅਨੇਕਾਂ ਲੋਕ ਕਰਜ਼ਾਈ ਹੋ ਰਹੇ ਹਨ। ਇਸ ਲਈ ਪੰਜਾਬ ਵਿੱਚ ਸਾਦੇ ਵਿਆਹਾਂ ਦੀ ਰੀਤ ਤੋਰਨਾ ਸਮੇਂ ਦੀ ਮੁੱਖ ਲੋੜ ਮਹਿਸੂਸ ਹੋ ਰਹੀ ਹੈ। ਜੇ ਪੰਜਾਬ ਵਿੱਚ ਨੌਜਵਾਨ ਆਪਣੇ ਵਿਆਹ ਸਾਦੇ ਕਰਵਾਉਣ ਨੂੰ ਤਰਜੀਹ ਦੇਣ ਲੱਗ ਜਾਣ ਤਾਂ ਅਨੇਕਾਂ ਮਾਪੇ ਆਪਣੇ ਬੱਚਿਆਂ ਦੇ ਵਿਆਹ ਮੌਕੇ ਕਰਜ਼ਾਈ ਹੋਣ ਤੋਂ ਬੱਚ ਜਾਣਗੇ।

ਮਾਹਿਰ ਕਹਿੰਦੇ ਹਨ ਕਿ ਵਿਆਹ ਸਮਾਗਮਾਂ ਵਿੱਚ ਖਾਣ-ਪੀਣ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਜਿੱਥੇ ਪਹਿਲਾਂ ਖਾਣਾ 500-900 ਰੁਪਏ ਪ੍ਰਤੀ ਥਾਲ਼ੀ ਵਿੱਚ ਮਿਲਦਾ ਸੀ, ਹੁਣ ਉਹੀ ਪਲੇਟ 1200-1700 ਰੁਪਏ ਤੱਕ ਪਹੁੰਚ ਗਈ ਹੈ। ਖ਼ਰਚਿਆਂ ਨੂੰ ਕੰਟਰੋਲ ਕਰਨ ਲਈ ਬਹੁਤ ਸਾਰੇ ਲੋਕ ਮਹਿਮਾਨਾਂ ਦੀ ਗਿਣਤੀ 800-1000 ਤੱਕ ਸੀਮਤ ਕਰ ਰਹੇ ਹਨ।

ਮਾਹਿਰਾਂ ਅਨੁਸਾਰ ਵੱਖ- ਵੱਖ ਸ਼ਹਿਰਾਂ ਵਿੱਚ ਗਾਰਡਨ ਅਤੇ ਹੋਟਲਾਂ ਦੀ ਬੁਕਿੰਗ ਦਰਾਂ ਵਿੱਚ 10% ਦਾ ਵਾਧਾ ਹੋਇਆ ਹੈ। ਬੈਂਡ ਅਤੇ ਘੋੜੀ ਦੇ ਘੱਟੋ-ਘੱਟ ਕਿਰਾਏ ਵਿੱਚ ਵੀ ਵਾਧਾ ਹੋਇਆ ਹੈ। ਹੁਣ ਬੈਂਡ ਦੀ ਸ਼ੁਰੂਆਤੀ ਕੀਮਤ 11,000 ਰੁਪਏ ਹੋ ਗਈ ਹੈ ਅਤੇ ਘੋੜੀ ਦਾ ਘੱਟੋ-ਘੱਟ ਕਿਰਾਇਆ 3,100 ਰੁਪਏ ਹੋ ਗਿਆ ਹੈ। ਹੁਣ ਰਵਾਇਤੀ ਭੋਜਨ ਦੇ ਨਾਲ-ਨਾਲ ਮਲਟੀ-ਕਿਊਜ਼ੀਨ ਦਾ ਰੁਝਾਨ ਵਧਿਆ ਹੈ। ਨੌਜਵਾਨਾਂ ਅਤੇ ਔਰਤਾਂ ਦੀ ਪਸੰਦ ਨੂੰ ਪੂਰਾ ਕਰਨ ਲਈ ਚਾਟ, ਜਾਪਾਨੀ, ਕੁਰੀਅਨ, ਓਰੀਐਂਟਲ, ਇਟਾਲੀਅਨ, ਮੈਕਸੀਕਨ ਅਤੇ ਚੀਨੀ ਪਕਵਾਨ ਸ਼ਾਮਲ ਕੀਤੇ ਜਾ ਰਹੇ ਹਨ। ਮਹਿੰਗਾਈ ਦੇ ਬਾਵਜੂਦ ਇਸ ਵਿਆਹ ਦੇ ਸੀਜ਼ਨ 'ਚ ਉਤਸ਼ਾਹ ਅਤੇ ਤਿਆਰੀਆਂ ਆਪਣੇ ਸਿਖਰ 'ਤੇ ਹਨ। ਇਸ ਤਰ੍ਹਾਂ ਵਿਆਹਾਂ 'ਤੇ ਮਹਿੰਗਾਈ ਦਾ ਪੂਰਾ ਅਸਰ ਹੋ ਰਿਹਾ ਹੈ। ਭਾਵੇਂ ਕਿ ਹੁਣ ਵਿਆਹ ਸਮਾਗਮ ਕੁਝ ਘੰਟਿਆਂ ਵਿੱਚ ਪੂਰਾ ਹੋ ਜਾਂਦਾ ਹੈ ਪਰ ਇਸ ਦੀਆਂ ਯਾਦਾਂ ਸਦਾ ਚੇਤਿਆਂ ਵਿੱਚ ਬਣੀਆਂ ਰਹਿੰਦੀਆਂ ਹਨ। ਇਸੇ ਕਾਰਨ ਵੱਡੀ ਗਿਣਤੀ ਪੰਜਾਬੀ ਆਪਣੇ ਬੱਚਿਆਂ ਦੇ ਵਿਆਹ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਲਈ ਆਪਣੀ ਪੂਰੀ ਸ਼ਕਤੀ, ਪੈਸਾ ਅਤੇ ਸਮਰੱਥਾ ਲਗਾ ਦਿੰਦੇ ਹਨ।





# ਸ਼੍ਰੋਮਣੀ ਕਮੇਟੀ ਦਾ ਇਤਿਹਾਸਕ ਕਾਰਜ ਤੇ ਪੰਥਕ ਭੂਮਿਕਾ

ਤਲਵਿੰਦਰ ਸਿੰਘ ਬੁਟਰ



ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਦੇ ਸੰਗਤੀ ਪ੍ਰਬੰਧ ਦੇ ਮਨੋਰਥ ਨੂੰ ਲੈ ਕੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਵਿਸ਼ਵ-ਵਿਆਪੀ ਸਿੱਖ ਕੌਮ ਦੀ ਸਭ ਤੋਂ ਸ਼ਕਤੀਸ਼ਾਲੀ, ਲੋਕਰਾਜੀ ਅਤੇ ਪ੍ਰਤੀਨਿਧ ਜਥੇਬੰਦੀ ਦੇ ਰੂਪ ਵਿੱਚ ਸਥਾਪਿਤ ਹੋ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵਿਸ਼ਵ ਦੀ ਇਕੋ-ਇੱਕ ਅਜਿਹੀ ਧਾਰਮਿਕ ਸੰਸਥਾ ਹੈ, ਜੋ ਕਿਸੇ ਦੇਸ਼ ਵਿੱਚ ਕਿਸੇ ਧਰਮ ਦੇ ਅਸਥਾਨਾਂ ਦਾ ਪ੍ਰਬੰਧ ਚਲਾਉਣ ਲਈ ਉਸ ਧਰਮ ਦੇ ਪੈਰੋਕਾਰਾਂ ਵਲੋਂ ਵੋਟਾਂ ਨਾਲ ਚੁਣੀ ਜਾਂਦੀ ਹੈ। ਇਹ ਭਾਰਤ ਵਿੱਚ ਔਰਤਾਂ ਨੂੰ ਵੋਟ ਦਾ ਅਧਿਕਾਰ ਦੇਣ ਵਾਲੀ ਵੀ ਪਹਿਲੀ ਲੋਕਰਾਜੀ ਸੰਸਥਾ ਹੈ। ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧਾਂ ਹੇਠ ਲੈਣ ਲਈ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ 'ਗੁਰਦੁਆਰਾ ਸੁਧਾਰ ਲਹਿਰ' ਦੇ ਰੂਪ ਵਿੱਚ ਇੱਕ ਸਰਗਰਮ ਅੰਦੋਲਨ ਸ਼ੁਰੂ ਹੋਇਆ। ਇਸ ਅੰਦੋਲਨ ਦੀ ਸਫ਼ਲਤਾ ਦਾ ਮੁੱਢ ਗੁਰਦੁਆਰਾ ਰਕਾਬਗੰਜ ਸਾਹਿਬ ਦਿੱਲੀ ਅਤੇ ਗੁਰਦੁਆਰਾ ਬਾਬੇ ਦੀ ਬੇਰ ਤੋਂ ਮਹੰਤਾਂ ਦਾ ਕਬਜ਼ਾ ਛੁਡਾਉਣ ਤੋਂ ਬੱਝਿਆ। ਸਿੱਖਾਂ ਨੇ 12 ਅਕਤੂਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਮਹੰਤਾਂ ਕੋਲੋਂ ਕਬਜ਼ਾ ਛੁਡਵਾ ਲਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ 15 ਨਵੰਬਰ 1920 ਨੂੰ 10 ਹਜ਼ਾਰ ਤੋਂ ਵੱਧ ਰਹਿਤਵਾਨ ਸਿੱਖ ਇਕੱਤਰ ਹੋਏ, ਜਿੱਥੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਪ੍ਰਤੀਨਿਧ ਕਮੇਟੀ ਚੁਣੀ ਗਈ, ਜਿਸ ਦਾ ਨਾਂਅ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ।

1925 ਵਿੱਚ ਅੰਗਰੇਜ਼ ਹਕੂਮਤ ਵਲੋਂ 'ਸਿੱਖ ਗੁਰਦੁਆਰਾ ਐਕਟ' ਬਣਾ ਕੇ ਸ਼੍ਰੋਮਣੀ ਕਮੇਟੀ ਨੂੰ ਬਾਕਾਇਦਾ ਕਾਨੂੰਨੀ ਮਾਨਤਾ ਦੇ ਦਿੱਤੀ ਗਈ ਸੀ। ਐਕਟ ਤਹਿਤ ਨਿਰਧਾਰਿਤ ਕੀਤੇ ਗਏ ਸਿੱਖ ਸੰਸਥਾ ਦੇ ਸਰੂਪ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ 191 ਹੈ। ਇਨ੍ਹਾਂ ਵਿਚੋਂ 170 ਮੈਂਬਰ, ਸਿੱਖ ਵੋਟਰਾਂ ਦੁਆਰਾ ਚੁਣੇ ਜਾਂਦੇ ਹਨ, ਜਦੋਂ ਕਿ ਬਾਕੀ 15 ਮੈਂਬਰ ਕਮੇਟੀ ਦੇ ਮੈਂਬਰਾਂ ਵਲੋਂ ਨਾਮਜ਼ਦ ਕੀਤੇ ਜਾਂਦੇ ਹਨ। ਪੰਜਾਂ ਤਖ਼ਤਾਂ ਦੇ ਜਥੇਦਾਰ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਹੁਦੇ ਵਜੋਂ ਇਸ ਦੇ ਮੈਂਬਰ ਹੁੰਦੇ ਹਨ, ਜਿਨ੍ਹਾਂ ਨੂੰ ਐਕਟ ਦੀ ਬੋਲੀ 'ਚ 'ਹੈੱਡ ਮਨਿਸਟਰ' ਆਖਿਆ ਜਾਂਦਾ ਹੈ। 170 ਮੈਂਬਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿਚਲੇ 120 ਖੇਤਰਾਂ 'ਚੋਂ ਵੋਟਾਂ ਨਾਲ ਜਿੱਤਦੇ ਹਨ। ਕੁੱਲ ਹਲਕਿਆਂ ਵਿਚੋਂ 50 ਹਲਕੇ ਦੋਹਰੇ ਹਨ, ਜਿਨ੍ਹਾਂ ਤੋਂ ਦੋ-ਦੋ ਮੈਂਬਰ ਲਏ ਜਾਂਦੇ ਹਨ। ਇਨ੍ਹਾਂ 'ਚ 30 ਸੀਟਾਂ ਸਿੱਖ ਔਰਤਾਂ ਲਈ ਅਤੇ 20 ਕਥਿਤ ਅਨੁਸੂਚਿਤ ਜਾਤੀਆਂ ਦੇ ਸਿੱਖਾਂ ਲਈ ਰਾਖਵੀਆਂ ਹੁੰਦੀਆਂ ਹਨ। ਪੰਜਾਬ ਤੋਂ ਬਾਹਰੋਂ 11 ਮੈਂਬਰ ਹਰਿਆਣਾ ਅਤੇ ਇੱਕ-ਇੱਕ ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਤੋਂ ਵੋਟਾਂ ਨਾਲ ਚੁਣੇ ਜਾਂਦੇ ਹਨ। ਹਾਲਾਂਕਿ ਸਾਲ 2014 'ਚ ਹਰਿਆਣਾ ਸਰਕਾਰ ਵਲੋਂ ਪਾਸ ਕੀਤੇ 'ਹਰਿਆਣਾ ਗੁਰਦੁਆਰਾ (ਪ੍ਰਬੰਧਨ) ਐਕਟ-2014' ਨੂੰ ਚੁਣੌਤੀ ਦੇਣ ਵਾਲੀ ਇੱਕ ਪਟੀਸ਼ਨ ਦੇ ਫ਼ੈਸਲੇ 'ਚ ਸੁਪਰੀਮ ਕੋਰਟ ਵਲੋਂ 20 ਸਤੰਬਰ 2022 ਨੂੰ 'ਹਰਿਆਣਾ ਗੁਰਦੁਆਰਾ (ਪ੍ਰਬੰਧਨ) ਐਕਟ-2014' ਨੂੰ ਮਾਨਤਾ ਦੇਣ ਤੋਂ ਬਾਅਦ ਹਰਿਆਣਾ ਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਸ਼੍ਰੋਮਣੀ ਕਮੇਟੀ ਕੋਲੋਂ ਚਲੀ ਗਈ ਪਰ ਹਰਿਆਣਾ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਹੋਂਦ ਅਜੇ ਤੱਕ ਬਰਕਰਾਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਰਿਭਾਸ਼ਿਤ ਕਰਦਿਆਂ ਆਖਿਆ ਜਾਂਦਾ ਹੈ ਕਿ ਇਸ ਦੇ ਕੰਮ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ, ਸਿੱਖ ਹਿਤਾਂ ਦੀ ਪੈਰਵਾਈ ਕਰਨਾ ਅਤੇ ਰਾਜਨੀਤਕ ਖੇਤਰ 'ਚ ਸਿੱਖਾਂ ਦੀ ਨੁਮਾਇੰਦਾ ਲੀਡਰਸ਼ਿਪ ਪੈਦਾ ਕਰਨਾ ਹੈ, ਪਰ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੇ ਪੰਥਕ ਹਿਤਾਂ ਲਈ ਵਧੇਰੇ ਉੱਤਰਦਾਈ ਬਣਾਉਣ ਖ਼ਾਤਰ 1979 ਵਿੱਚ ਜਾਰੀ ਕੀਤੇ ਗਏ ਨੀਤੀ ਪ੍ਰੋਗਰਾਮ ਅਨੁਸਾਰ ਇਸ ਦੇ ਮੁੱਖ ਪੰਜ ਉਦੇਸ਼ ਮਿੱਥੇ ਗਏ ਸਨ। ਪਹਿਲਾ, ਸਿੱਖ ਧਰਮ ਦੀ ਪੁਰਾਤਨ ਪਵਿੱਤਰਤਾ ਨੂੰ ਸੁਰੱਖਿਅਤ ਰੱਖਣਾ ਅਤੇ ਸਿੱਖ ਧਰਮ ਦੇ ਮੂਲ ਸਿਧਾਂਤਾਂ, ਅਸੂਲਾਂ ਅਤੇ ਆਦਰਸ਼ਾਂ ਦਾ ਪ੍ਰਗਟਾਵਾ ਕਰਕੇ ਇਸ ਦਾ ਪ੍ਰਚਾਰ ਕਰਨਾ। ਦੂਜਾ, ਕੌਮੀ ਏਕਤਾ ਦੇ ਦਾਇਰੇ ਵਿੱਚ ਰਹਿ ਕੇ ਸਿੱਖ ਕੌਮ ਦੀ ਰਾਜਨੀਤਕ ਹੋਂਦ ਨੂੰ ਯਕੀਨੀ ਬਣਾਉਣਾ। ਤੀਜਾ, ਸਿੱਖ ਸੰਸਥਾਵਾਂ ਨੂੰ ਵਧੇਰੇ ਪ੍ਰਤੀਨਿਧ ਅਤੇ ਸਮਕਾਲੀ ਚੁਣੌਤੀਆਂ ਪ੍ਰਤੀ ਉੱਤਰਦਾਈ ਬਣਾਉਣਾ। ਚੌਥਾ, ਪੰਜਾਬ ਤੋਂ ਬਾਹਰ ਭਾਰਤ ਅਤੇ ਵਿਦੇਸ਼ਾਂ 'ਚ ਰਹਿ ਰਹੇ ਸਿੱਖਾਂ ਦੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨਾ। ਪੰਜਵਾਂ, ਗੁਰਦੁਆਰਿਆਂ ਦੇ ਪ੍ਰਸ਼ਾਸਨ 'ਚ ਸੁਧਾਰ ਕਰਨਾ।

ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਵੱਖ-ਵੱਖ ਸਰੋਕਾਰਾਂ ਦੀ ਪੈਰਵੀ ਆਪਣੀਆਂ ਵੱਖ-ਵੱਖ ਸ਼ਾਖਾਵਾਂ ਦੁਆਰਾ ਕਰਦੀ ਹੈ, ਜਿਵੇਂ ਕਿ ਟਰੱਸਟ ਬਰਾਂਚ, ਸਿੱਖ ਇਤਿਹਾਸ ਰਿਸਰਚ ਬੋਰਡ, ਧਰਮ ਪ੍ਰਚਾਰ ਕਮੇਟੀ ਅਤੇ ਡਾਇਰੈਕਟੋਰੇਟ ਸਿੱਖਿਆ। ਕੌਮਾਂਤਰੀ ਪੱਧਰ 'ਤੇ ਜਦੋਂ ਕਦੇ ਸਿੱਖ ਕੌਮ ਨੂੰ ਕੋਈ ਔਕੜ ਪੇਸ਼ ਆਵੇ ਤਾਂ ਟਰੱਸਟ ਬਰਾਂਚ ਕਾਰਵਾਈ ਕਰਦੀ ਹੈ। ਵੱਖ-ਵੱਖ ਸਮਿਆਂ 'ਤੇ ਕੁਦਰਤੀ ਆਫ਼ਤਾਂ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਮਨੁੱਖਤਾ ਦੀ ਸੇਵਾ ਵੀ ਟਰੱਸਟ ਬਰਾਂਚ ਦੁਆਰਾ ਹੀ ਕੀਤੀ ਜਾਂਦੀ ਰਹੀ ਹੈ। ਵਿਦੇਸ਼ੀ ਹਵਾਈ ਅੱਡਿਆਂ 'ਤੇ ਦਸਤਾਰ ਦੀ ਬੇਅਦਬੀ ਰੋਕਣ, ਸਿੱਖਾਂ ਦੀ ਕੌਮਾਂਤਰੀ ਪੱਧਰ 'ਤੇ ਵੱਖਰੀ ਪਛਾਣ ਸਥਾਪਿਤ ਕਰਨ, ਵਿਦੇਸ਼ਾਂ 'ਚ ਦਸਤਾਰ, ਕਿਰਪਾਨ ਅਤੇ ਸਿੱਖੀ ਪਹਿਰਾਵੇ ਦੀ ਖੁੱਲ੍ਹ ਲਈ ਵੀ ਟਰੱਸਟ ਬਰਾਂਚ ਹੀ ਪੈਰਵਾਈ ਕਰਦੀ ਆ ਰਹੀ ਹੈ। ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦੇ ਹਿਤਾਂ ਦੀ ਪੈਰਵੀ ਕਰਨਾ ਵੀ ਸ਼੍ਰੋਮਣੀ ਕਮੇਟੀ ਦੇ ਸੰਵਿਧਾਨਕ ਖੇਤਰ ਦਾ ਇੱਕ ਬੁਨਿਆਦੀ ਆਧਾਰ ਹੈ। ਸੰਨ 1998 'ਚ ਜਦੋਂ ਉੱਤਰ ਪ੍ਰਦੇਸ਼ ਵਿੱਚ ਸਥਿਤ ਸ਼ਹੀਦ ਊਧਮ ਸਿੰਘ ਨਗਰ ਨੂੰ ਨਵੇਂ ਬਣ ਰਹੇ ਰਾਜ ਉਤਰਾਂਚਲ ਵਿੱਚ ਸ਼ਾਮਿਲ ਕਰਨ ਦਾ ਮਾਮਲਾ ਆਇਆ ਤਾਂ ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਨਾਲ ਮਿਲ ਕੇ ਉਸ ਦਾ ਇਸ ਆਧਾਰ 'ਤੇ ਡਟਵਾਂ ਵਿਰੋਧ ਕੀਤਾ ਕਿ ਅਜਿਹਾ ਕਰਨ ਨਾਲ ਇਸ ਇਲਾਕੇ 'ਚ ਰਹਿ ਰਹੇ ਸਿੱਖਾਂ ਦੇ ਹਿਤਾਂ ਦਾ ਨੁਕਸਾਨ ਹੁੰਦਾ ਹੈ। ਇਸ ਤੋਂ ਬਾਅਦ ਪੰਜਾਬ ਤੋਂ ਬਾਹਰ ਸਿੱਖ ਔਰਤਾਂ ਦੇ ਹੈਲਮਟ ਪਾਉਣ ਦਾ ਮਸਲਾ ਖੜ੍ਹਾ ਹੋਇਆ। ਇਸ 'ਤੇ ਵੀ ਸ਼੍ਰੋਮਣੀ ਕਮੇਟੀ ਨੇ ਦ੍ਰਿੜਤਾ ਨਾਲ ਸਟੈਂਡ ਲਿਆ। ਚੰਡੀਗੜ੍ਹ ਅਤੇ ਕੌਮੀ ਰਾਜਧਾਨੀ ਦਿੱਲੀ ਸਮੇਤ ਦੂਜੇ ਸੂਬਿਆਂ 'ਚ ਸਿੱਖ ਔਰਤਾਂ ਨੂੰ ਸਿੱਖੀ ਮਰਯਾਦਾ ਅਨੁਸਾਰ ਹੈਲਮਟ ਪਾਉਣ ਤੋਂ ਛੋਟ ਦਿਵਾਈ। ਪਿਛਲੇ ਸਾਲਾਂ ਦੌਰਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਮੁਆਫ਼ੀ, ਜੇਲ੍ਹਾਂ 'ਚ ਨਜ਼ਰਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਭਾਵਨਾਵਾਂ ਅਨੁਸਾਰ ਕੇਂਦਰ ਸਰਕਾਰ ਤੱਕ ਜ਼ੋਰਦਾਰ ਪੈਰਵੀ ਕੀਤੀ ਜਾਂਦੀ ਰਹੀ ਹੈ। ਭਾਵੇਂ ਕਿ ਅੱਜ ਸਿਆਸੀ ਅਤੇ ਬਾਹਰੀ ਸ਼ਕਤੀਆਂ ਦੀ ਦਖ਼ਲਅੰਦਾਜ਼ੀ ਕਾਰਨ ਸ਼੍ਰੋਮਣੀ ਕਮੇਟੀ ਬਹੁਤ ਸਾਰੇ ਪੱਖਾਂ ਤੋਂ ਪ੍ਰਭਾਵਸ਼ਾਲੀ ਨਹੀਂ ਰਹੀ ਪਰ ਇਹ ਕਹਿਣਾ ਗ਼ੈਰ-ਵਾਜਬ ਨਹੀਂ ਹੋਵੇਗਾ ਕਿ ਦੁਨੀਆਂ ਭਰ 'ਚ ਵਸਦੇ ਸਿੱਖਾਂ 'ਤੇ ਜਦੋਂ ਕਦੇ ਵੀ ਕੋਈ ਔਕੜ ਜਾਂ ਭੀੜ ਆਉਂਦੀ ਹੈ ਤਾਂ ਉਹ ਸ਼੍ਰੋਮਣੀ ਕਮੇਟੀ ਵੱਲ ਹੀ ਆਸ ਨਾਲ ਦੇਖਦੇ ਹਨ।

ਪਹਿਲਾਂ-ਪਹਿਲ ਸ਼੍ਰੋਮਣੀ ਕਮੇਟੀ ਅਧੀਨ ਸਾਰੇ ਵਿੱਦਿਅਕ ਅਦਾਰਿਆਂ ਨੂੰ ਵੀ ਪੂਰੀ ਤਰ੍ਹਾਂ ਟਰੱਸਟ ਬਰਾਂਚ ਹੀ ਚਲਾਉਂਦੀ ਸੀ, ਪਰ ਵਿੱਦਿਅਕ ਖੇਤਰ 'ਚ ਵੱਡਾ ਵਿਸਥਾਰ ਕਰਦਿਆਂ 2008 'ਚ ਸਿੱਖਿਆ ਦਾ ਵੱਖਰਾ ਡਾਇਰੈਕਟੋਰੇਟ ਬਣਾ ਦਿੱਤਾ ਗਿਆ, ਜਿਸ ਦੇ ਅਧੀਨ ਸ਼੍ਰੋਮਣੀ ਕਮੇਟੀ ਵਲੋਂ ਰਵਾਇਤੀ ਸਿੱਖਿਆ ਤੋਂ ਅਗਾਂਹ ਲੰਘਦਿਆਂ ਤਕਨੀਕੀ, ਸਿਹਤ ਅਤੇ ਬਹੁਮੰਤਵੀ ਸਿੱਖਿਆ ਦੇ ਵੱਡੇ ਅਦਾਰੇ ਖੋਲ੍ਹੇ ਗਏ।

ਸ਼੍ਰੋਮਣੀ ਕਮੇਟੀ ਵਲੋਂ ਇਸ ਵੇਲੇ 126 ਵਿਦਿਅਕ ਅਦਾਰੇ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿੱਚ 2 ਯੂਨੀਵਰਸਿਟੀਆਂ, 40 ਤੋਂ ਵੱਧ ਕਾਲਜ, 18 ਕਾਲਜੀਏਟ ਸਕੂਲ, 10 ਏਡਿਡ ਸਕੂਲ, 23 ਅਣ-ਏਡਿਡ ਸਕੂਲ, 19 ਸੀ.ਬੀ.ਐੱਸ.ਈ./ ਪਬਲਿਕ ਸਕੂਲ ਆਦਿ ਸ਼ਾਮਿਲ ਹਨ। ਚੰਡੀਗੜ੍ਹ 'ਚ ਦੋ ਵਿੱਦਿਅਕ ਸੰਸਥਾਵਾਂ, ਹਰਿਆਣਾ 'ਚ ਇੱਕ ਦਰਜਨ ਦੇ ਲਗਭਗ ਅਤੇ ਮੁੰਬਈ 'ਚ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਗੁਰੂ ਨਾਨਕ ਖ਼ਾਲਸਾ ਕਾਲਜ ਚੱਲ ਰਿਹਾ ਹੈ। ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੀ ਸਥਾਪਨਾ ਸ਼੍ਰੋਮਣੀ ਕਮੇਟੀ ਦਾ ਵਿੱਦਿਅਕ ਖੇਤਰ 'ਚ ਇੱਕ ਵੱਡਾ ਮਾਅਰਕਾ ਹੈ।

ਇਸੇ ਤਰ੍ਹਾਂ ਧਰਮ ਪ੍ਰਚਾਰ ਕਮੇਟੀ ਸਿੱਖੀ ਪ੍ਰਚਾਰ-ਪ੍ਰਸਾਰ ਦੀਆਂ ਯੋਜਨਾਵਾਂ ਨੂੰ ਉਲੀਕ ਕੇ ਅਮਲ 'ਚ ਲਿਆਉਂਦੀ ਹੈ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਘੇਰਾ ਪੰਜਾਬ ਤੋਂ ਬਾਹਰ ਵੀ ਵਿਸ਼ਾਲ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਵੱਖ-ਵੱਖ ਸੂਬਿਆਂ 'ਚ 13 'ਸਿੱਖ ਮਿਸ਼ਨ' ਬਣਾਏ ਹਨ। ਭਾਰਤ ਤੋਂ ਇਲਾਵਾ ਨੇਪਾਲ ਅਤੇ ਅਮਰੀਕਾ ਦੇ ਯੂਬਾ ਸਿਟੀ 'ਚ ਵੀ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ 'ਸਿੱਖ ਮਿਸ਼ਨ' ਖੋਲ੍ਹੇ ਗਏ ਹਨ। ਸਿੱਖ ਇਤਿਹਾਸ ਰਿਸਰਚ ਬੋਰਡ ਸਿੱਖ ਇਤਿਹਾਸ ਨਾਲ ਸੰਬੰਧਿਤ ਦਸਤਾਵੇਜ਼ਾਂ ਦੀ ਸੰਭਾਲ, ਧਾਰਮਿਕ ਅਤੇ ਇਤਿਹਾਸਕ ਕਿਤਾਬਾਂ ਅਤੇ ਹੋਰ ਸਾਹਿਤ ਦੀ ਛਪਾਈ, ਖੋਜਾਂ ਅਤੇ ਸੁਧਾਈ ਦੇ ਕੰਮ ਕਰਦਾ ਹੈ। ਸ਼੍ਰੋਮਣੀ ਕਮੇਟੀ ਦੀ ਇਹ ਵੀ ਇੱਕ ਇਖ਼ਲਾਕੀ ਖ਼ਾਸੀਅਤ ਰਹੀ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਸੱਤਾ 'ਚ ਆਉਣ ਦੀ ਸ਼ਕਤੀ ਦਿੰਦੀ ਰਹੀ ਹੈ ਤਾਂ ਜੋ ਵੀ ਸਿੱਖਾਂ ਤਾਂ ਪੰਜਾਬ ਦੇ ਸਰੋਕਾਰਾਂ ਲਈ ਸਹਿਯੋਗ ਦਿੰਦੀ ਰਹੀ ਹੈ। ਭਾਰਤ-ਪਾਕਿ ਵੰਡ ਤੋਂ ਪਹਿਲਾਂ ਵੀ ਅਤੇ ਬਾਅਦ ਵੀ, ਸ਼੍ਰੋਮਣੀ ਕਮੇਟੀ ਸਿੱਖਾਂ ਦੇ ਰਾਜਨੀਤਕ ਮੁੱਦਿਆਂ 'ਤੇ ਆਪਣੇ ਇਜਲਾਸਾਂ ਅੰਦਰ ਬਾਕਾਇਦਾ ਮਤੇ ਪਾਸ ਕਰਕੇ ਆਪਣੇ ਨੀਤੀ ਪ੍ਰੋਗਰਾਮ ਤੈਅ ਕਰਦੀ ਰਹੀ ਹੈ।

ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦਾ ਇੱਕ ਸ਼ਕਤੀਸ਼ਾਲੀ ਮੰਚ ਹੈ, ਜਿਸ ਰਾਹੀਂ ਵਿਸ਼ਵ-ਵਿਆਪੀ ਸਿੱਖ ਕੌਮ ਆਪਣੇ ਧਾਰਮਿਕ, ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਸਰੋਕਾਰਾਂ ਅਤੇ ਨਿਸ਼ਾਨਿਆਂ ਦੀ ਪੂਰਤੀ ਕਰ ਸਕਦੀ ਹੈ।

ਸ਼੍ਰੋਮਣੀ ਕਮੇਟੀ ਦੇ ਵਿਸ਼ਾਲ ਸੰਵਿਧਾਨਕ ਆਧਾਰ, ਢਾਂਚੇ, ਸਿੱਖ ਸਰੋਕਾਰਾਂ 'ਚ ਸਰਗਰਮ ਭੂਮਿਕਾ, ਇਤਿਹਾਸਕ ਮਹੱਤਤਾ ਅਤੇ ਪ੍ਰਭੁੱਸਤਾ ਕਾਰਨ ਹੀ ਇਸ ਨੂੰ ਸਿੱਖਾਂ ਦੀ ਪਾਰਲੀਮੈਂਟ ਆਖਿਆ ਜਾਂਦਾ ਹੈ। ਨਿਰਸੰਦੇਹ ਬਾਕਾਇਦਾ ਇੱਕ ਪ੍ਰਭਾਵੀ ਪਾਰਲੀਮੈਂਟ ਵਜੋਂ ਕਾਰਜਸ਼ੀਲ ਹੋਣ ਲਈ ਸ਼੍ਰੋਮਣੀ ਕਮੇਟੀ ਨੂੰ ਨਵੇਂ ਪ੍ਰਸੰਗਾਂ 'ਚ ਆਪਣੀ ਭੂਮਿਕਾ ਨੂੰ ਵਧੇਰੇ ਉੱਤਰਦਾਈ ਅਤੇ ਸਾਰਥਿਕ ਬਣਾਉਣ ਲਈ ਬਹੁਮੁਖੀ ਉਪਰਾਲਿਆਂ ਅਤੇ ਸੁਧਾਰਾਂ ਦੀ ਲੋੜ ਹੈ।

# ਗੁਰੂ ਨਗਰੀ ਅੰਮ੍ਰਿਤਸਰ ਵਿੱਚ ਬਸਤੀਵਾਦ ਦੀ ਵਿਰਾਸਤ

ਡਾ. ਧਰਮ ਸਿੰਘ



ਪੰਜਾਬ ਉੱਪਰ ਕਬਜ਼ਾ ਕਰਨ ਦੇ ਫੌਰੀ ਪਿਛੋਂ ਬਰਤਾਨਵੀ ਹੁਕਮਰਾਨੀ ਨੇ ਆਪਣਾ ਪ੍ਰਭਾਵ ਵਧਾਉਣ ਖ਼ਾਤਰ ਅੰਮ੍ਰਿਤਸਰ ਨੂੰ ਇਸ ਦੇ ਮਹੱਤਵ ਕਰਕੇ ਵਿਸ਼ੇਸ਼ ਤੌਰ 'ਤੇ ਚੁਣਿਆ, ਕਿਉਂਕਿ ਇਹ ਸਿੱਖ ਧਰਮ ਅਤੇ ਸੱਭਿਆਚਾਰ ਦਾ ਕੇਂਦਰ ਸੀ ਅਤੇ ਸਿੱਖਾਂ ਕੋਲੋਂ ਹੀ ਉਹ ਸਭ ਤੋਂ ਵੱਡਾ ਖ਼ਤਰਾ ਭਾਂਪ ਰਹੇ ਸਨ। ਅੰਗਰੇਜ਼ੀ ਤਰੀਕੇ ਨਾਲ ਰਾਜ ਪ੍ਰਬੰਧ ਚਲਾਉਣ ਲਈ ਵੱਖ-ਵੱਖ ਦਫ਼ਤਰਾਂ ਦੀ ਲੋੜ ਸੀ, ਜਿਨ੍ਹਾਂ ਲਈ ਨਵੀਆਂ ਇਮਾਰਤਾਂ, ਸੜਕਾਂ, ਬਸਤੀਆਂ, ਵਿਦਿਅਕ ਅਦਾਰਿਆਂ, ਹਸਪਤਾਲਾਂ, ਲਾਇਬ੍ਰੇਰੀਆਂ ਆਦਿ ਦੀ ਲੋੜ ਸੀ। ਪਹਿਲਾ ਮਿਸ਼ਨ ਸਕੂਲ ਅੰਮ੍ਰਿਤਸਰ ਵਿੱਚ 1852 (ਕਿਤੇ 1953 ਈ. ਵੀ ਲਿਖਿਆ ਮਿਲਦਾ ਹੈ) ਵਿੱਚ ਸਥਾਪਤ ਹੋਇਆ ਅਤੇ ਭਾਈ ਵੀਰ ਸਿੰਘ ਨੇ ਸ਼ਾਇਦ ਇਸੇ ਸਕੂਲ ਵਿਚੋਂ ਹੀ ਦਸਵੀਂ ਪਾਸ ਕੀਤੀ ਸੀ। ਇਸੇ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਬਣਨ ਦੀ ਇੱਛਾ ਪ੍ਰਗਟ ਕੀਤੀ, ਜਿਸ ਦੇ ਪ੍ਰਤੀਕਰਮ ਵਜੋਂ ਸਿੰਘ ਸਭਾ ਦਾ ਮੁੱਢ ਅੰਮ੍ਰਿਤਸਰ ਤੋਂ ਹੀ ਬੱਝਾ ਸੀ।

ਜਿਵੇਂ ਇਸਲਾਮ ਵਿੱਚ ਮਸਜਿਦਾਂ ਦੇ ਉੱਚੇ ਉੱਚੇ ਮੀਨਾਰ ਇਸ ਦੀ ਸਰ ਬੁਲੰਦੀ ਦਾ ਪ੍ਰਤੀਕ ਮੰਨੇ ਜਾਂਦੇ ਹਨ, ਤਿਵੇਂ ਈਸਾਈਆਂ ਵਿੱਚ ਘੰਟਾ ਘਰ ਵੀ ਸ਼ਕਤੀ ਪ੍ਰਦਰਸ਼ਨ ਦਾ ਹੀ ਕੰਮ ਕਰਦੇ ਸਨ, ਬੇਸ਼ੱਕ ਇਨ੍ਹਾਂ ਵਿੱਚ ਲੱਗੀਆਂ ਵੱਡੀਆਂ-ਵੱਡੀਆਂ ਘੜੀਆਂ ਸਮੇਂ ਦਾ ਬੋਧ ਵੀ ਕਰਵਾਉਂਦੀਆਂ ਹਨ। ਮਿਸ਼ਨ ਸਕੂਲ ਖੁੱਲ੍ਹਣ ਤੋਂ ਤਕਰੀਬਨ ਇਕ ਦਹਾਕਾ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੇ ਉੱਤਰ ਵੱਲ ਘੰਟਾ ਘਰ ਉਸਾਰਿਆ ਗਿਆ ਅਤੇ ਨਾਲ ਹੀ ਇਸ ਵਿੱਚ ਦਾਖ਼ਲ ਹੋਣ ਲਈ ਰਸਤਾ ਬਣਾਇਆ ਗਿਆ। ਇਥੇ ਇਹ ਵਰਣਨਯੋਗ ਤੱਥ ਹੈ ਕਿ ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਲਈ ਪ੍ਰਵੇਸ਼ ਦੁਆਰ ਪੱਛਮ ਵਾਲੇ ਪਾਸੇ ਸੀ। ਘੰਟਾ ਘਰ ਉਸਾਰਨ ਲਈ ਕੁਝ ਜ਼ਮੀਨ ਪਰਿਕਰਮਾ ਵਿਚੋਂ ਵੀ ਲਈ ਗਈ ਸੀ। ਮਗਰੋਂ ਇਸ ਨੂੰ ਘੰਟਾ ਘਰ ਵਾਲਾ ਦੁਆਰ ਵੀ ਕਿਹਾ ਜਾਂਦਾ ਹੈ, ਜੋ ਅੱਜ ਤੱਕ ਵੀ ਪ੍ਰਚਲਿਤ ਹੈ। ਬਾਜ਼ਾਰ ਮਾਈ ਸੇਵਾਂ ਦਾ ਪੂਰਬ ਵਾਲਾ ਹਿੱਸਾ ਇਹੋ ਘੰਟਾ ਘਰ ਸੀ। ਯਾਦ ਰਹੇ ਕਿ ਲੁਧਿਆਣੇ ਵੀ ਘੰਟਾ ਘਰ ਬਣਾਇਆ ਗਿਆ ਸੀ। ਪਾਕਿਸਤਾਨ ਵਿੱਚ ਰਹਿ ਗਿਆ ਸ਼ਹਿਰ ਲਾਇਲਪੁਰ, ਜੋ ਇਕ ਅੰਗਰੇਜ਼ ਲੈਫ਼ਟੀਨੈਂਟ ਗਵਰਨਰ ਨੇ ਵਸਾਇਆ ਸੀ। ਉਸ ਵਿੱਚ ਵੀ ਘੰਟਾ ਘਰ ਸ਼ਹਿਰ ਦੇ ਕੇਂਦਰ ਵਿੱਚ ਉਸਾਰਿਆ ਗਿਆ ਸੀ, ਜਿਥੇ ਆ ਕੇ ਸਾਰੇ ਬਾਜ਼ਾਰ ਖ਼ਤਮ ਹੁੰਦੇ ਜਾਂ ਰਲਦੇ ਸਨ। ਅੰਮ੍ਰਿਤਸਰ ਵਿੱਚ ਕੋਤਵਾਲੀ (ਟਾਊਨ ਹਾਲ) 1863-64 ਵਿੱਚ ਉਸਾਰੀ ਗਈ। ਇਥੇ ਹੀ ਕਿ ਹੋਰ ਸਕੂਲ ਖੋਲ੍ਹਿਆ ਗਿਆ ਜਿਸ ਨੂੰ ਟਾਊਨਹਾਲ ਵਾਲਾ ਸਕੂਲ ਹੀ ਕਿਹਾ ਜਾਂਦਾ ਰਿਹਾ ਹੈ। ਥੋੜ੍ਹਾ ਚਿਰ ਹੋਇਆ ਇਹ ਸਕੂਲ ਢਾਹ ਕੇ ਇਸ ਥਾਂ ਪਾਰਕਿੰਗ ਬਣਾਈ ਗਈ ਹੈ। ਜਿੰਨਾ ਚਿਰ (1876 ਵਿੱਚ) ਕਚਹਿਰੀ ਦੀ ਨਵੀਂ ਬਿਲਡਿੰਗ ਨਹੀਂ ਬਣੀ, ਓਨਾ ਚਿਰ ਬਹੁਤੇ ਪ੍ਰਬੰਧਕੀ ਦਫ਼ਤਰ ਇਥੇ ਹੀ ਰਹੇ। ਇਮਾਰਤਾਂ ਬਣਨ ਤੋਂ ਪਹਿਲਾਂ ਇਸ ਥਾਂ ਪਾਣੀ ਦੀ ਢਾਬ ਹੁੰਦੀ ਸੀ, ਜਿਸ ਵਿੱਚ ਭਰਤੀ ਪਾ ਕੇ ਥਾਂ ਪੱਧਰਾ ਕੀਤਾ ਗਿਆ। ਟਾਊਨ ਹਾਲ (ਕੋਤਵਾਲੀ) ਦੇ ਪੂਰਬ ਵੱਲ ਅੱਗੇ ਕਰਕੇ ਚਿੱਟੇ ਸੰਗਮਰਮਰ ਦਾ ਬਣਿਆ ਮਹਾਰਾਣੀ ਵਿਕਟੋਰੀਆ ਦਾ ਬੁੱਤ ਸਥਾਪਤ ਕੀਤਾ ਗਿਆ ਅਤੇ ਜਿਸ ਚੌਕ (ਅੱਜ-ਕੱਲ੍ਹ ਫ਼ੁਹਾਰਾ ਚੌਕ) ਵਿੱਚ ਇਹ ਬੁੱਤ ਲੱਗਾ ਉਸ ਨੂੰ ਮਲਕਾ ਦਾ ਬੁੱਤ ਚੌਕ ਕਿਹਾ ਜਾਂਦਾ ਰਿਹਾ ਹੈ। ਕੋਤਵਾਲੀ ਦੇ ਪੱਛਮ ਵੱਲ ਇਕ ਚੌੜੀ ਸੜਕ ਬਣਾ ਕੇ, ਯੂਰਪੀਅਨਾਂ ਜਾਂ ਗੋਰਿਆਂ ਦੀਆਂ ਲੋੜਾਂ ਪੂਰੀਆਂ ਕਰਨ ਹਿਤ, ਦੋਹੀਂ ਪਾਸੀਂ ਦੁਕਾਨਾਂ ਬਣਾ ਕੇ ਇਸ ਬਾਜ਼ਾਰ ਦਾ ਨਾਂਅ ਹਾਲ ਬਾਜ਼ਾਰ ਰੱਖਿਆ ਗਿਆ। ਇਸ ਦੇ ਸਿਰੇ 'ਤੇ ਪਹਿਲਾਂ ਹੀ ਬਣੇ ਹੋਏ ਦਰਵਾਜ਼ੇ ਨੂੰ ਢਾਹ ਕੇ ਨਵਾਂ ਦਰਵਾਜ਼ਾ ਬਣਾਇਆ ਗਿਆ, ਜਿਸ ਨੂੰ ਅੱਜ-ਕੱਲ੍ਹ ਹਾਲ ਗੇਟ ਆਖਦੇ ਹਨ। ਇਹ ਦਰਵਾਜ਼ਾ ਕਰਨਲ ਸੀ.ਐਚ. ਹਾਲ ਨੇ 1876 ਈ. ਵਿੱਚ ਉਸਾਰਿਆ ਜੋ ਉਸ ਵੇਲੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸੀ। ਲੂਣ ਮੰਡੀ ਦੇ ਉੱਤਰ ਵੱਲ ਢਾਬ ਵਸਤੀ ਰਾਮ (ਜਿਸ ਨੂੰ ਛੋਟੇ ਨਾਂਅ ਕੇਵਲ ਢਾਬ ਵਜੋਂ ਹੀ ਜਾਣਿਆ ਜਾਂਦਾ ਹੈ) ਨੂੰ ਪੂਰ ਕੇ ਸਭ ਤੋਂ ਵੱਡੀ ਅਨਾਜ ਮੰਡੀ ਬਣਾਈ ਗਈ ਅਤੇ ਨਾਂਅ ਰੱਖਿਆ ਗਿਆ ਵਿਕਟੋਰੀਆ ਜੁਬਲੀ ਮਾਰਕੀਟ।

ਅੰਮ੍ਰਿਤਸਰ ਸ਼ਹਿਰ ਵਿੱਚ ਅੱਠ ਪ੍ਰਸਿੱਧ ਗਿਰਜਾਘਰ ਹਨ। ਸਭ ਤੋਂ ਪੁਰਾਣਾ ਗਿਰਜਾਘਰ 1852 ਈ. ਦਾ ਹੈ, ਇਨ੍ਹਾਂ ਗਿਰਜਾ ਘਰਾਂ ਦੀਆਂ ਪ੍ਰਬੰਧਕੀ ਕਮੇਟੀਆਂ ਵੱਲੋਂ ਸਰਕਾਰੀ ਅਧਿਕਾਰੀਆਂ ਦੇ ਬੱਚਿਆਂ ਦੀ ਵਿੱਦਿਆ ਲਈ ਕਈ ਥਾਈਂ ਸਕੂਲ ਖੋਲ੍ਹੇ ਗਏ। ਸੇਂਟ ਫਰਾਂਸਿਸ ਸਕੂਲ, ਅਲੈਗਜ਼ੈਂਡਰਾ ਸਕੂਲ ਅਤੇ ਸੈਕਰਡ ਹਾਰਟ ਸਕੂਲ ਅੰਮ੍ਰਿਤਸਰ ਦੇ ਪ੍ਰਸਿੱਧ ਸਕੂਲ ਹਨ। ਮਗਰੋਂ ਇਨ੍ਹਾਂ ਦੀਆਂ ਸ਼ਾਖਾਵਾਂ ਲਾਗਲੇ ਕਸਬਿਆਂ ਜਾਂ ਪਿੰਡਾਂ ਵਿੱਚ ਵੀ ਖੁੱਲ੍ਹ ਗਈਆਂ। ਅੰਮ੍ਰਿਤਸਰ ਦਾ ਕੇਂਦਰੀ ਡਾਕਘਰ 1925 ਵਿੱਚ ਕਾਇਮ ਹੋਇਆ, ਪਰ ਇਸ ਤੋਂ ਪਹਿਲਾਂ ਵੀ ਇਥੇ ਛੋਟਾ ਡਾਕਘਰ ਸੀ। (**ਬਾਕੀ ਸਫ਼ਾ 30 'ਤੇ**)

# ਖੇਤੀ ’ਚ ਕਿਸਾਨ ਪਾਬੰਦੀਸ਼ੁਦਾ ਕੀਟਨਾਸ਼ਕ ਨਾ ਵਰਤਣ

ਭਗਵਾਨ ਦਾਸ

ਵਧ ਰਹੀ ਆਬਾਦੀ ਦੀ ਲੋੜ ਨੂੰ ਪੂਰਾ ਕਰਨ ਲਈ ਅਤੇ ਨਿਰਯਾਤ ਵਧਾਉਣ ਲਈ ਖੇਤੀ ਦਾ ਉਤਪਾਦਨ ਅਤੇ ਉਤਪਾਦਕਤਾ ਵਧਾਉਣੀ ਜ਼ਰੂਰੀ ਹੈ। ਭਾਰਤ ਵਿਸ਼ਵ ਦੇ 2.4 ਪ੍ਰਤੀਸ਼ਤ ਜ਼ਮੀਨ ਦੇ ਸਾਧਨ ਅਤੇ 4 ਪ੍ਰਤੀਸ਼ਤ ਪਾਣੀ ਦੇ ਸੋਮੇ ਦੇ ਹੁੰਦੇ ਹੋਏ ਵਿਸ਼ਵ ਦੀ 17.84 ਪ੍ਰਤੀਸ਼ਤ ਜਨਸੰਖਿਆ ਨੂੰ ਖੁਰਾਕ ਮੁਹੱਈਆ ਕਰਨ ਪੱਖੋਂ ਸਹਾਈ ਹੋ ਰਿਹਾ ਹੈ। ਵਿਸ਼ਵ ਦੇ 16 ਪ੍ਰਤੀਸ਼ਤ ਪਸ਼ੂਆਂ ਨੂੰ ਵੀ ਭਾਰਤ ਦੀ ਜ਼ਮੀਨ ਤੋਂ ਹੀ ਖੁਰਾਕ ਮੁਹੱਈਆ ਹੁੰਦੀ ਹੈ। ਤਕਰੀਬਨ 15 ਤੋਂ 25 ਪ੍ਰਤੀਸ਼ਤ ਉਤਪਾਦਨ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਭੇਟ ਚੜ੍ਹ ਜਾਂਦਾ ਹੈ। ਜਿੱਥੇ ਖੇਤੀ ਉਤਪਾਦਨ ਵਧਾਉਣ ਦੀ ਲੋੜ ਹੈ, ਇਸ ਨੂੰ ਬਿਮਾਰੀਆਂ ਤੇ ਕੀੜੇ-ਮਕੌੜਿਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਉਣ ਦੀ ਬੇਹੱਦ ਜ਼ਰੂਰਤ ਹੈ ਤਾਂ ਜੋ ਦੇਸ਼ ਵਾਸੀਆਂ ਨੂੰ ਪੌਸ਼ਟਿਕ ਤੇ ਸੁਰੱਖਿਅਤ ਖੁਰਾਕ ਲੋੜ ਅਨੁਸਾਰ ਮੁਹੱਈਆ ਹੋ ਸਕੇ। ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਨੁਕਸਾਨ ਘਟਾਉਣ ਲਈ ਕੀਟਨਾਸ਼ਕਾਂ ਤੇ ਪੈਸਟੀਸਾਈਡਜ਼ ਦਾ ਪ੍ਰਯੋਗ ਜ਼ਰੂਰੀ ਹੈ। ਐਗਰੋ-ਕੈਮੀਕਲਜ਼ ਕੀੜੇ-ਮਕੌੜਿਆਂ, ਬਿਮਾਰੀਆਂ ਅਤੇ ਨਦੀਨਾਂ ਆਦਿ ਨੂੰ ਨਾਸ਼ ਕਰਨ ਲਈ ਹੀ ਨਹੀਂ ਵਰਤੇ ਜਾਂਦੇ, ਇਨ੍ਹਾਂ ਦੀ ਯੋਗ ਵਰਤੋਂ ਨਾਲ ਉਤਪਾਦਕਤਾ ਵੀ ਵਧਦੀ ਹੈ। ਪੈਸਟੀਸਾਈਡਜ਼ ਉਦਯੋਗ ਤੇ ਖੋਜ ਵਲੋਂ ਨਵੇਂ-ਨਵੇਂ ਕੀਟਨਾਸ਼ਕ ਤੇ ਨਦੀਨਨਾਸ਼ਕ ਵਿਕਸਿਤ ਕੀਤੇ ਜਾ ਰਹੇ ਹਨ ਜੋ ਸੁਰੱਖਿਅਤ ਵੀ ਹਨ ਅਤੇ ਕੀੜੇ-ਮਕੌੜਿਆਂ ਤੇ ਬਿਮਾਰੀਆਂ ਦਾ ਨਾਸ਼ ਕਰ ਕੇ ਉਤਪਾਦਕਤਾ ਵਧਾਉਣ ’ਚ ਵੀ ਸਹਾਈ ਹੁੰਦੇ ਹਨ।



ਸੈਂਟਰਲ ਇਨਸੈਕਟੀਸਾਈਡਜ਼ ਬੋਰਡ (ਸੀ.ਆਈ.ਬੀ.) ਵਲੋਂ ਡੂੰਘੀ ਤੇ ਲੰਮੇ ਸਮੇਂ ਦੀ ਪਰਖ ਤੋਂ ਬਾਅਦ ਇਨ੍ਹਾਂ ਨੂੰ ਕਿਸਾਨਾਂ ਦੀ ਵਰਤੋਂ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ। ਪੈਸਟੀਸਾਈਡਜ਼ ਨੂੰ ਇਸਤੇਮਾਲ ਕੀਤੇ ਬਿਨਾਂ ਉਤਪਾਦਨ ਦਾ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਨੁਕਸਾਨ ਕਈ ਗੁਣਾ ਵੱਧ ਸਕਦਾ ਹੈ ਪਰ ਇਸ ਦੇ ਨਾਲ ਨਾਲ ਇਹ ਜ਼ਰੂਰੀ ਹੈ ਕਿ ਪੈਸਟੀਸਾਈਡਜ਼ ਤੇ ਕੀਟਨਾਸ਼ਕ ਸੂਝ-ਬੂਝ ਅਤੇ ਵਿਗਿਆਨਕ ਢੰਗ ਨਾਲ ਵਿਗਿਆਨੀਆਂ ਵਲੋਂ ਸਿਫਾਰਸ਼ ਕੀਤੀ ਮਾਤਰਾ ’ਚ ਵਰਤੇ ਜਾਣ। ਵਿਗਿਆਨਕ ਢੰਗ ਨਾਲ ਵਰਤਣ ਲਈ ਕੀਟਨਾਸ਼ਕ ਦੀ ਸਹੀ ਚੋਣ ਖੇਤੀ ਮਾਹਿਰਾਂ ਵਲੋਂ ਦੱਸੀ ਗਈ ਮਾਤਰਾ ਅਤੇ ਸਹੀ ਢੰਗ ਤੇ ਵਿਧੀ ਨਾਲ ਇਸ ਦਾ ਸਪਰੇਅ ਤੇ ਪ੍ਰਯੋਗ ਕੀਤੇ ਜਾਣ ਦੀ ਲੋੜ ਹੁੰਦੀ ਹੈ।

ਸੈਂਟਰਲ ਇਨਸੈਕਟੀਸਾਈਡਜ਼ ਬੋਰਡ ਬੜੇ ਨਿਪੁੰਨ ਢੰਗਾਂ, ਤਰੀਕਿਆਂ ਨਾਲ ਲੰਮੇ ਸਮੇਂ ਤੱਕ ਜਾਂਚ ਕਰਨ ਤੋਂ ਬਾਅਦ ਪੈਸਟੀਸਾਈਂਡਜ਼ ਨੂੰ ਮਾਨਤਾ ਦਿੰਦਾ ਹੈ ਅਤੇ ਉਨ੍ਹਾਂ ਦੇ ਇਸਤੇਮਾਲ ਦੀ ਪ੍ਰਵਾਨਗੀ ਲਈ ਸਿਫਾਰਸ਼ ਕਰਦਾ ਹੈ। ਪ੍ਰੰਤੂ ਮੰਡੀ ’ਚ ਗ਼ੈਰ ਮਿਆਰੀ, ਘਟੀਆ ਤੇ ਨਕਲੀ ਪੈਸਟੀਸਾਈਡਜ਼ ਫਿਰ ਵੀ ਛੋਟੀਆਂ-ਛੋਟੀਆਂ ਇਕਾਈਆਂ ਅਤੇ ਡੀਲਰਾਂ ਵਲੋਂ ਅਨੈਤਿਕ ਢੰਗ ਨਾਲ ਵੇਚੇ ਜਾਂਦੇ ਹਨ। ਇਸ ਸੰਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੂੰ ਇਨਸੈਕਟੀਸਾਈਡਜ਼ ਐਕਟ ਅਧੀਨ ਕਾਰਵਾਈ ਕਰ ਕੇ ਨਕਲੀ ਰਸਾਇਣਾਂ ’ਤੇ ਕਾਬੂ ਪਾਉਣ ਦੀ ਲੋੜ ਹੈ। ਕਿਸਾਨਾਂ ਨੂੰ ਵੀ ਇਸ ਸੰਬੰਧੀ ਪੂਰੀ ਜਾਂਚ ਤੇ ਨਿਗਰਾਨੀ ਰੱਖਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਾਣਕਾਰੀ ਵੀ ਪੂਰੀ ਹੋਣੀ ਚਾਹੀਦੀ ਹੈ। ਪੈਸਟੀਸਾਈਡਜ਼ ਉਦਯੋਗ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਹਰ ਕੀਟਨਾਸ਼ਕ ਜੋ ਇਸਤੇਮਾਲ ਹੁੰਦਾ ਹੈ, ਉਸ ਦੀ ਪੂਰੀ ਜਾਣਕਾਰੀ ਕਿਸਾਨਾਂ ਤੱਕ ਪਹੁੰਚਾਉਣੀ ਚਾਹੀਦੀ ਹੈ। ਇਸ ਲਈ ਖੇਤੀ ਪ੍ਰਸਾਰ ਸੇਵਾ ਨੂੰ ਮਜ਼ਬੂਤ ਕੀਤਾ ਜਾਏ। ਬਹੁਤੀ ਵਾਰ ਭਾਰਤ ਵਿੱਚ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਵਰਤੋਂ ਸੂਝ-ਬੂਝ ਤੇ ਵਿਗਿਆਨਕ ਢੰਗ ਨਾਲ ਨਹੀਂ ਕੀਤੀ ਜਾਂਦੀ। ਜਿਸ ਲਈ ਕਿਸਾਨਾਂ ਨੂੰ ਸਹੀ ਅਗਵਾਈ ਨਹੀਂ ਮਿਲਦੀ। ਉਹ ਪੈਸਟੀਸਾਈਡਜ਼ ਡੀਲਰਾਂ ਤੋਂ ਦਿੱਤੀ ਜਾਣਕਾਰੀ ਤੇ ਸਿਫਾਰਸ਼ ’ਤੇ ਹੀ ਸਾਰਾ ਆਧਾਰ ਰੱਖਦੇ ਹਨ। ਪ੍ਰੰਤੂ ਜੋ ਹਾਲ ’ਚ ਹੀ ਚੰਡੀਗੜ੍ਹ ਵਿਖੇ ਕਿਸਾਨ ਆਗੂਆਂ ਦੀ ਹੋਏ ਕੌਮੀ ਸੰਮੇਲਨ ’ਚ 18 ਰਾਜਾਂ ਦੇ 90 ਕਿਸਾਨ ਆਗੂਆਂ ਵੱਲੋਂ ਫ਼ਸਲਾਂ ’ਚ ਜੀ.ਐੱਮ. ਤਕਨਾਲੋਜੀ ਦੀ ਵਰਤੋਂ ਦੀ ਵਿਰੋਧਤਾ ਕੀਤੀ ਗਈ ਹੈ, ਉਸ ਦੇ ਮੱਦੇਨਜ਼ਰ ਜੀ.ਐਮ. ਤਕਨਾਲੋਜੀ ਦੀ ਵਰਤੋਂ ਵੀ ਫ਼ਸਲਾਂ ’ਚ ਬੜੀ ਸੀਮਤ ਕਪਾਹ, ਨਰਮੇ ਤੱਕ ਹੀ ਕੀਤੀ ਜਾਏਗੀ ਜਿਸ ਨਾਲ ਪੈਸਟੀਸਾਈਡਜ਼ ਦਾ ਇਸਤੇਮਾਲ ਹੋਰ ਵੀ ਜ਼ਰੂਰੀ ਹੋਵੇਗਾ ਕਿਉਂਕਿ ਗ਼ੈਰ-ਜੀ.ਐਮ. ਫ਼ਸਲਾਂ ’ਤੇ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੇ ਹਮਲਿਆਂ ਦੀ ਬਹੁਤਾਤ ਮੁਕਾਬਲਤਨ ਜ਼ਿਆਦਾ ਹੁੰਦੀ ਹੈ। ਕਿਸਾਨਾਂ ਨੂੰ ਉਹ ਹੀ ਪੈਸਟੀਸਾਈਡਜ਼ ਵਰਤਣੇ ਚਾਹੀਦੇ ਹਨ ਜੋ ਯੂ.ਪੀ.ਐਲ. ਵਰਗੀਆਂ ਨਾਮਵਰ ਐਗਰੋ-ਕੈਮੀਕਲਜ਼ ਕੰਪਨੀਆਂ ਵਲੋਂ ਤਿਆਰ ਕੀਤੇ ਜਾਂਦੇ ਹਨ ਅਤੇ ਜਿਨ੍ਹਾਂ ਦੀ ਸਿਫਾਰਸ਼ ਖੇਤੀਬਾੜੀ ਯੂਨੀਵਰਸਿਟੀਆਂ, ਖੋਜ ਸੰਸਥਾਨਾਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਮਾਹਿਰਾਂ ਵਲੋਂ ਕੀਤੀ ਜਾਂਦੀ ਹੈ। ਗ਼ੈਰ-ਮਿਆਰੀ ਤੇ ਨਕਲੀ ਕੀਟਨਾਸ਼ਕ ਤੇ ਪੈਸਟੀਸਾਈਡਜ਼ ਦਾ ਪ੍ਰਯੋਗ ਤੇ ਵਿਕਰੀ ਬੰਦ ਕਰਨ ਲਈ ਕਿਸਾਨਾਂ ਨੂੰ ਅਤੇ ਕੀਟਨਾਸ਼ਕ ਵੇਚਣ ਵਾਲਿਆਂ ਨੂੰ ਜਾਗਰੂਕ ਕਰਨ ਦੀ ਲੋੜ ਹੈ।ਭਾਰਤ ਤੋਂ ਚਾਵਲ ਤੇ ਬਾਸਮਤੀ ਵੱਡੇ ਪੈਮਾਨੇ ’ਤੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਦੀ ਨਿਰਯਾਤ ਪਿਛਲੇ ਸਾਲ 52 ਲੱਖ ਟਨ ਤੱਕ ਪਹੁੰਚ ਗਈ, ਜਿਸ ਨਾਲ 48 ਹਜ਼ਾਰ ਕਰੋੜ ਰੁਪਏ ਤੋਂ ਵੱਧ ਵਿਦੇਸ਼ੀ ਮੁਦਰਾ ਭਾਰਤ ਆਈ ਹੈ। ਪੰਜਾਬ ਬਾਸਮਤੀ ਦੇ ਜੀ.ਆਈ. ਜ਼ੋਨ ’ਚ ਹੈ ਅਤੇ ਇਸ ਦਾ ਬਰਾਮਦ ’ਚ 40 ਪ੍ਰਤੀਸ਼ਤ ਤੱਕ ਯੋਗਦਾਨ ਹੈ। ਇਸ ਸਾਲ 7 ਲੱਖ ਹੈਕਟੇਅਰ ਦੇ ਕਰੀਬ ਰਕਬੇ ’ਤੇ ਬਾਸਮਤੀ ਦੀ ਕਾਸ਼ਤ ਕੀਤੀ ਗਈ ਹੈ, ਜੋ ਝੋਨੇ ਦੀ ਕਾਸ਼ਤ ਥੱਲੇ ਕੁੱਲ ਰਕਬੇ ਦਾ 24 ਪ੍ਰਤੀਸ਼ਤ ਦੇ ਕਰੀਬ ਹੈ। ਭਵਿੱਖ ’ਚ ਖੇਤੀ ਵਿਭਿੰਨਤਾ ਲਿਆਉਣ ’ਚ ਬਾਸਮਤੀ ਦਾ ਵਿਸ਼ੇਸ਼ ਰੋਲ ਹੋਵੇਗਾ ਅਤੇ ਇਸ ਦੀ ਕਾਸ਼ਤ 10 ਲੱਖ ਹੈਕਟੇਅਰ ਤੱਕ ਰਕਬੇ ’ਤੇ ਕੀਤੇ ਜਾਣ ਦਾ ਅਨੁਮਾਨ ਹੈ। ਕਿਸਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਬਾਸਮਤੀ ਦੀ ਫ਼ਸਲ ’ਚ ਉਹ ‘ਟਰਾਈਸਾਇਕਲਾਜ਼ੋਨ’ ਜਿਹੇ ਤੇਜ਼ ਰਸਾਇਣ ਜਿਨ੍ਹਾਂ ਨੂੰ ਬਾਸਮਤੀ ਦਰਾਮਦ ਕਰਨ ਵਾਲੇ ਮੁਲਕ ਨਹੀਂ ਚਾਹੁੰਦੇ, ਨਾ ਵਰਤਣ ਤਾਂ ਜੋ ਕਿਸੇ ਕੀਟਨਾਸ਼ਕ ਦੇ ਅੰਸ਼ ਚੌਲਾਂ ’ਚ ਨਾ ਰਹਿਣ। ਕਿਸਾਨਾਂ ਨੂੰ ਪਾਬੰਦੀਸ਼ੁਦਾ ਕੀਟਨਾਸ਼ਕ ਉੱਕਾ ਹੀ ਨਹੀਂ ਵਰਤਣੇ ਚਾਹੀਦੇ।ਪੈਸਟੀਸਾਈਡਜ਼ ਦੀ ਸੁਰੱਖਿਅਤ ਵਰਤੋਂ ਕਰਨ ਲਈ ਕਿਸਾਨਾਂ ਨੂੰ ਇਹ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਕਿਸਾਨਾਂ ਨੂੰ ਪੈਸਟੀਸਾਈਡਜ਼ ਅਸਲੀ ਪੈਕਿੰਗ ਵਿੱਚ ਬਿੱਲ ਨਾਲ ਖਰੀਦਣੇ ਚਾਹੀਦੇ ਹਨ। ਉਨ੍ਹਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਪਰੇ ਰੱਖਣਾ ਚਾਹੀਦਾ ਹੈ। ਵਰਤੋਂ ਤੋਂ ਪਹਿਲਾਂ ਉਸ ’ਤੇ ਲਿਖੀਆਂ ਹਦਾਇਤਾਂ ਤੇ ਸਾਵਧਾਨੀਆਂ ਧਿਆਨ ’ਚ ਰੱਖਣੀਆਂ ਚਾਹੀਦੀਆਂ ਹਨ। ਮਾਹਿਰਾਂ ਵਲੋਂ ਸਿਫਾਰਸ਼ ਕੀਤੀ ਗਈ ਮਾਤਰਾ ’ਚ ਹੀ ਕੀਟਨਾਸ਼ਕ ਵਰਤਣੇ ਚਾਹੀਦੇ ਹਨ। ਛਿੜਕਾਅ ਕਰਨ ਲੱਗਿਆਂ ਹਵਾ ਦੇ ਰੁਖ਼ ਦੇ ਨਾਲ ਹੀ ਛਿੜਕਾਅ ਕਰਨਾ ਚਾਹੀਦਾ ਹੈ।

ਛਿੜਕਾਅ ਕਰਨ ਤੋਂ ਬਾਅਦ ਹੱਥਾਂ ਅਤੇ ਕੱਪੜਿਆਂ ਨੂੰ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ। ਖਾਲੀ ਡੱਬੇ ਅਤੇ ਪੈਕਿੰਗ ਨਾਸ਼ ਕਰ ਦੇਣੇ ਚਾਹੀਦੇ ਹਨ। ਸਪਰੇਅ ਕਰਨ ਲੱਗਿਆਂ ਕੋਈ ਚੀਜ਼ ਖਾਣੀ ਜਾਂ ਪੀਣੀ ਨਹੀਂ ਚਾਹੀਦੀ ਅਤੇ ਸਿਗਰੇਟ ਅਤੇ ਬੀੜੀ ਆਦਿ ਤੋਂ ਪੂਰਾ ਪ੍ਰਹੇਜ਼ ਕਰਨਾ ਚਾਹੀਦਾ ਹੈ। ਸਪਰੇਅ ਵਾਲਾ ਪੰਪ ਜਾਂ ਸਪਰੇਅਰ ਲੀਕ ਨਹੀਂ ਹੋਣਾ ਚਾਹੀਦਾ। ਕੋਈ ਖਾਣ ਵਾਲੀ ਚੀਜ਼ ਸਪਰੇਅ ਕੀਤੇ ਜਾ ਰਹੇ ਖੇਤਰ ਦੇ ਨੇੜੇ ਨਹੀਂ ਰੱਖਣੀ ਚਾਹੀਦੀ। ਨੋਜ਼ਲ ਨੂੰ ਸਾਫ ਕਰਨ ਲਈ ਮੂੰਹ ਨਾਲ ਫ਼ੂਕ ਨਹੀਂ ਮਾਰਨੀ ਚਾਹੀਦੀ।



# ਗੱਡੇ ’ਚ ਸੰਦੂਕ ਨਿੰਮ ਦਾ . . .

ਜੋਗਿੰਦਰ ਕੌਰ ਅਗਨੀਹੋਤਰੀ

ਸ਼ਿਸ਼ਟੀ ਦੀ ਰਚਨਾ ਵੇਲੇ ਜੇਕਰ ਮਨੁੱਖ ਨਾ ਹੁੰਦਾ ਤਾਂ ਬਾਕੀ ਰਚਨਾ ਵੀ ਬੇਕਾਰ ਹੀ ਹੁੰਦੀ ਕਿਉਂਕਿ ਮਨੁੱਖ ਨੂੰ ਸੋਝੀ ਹੈ ਅਤੇ ਇਸੇ ਸੋਝੀ ਨਾਲ ਉਸ ਨੇ ਵਿਕਾਸ ਕੀਤਾ ਹੈ। ਆਦਿ ਮਾਨਵ ਤੋਂ ਲੈ ਕੇ ਅੱਜ ਤੱਕ ਮਨੁੱਖ ਨੇ ਆਪਣੇ ਲਈ ਬਹੁਤ ਜ਼ਿਆਦਾ ਸੁੱਖ ਦੇ ਸਾਧਨ ਤਿਆਰ ਕੀਤੇ ਹਨ। ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਅਨੇਕਾਂ ਖੋਜਾਂ ਕੀਤੀਆਂ ਜੋ ਸਾਡੇ ਸੱਭਿਆਚਾਰ ਦਾ ਅੰਗ ਬਣ ਗਈਆਂ ਹਨ। ਸਭ ਤੋਂ ਪਹਿਲਾਂ ਰੋਜ਼ੀ ਰੋਟੀ ਦੇ ਸਾਧਨ ਜੁਟਾਏ ਅਤੇ ਉਸ ਤੋਂ ਬਾਅਦ ਪਹਿਨਣ ਅਤੇ ਸਜਣ-ਫੱਬਣ ਦਾ ਸ਼ੌਕ ਪੂਰਾ ਕਰਨ ਲਈ ਵਸਤਾਂ ਤਿਆਰ ਕੀਤੀਆਂ।

ਇਹ ਵਸਤਾਂ ਤਿਆਰ ਕਰਨ ਉਪਰੰਤ ਉਸ ਨੇ ਇਸ ਨੂੰ ਸੰਭਾਲਣ ਦਾ ਪ੍ਰਬੰਧ ਕਰਨਾ ਵੀ ਜ਼ਰੂਰੀ ਸਮਝਿਆ। ਕੱਪੜਿਆਂ ਨੂੰ ਸੰਭਾਲਣ ਲਈ ਉਸ ਨੇ ਨਵੀਂ ਕਾਢ ਕੱਢੀ। ਇਹ ਉਹ ਵਸਤੂ ਹੈ ਜਿਸ ਬਾਬਤ ਇਹ ਕਿਹਾ ਜਾਂਦਾ ਹੈ ਕਿ ਇਹ ਘਰ ਦਾ ਭੇਤ ਹੈ ਕਿਉਂਕਿ ਇਸ ਵਿੱਚ ਅਨੇਕਾਂ ਚੀਜ਼ਾਂ ਸਾਂਭੀਆਂ ਜਾਂਦੀਆਂ ਹਨ। ਇਸ ਵਿੱਚ ਪਹਿਨਣ ਵਾਲੇ ਕੱਪੜਿਆਂ ਤੋਂ ਬਿਨਾਂ ਵਰਤੋਂ ਵਿੱਚ ਆਉਣ ਵਾਲੀਆਂ ਹੋਰ ਚੀਜ਼ਾਂ ਵੀ ਸੰਭਾਲੀਆਂ ਜਾਂਦੀਆਂ ਹਨ ਜਿਵੇਂ ਕਿ ਖੇਸ, ਦਰੀਆਂ, ਗਦੈਲੇ ਅਤੇ ਹੋਰ ਖੱਦਰ ਆਦਿ। ਇਹ ਵਸਤੂ ਹੈ ਸੰਦੂਕ।

ਸੰਦੂਕ ਸਾਡੇ ਸੱਭਿਆਚਾਰ ਦੀ ਮਹੱਤਵਪੂਰਨ ਵਸਤੂ ਹੈ ਜੋ ਹਰ ਘਰ ਵਿੱਚ ਹੋਣੀ ਅਤਿ ਜ਼ਰੂਰੀ ਹੁੰਦੀ ਸੀ। ਇਹ ਘਰ ਦਾ ਸ਼ਿੰਗਾਰ ਹੁੰਦਾ ਸੀ। ਘਰ ਵਿੱਚ ਚਾਹੇ ਕਿੰਨਾ ਹੀ ਸਾਮਾਨ ਕਿਉਂ ਨਾ ਪਿਆ ਹੋਵੇ ਪ੍ਰੰਤੂ ਜੇਕਰ ਪੇਟੀ ਜਾਂ ਸੰਦੂਕ ਨਾ ਹੋਵੇ ਤਾਂ ਵੀ ਘਰ ਦੀ ਸ਼ਾਨ ਨੂੰ ਵੱਟਾ ਲੱਗਦਾ ਸੀ। ਸਾਡੇ ਸਮਾਜ ਦੀ ਇੱਕ ਮਹੱਤਵਪੂਰਨ ਰੀਤ ਇਹ ਹੈ ਕਿ ਹਰ ਵਿਆਹੀ ਜਾਣ ਵਾਲੀ ਲੜਕੀ ਨੂੰ ਦਾਜ ਵਿੱਚ ਸੰਦੂਕ ਜਾਂ ਪੇਟੀ ਜ਼ਰੂਰ ਦਿੱਤੀ ਜਾਂਦੀ ਸੀ ਤਾਂ ਕਿ ਉਹ ਆਪਣੀਆਂ ਨਿੱਜੀ ਵਸਤਾਂ ਨੂੰ ਸੰਭਾਲ ਕੇ ਰੱਖੇ ਜਿਵੇਂ ਪਹਿਨਣ ਵਾਲੇ ਕੱਪੜੇ, ਬਿਸਤਰੇ ਅਤੇ ਹਾਰ ਸ਼ਿੰਗਾਰ ਦਾ ਸਾਮਾਨ। ਜਿਨ੍ਹਾਂ ਔਰਤਾਂ ਕੋਲ ਸੰਦੂਕ ਨਹੀਂ ਹੁੰਦਾ ਸੀ, ਉਨ੍ਹਾਂ ਦੀ ਉਹ ਕਦਰ ਨਹੀਂ ਹੁੰਦੀ ਸੀ ਜਿੰਨੀ ਸੰਦੂਕ ਵਾਲੀ ਦੀ।

ਸੰਦੂਕ ਵਧੀਆ ਟਾਹਲੀ ਦੀ ਲੱਕੜ ਜੋ ਅੰਦਰੋਂ ਲਾਲ ਹੋਵੇ ਅਤੇ ਵਧੀਆ ਨਿੰਮ ਦੀ ਲੱਕੜ ਦੇ ਬਣਾਏ ਜਾਂਦੇ ਸਨ ਕਿਉਂਕਿ ਇਸ ਲੱਕੜ ਨੂੰ ਕੀੜਾ (ਸਿਉਂਕ, ਘੁਣ) ਨਹੀਂ ਲੱਗਦਾ। ਸੰਦੂਕ ਨੂੰ ਬਣਾਉਣ ਤੋਂ ਪਹਿਲਾਂ ਲੱਕੜ ਦੇ ਪੋਰੇ ਨੂੰ ਟੋਭੇ ਜਾਂ ਛੱਪੜ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇੱਕ ਮਹੀਨੇ ਪਿੱਛੋਂ ਉਸ ਨੂੰ ਕੱਢ ਸੁਕਾਉਣ ਤੋਂ ਬਾਅਦ ਇਸ ਨੂੰ ਚਿਰਾਇਆ ਜਾਂਦਾ ਹੈ ਅਤੇ ਫਿਰ ਇਨ੍ਹਾਂ ਫੱਟੀਆਂ ਨੂੰ ਕੁਸ਼ਲ ਕਾਰੀਗਰ ਆਪਣੀ ਵਿਉਂਤ ਅਨੁਸਾਰ ਸੰਦੂਕ ਬਣਾਉਣ ਲਈ ਤਿਆਰ ਕਰਦੇ ਹਨ। ਸੰਦੂਕ ਦੋ ਪ੍ਰਕਾਰ ਦੇ ਹੁੰਦੇ ਹਨ। ਸਾਦੇ ਅਤੇ ਨਮੂਨੇਦਾਰ।

ਸਾਦੇ ਸੰਦੂਕ ਦੀ ਸਜਾਵਟ ਸਿਰਫ਼ ਦਿਖਾਵੇ ਮਾਤਰ ਹੀ ਹੁੰਦੀ ਹੈ। ਇਸ ਦੇ ਤਿੰਨ ਪਾਸੇ ਤਾਂ ਬਿਲਕੁਲ ਹੀ ਸਾਫ਼ ਹੁੰਦੇ ਹਨ ਭਾਵ ਉਨ੍ਹਾਂ ਉੱਤੇ ਨਾ ਤਾਂ ਕੋਈ ਮੀਨਾਕਾਰੀ ਕੀਤੀ ਜਾਂਦੀ ਹੈ ਅਤੇ ਨਾ ਹੀ ਕੋਈ ਫੋਟੋ ਜਾਂ ਸ਼ੀਸ਼ਾ ਜੜਿਆ ਜਾਂਦਾ ਹੈ। ਇਸ ਸੰਦੂਕ ਨੂੰ ਖੋਲ੍ਹਣ ਲਈ ਇੱਕ ਪੱਲਾ ਹੁੰਦਾ ਹੈ।

ਨਮੂਨੇਦਾਰ ਸੰਦੂਕ ਦਾ ਪਿਛਲਾ ਹਿੱਸਾ ਤਾਂ ਸਾਫ਼ ਹੁੰਦਾ ਹੈ। ਉਸ ਉੱਤੇ ਕੋਈ ਸਜਾਵਟ ਨਹੀਂ ਕੀਤਾ ਜਾਂਦੀ। ਨਮੂਨੇਦਾਰ ਸੰਦੂਕਾਂ ਦੇ ਅਗਲੇ ਹਿੱਸੇ ਉੱਤੇ ਪਿੱਤਲ ਦੇ ਕੋਕੇ ਅਤੇ ਪਿੱਤਲ ਕੱਟ ਕੇ ਮੋਰਨੀਆਂ ਬਣਾ ਕੇ ਜੜੀਆਂ ਜਾਂਦੀਆਂ ਹਨ। ਅਗਲੇ ਅਤੇ ਦੂਜੇ ਪਾਸਿਆਂ ਨੂੰ ਸੁੰਦਰ ਬਣਾਉਣ ਲਈ ਡੱਬੇ ਬਣਾਏ ਜਾਂਦੇ ਹਨ। ਉਨ੍ਹਾਂ ਵਿੱਚ ਵੱਖ-ਵੱਖ ਪ੍ਰਕਾਰ ਦੇ ਰੰਗਦਾਰ ਸ਼ੀਸ਼ੇ ਜੜੇ ਜਾਂਦੇ ਹਨ। ਮੂੰਹ ਦੇਖਣ ਲਈ ਵਧੀਆ ਧਾਰ ਵਾਲੇ ਸ਼ੀਸ਼ੇ ਫਿੱਟ ਕੀਤੇ ਜਾਂਦੇ ਹਨ। ਸੰਦੂਕਾਂ ਦੇ ਆਕਾਰ ਵੱਖ-ਵੱਖ ਹੁੰਦੇ ਸਨ। ਚਾਰ ਫੁੱਟ ਵਾਲਾ ਸੰਦੂਕ, ਛੇ ਫੁੱਟ ਦਾ ਸੰਦੂਕ, ਸੱਤ ਜਾਂ ਅੱਠ ਫੁੱਟ ਦਾ ਛੱਜੇ ਵਾਲਾ ਸੰਦੂਕ। ਵੱਡੇ ਸੰਦੂਕਾਂ ਦੇ ਹੇਠਲੇ ਹਿੱਸੇ ਨੂੰ ਬਿਸਤਰੇ ਪਾਉਣ ਲਈ ਰੱਖਿਆ ਜਾਂਦਾ ਸੀ ਜਦਕਿ ਉਤਲੇ ਹਿੱਸੇ ਵਿੱਚ ਫੱਟੀਆਂ ਪਾ ਕੇ ਤਿਆਰ ਕੀਤਾ ਜਾਂਦਾ ਸੀ। ਇਸ ਵਿੱਚ ਸੂਟ ਆਦਿ ਰੱਖੇ ਜਾਂਦੇ ਸਨ। ਕਈ ਨਮੂਨੇਦਾਰ ਸੰਦੂਕਾਂ ਵਿੱਚ ਰੱਖਣੇ ਵੀ ਬਣਾਏ ਜਾਂਦੇ ਸਨ। ਇਨ੍ਹਾਂ ਰੱਖਣਿਆਂ ਵਿੱਚ ਸੋਨੇ ਚਾਂਦੀ ਦੇ ਗਹਿਣਿਆਂ ਤੋਂ ਬਿਨਾਂ ਹਾਰ ਸ਼ਿੰਗਾਰ ਦਾ ਸਾਮਾਨ ਰੱਖਿਆ ਜਾਂਦਾ ਸੀ। ਇਹ ਸੁੰਦਰ ਕਲਾ ਕੁਸ਼ਲ ਕਾਰੀਗਰਾਂ ਦੀ ਹੀ ਦੇਣ ਹੈ।

ਜੇਕਰ ਮਾਂ, ਧੀ ਦੇ ਜਨਮ ਤੋਂ ਹੀ ਉਸ ਦੇ ਦਾਜ ਦੀ ਤਿਆਰੀ ਕਰਨ ਲੱਗ ਪੈਂਦੀ ਹੈ ਤਾਂ ਬਾਬਲ ਵੀ ਆਪਣਾ ਫਰਜ਼ ਨਿਭਾਉਣ ਲਈ ਟਾਹਲੀ ਜਾਂ ਨਿੰਮ ਦਾ ਰੁੱਖ ਧੀ ਦੇ ਸੰਦੂਕ ਬਣਾਉਣ ਲਈ ਲਾ ਦਿੰਦਾ ਹੈ। ਪੁਰਾਣੇ ਬਜ਼ੁਰਗ ਲੱਕੜ ਦਾ ਅੰਦਾਜ਼ਾ ਲਗਾਉਣ ਲਈ ਨਿੰਮ ਦੇ ਰੁੱਖ ਨੂੰ ਆਪਣੇ ਜੱਫੇ ਵਿੱਚ ਲੈ ਕੇ ਉਸ ਦੀ ਮੋਟਾਈ ਮਾਪ ਕੇ ਹੀ ਵੱਢਦੇ ਸਨ। ਨਿੰਮ ਦੇ ਸੰਦੂਕ ਦੀ ਚਰਚਾ ਹਰ ਘਰ ਵਿੱਚ ਹੁੰਦੀ ਸੀ। ਵਿਆਹੁਤਾ ਲੜਕੀ ਦਾ ਸਾਮਾਨ ਦੇਖ ਕੇ ਹੀ ਉਸ ਦੇ ਘਰ ਦੀ ਅਮੀਰੀ ਦਾ ਅੰਦਾਜ਼ਾ ਲਾਇਆ ਜਾਂਦਾ ਸੀ

ਨਿੰਮ ਦੇ ਸੰਦੂਕ ਵਾਲੀਏ
ਕਿਹੜੇ ਪਿੰਡ ਮੁਕਲਾਵੇ ਜਾਣਾ।

ਉਂਝ ਤਾਂ ਲੋਕ ਕੁੜੀ ਦੇ ਵਿਆਹ ਤੋਂ ਪਹਿਲਾਂ ਹੀ ਕਾਰੀਗਰ ਨੂੰ ਘਰ ਬੁਲਾ ਕੇ ਸੰਦੂਕ ਤਿਆਰ ਕਰਵਾਉਂਦੇ ਸਨ, ਪਰ ਜੇਕਰ ਸੰਦੂਕ ਨਾ ਤਿਆਰ ਕਰਵਾਇਆ ਜਾਂਦਾ ਤੇ ਲੜਕੀ ਨੂੰ ਵਿਆਹ ਕੇ ਤੋਰ ਦਿੱਤਾ ਜਾਂਦਾ ਤਾਂ ਉਸ ਨੂੰ ਇਸ ਮਿਹਣੇ ਦਾ ਸ਼ਿਕਾਰ ਹੋਣਾ ਪੈਂਦਾ ਸੀ;

ਬਾਲ੍ਹੋ ਨੀਂ ਭਰਾਵਾਂ ਵਾਲੀਏ
ਗੱਡੀ ਆਈ ਐ ਸੰਦੂਕੋਂ ਖਾਲੀ।

ਸੰਦੂਕ ਔਰਤ ਲਈ ਸੋਨੇ ਦੇ ਗਹਿਣੇ ਨਾਲੋਂ ਵੀ ਵੱਡੀ ਚੀਜ਼ ਹੈ। ਇਸ ਉੱਤੇ, ਉਸ ਦੀ ਆਪਣੀ ਮਲਕੀਅਤ ਹੈ ਭਾਵ ਜਾਇਦਾਦ ਹੈ। ਉਸ ਦੀ ਮਰਜ਼ੀ ਤੋਂ ਬਿਨਾਂ ਹੋਰ ਕੋਈ ਵੀ ਉਸ ਨੂੰ ਖੋਲ੍ਹਣ ਦੀ ਹਿੰਮਤ ਨਹੀਂ ਕਰਦਾ। ਸਾਡੇ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਰਿਵਾਜ ਹੈ ਕਿ ਜਦੋਂ ਘਰ ਵਿੱਚ ਵਹੁਟੀ ਵਿਆਹ ਕੇ ਆਉਂਦੀ ਹੈ ਤਾਂ ਉਸ ਦੇ ਇਸ ਸੰਦੂਕ ਨੂੰ ਸਭ ਤੋਂ ਪਹਿਲਾਂ ਨਣਦ ਖੋਲ੍ਹਦੀ ਹੈ ਅਤੇ ਭਰਜਾਈ ਉਸ ਨੂੰ ਆਪਣੀ ਮਨਪਸੰਦ ਦਾ ਕੋਈ ਵੀ ਸੂਟ ਚੁੱਕਣ ਦੀ ਖ਼ੁਸ਼ੀ ਪ੍ਰਦਾਨ ਕਰਦੀ ਹੈ। ਚਾਵਾਂ ਨਾਲ ਵਿਆਹੀ ਵਹੁਟੀ ਨਾਲ ਕਈ ਵਾਰ ਕਿਸੇ ਨਿੱਕੀ ਜਿਹੀ ਗੱਲ ’ਤੇ ਝਗੜਾ ਹੋਣ ਦੇ ਬਾਅਦ ਗੱਲ ਵੱਡੀ ਵੀ ਬਣ ਜਾਂਦੀ ਹੈ। ਜੇਕਰ ਇਹ ਝਗੜਾ ਨਾ ਮਿਟਾਇਆ ਜਾਵੇ ਤਾਂ ਗੱਲ ਹੋਰ ਵੀ ਵਧ ਜਾਂਦੀ ਹੈ ਜਿਸ ਦਾ ਜ਼ਿਕਰ ਲੋਕ ਗੀਤਾਂ ਵਿੱਚ ਇੰਜ ਕੀਤਾ ਜਾਂਦਾ ਹੈ;

ਨੀਂ ਮੈਂ ਸੱਸ ਕੁੱਟਣੀ
ਕੁੱਟਣੀ ਸੰਦੂਕਾਂ ਓਹਲੇ।

ਕਈ ਵਾਰ ਘਰਾਂ ਵਿੱਚ ਛੋਟੇ ਮੋਟੇ ਝਗੜੇ ਹੋ ਹੀ ਜਾਂਦੇ ਹਨ। ਜੇਕਰ ਕੋਈ ਮਰਦ ਜ਼ਿਆਦਾ ਅੜੀ ਫੜੀ ਕਰੇ ਤਾਂ ਔਰਤ ਨੂੰ ਵੀ ਗੁੱਸਾ ਆਉਣਾ ਸੁਭਾਵਿਕ ਹੈ। ਕਈ ਵਾਰੀ ਤਾਂ ਔਰਤਾਂ ਆਪਣਾ ਦੁੱਖ ਦਰਦ ਦੂਜੀਆਂ ਕੋਲ ਰੋਂਦੀਆਂ ਹਨ। ਜੇ ਕੋਈ ਔਰਤ ਸਿਆਣੀ ਹੋਵੇ ਤਾਂ ਉਹ ਇਸ ਗੱਲ ਨੂੰ ਵਧਾਉਂਦੀ ਨਹੀਂ ਬਲਕਿ ਘਟਾਉਂਦੀ ਹੈ, ਪਰ ਕਈ ਔਰਤਾਂ ਅਜਿਹੀਆਂ ਹਨ ਜਿਹੜੀ ਗੱਲ ਘਟਾਉਣ ਦੀ ਥਾਂ ਵਧਾ ਕੇ ਖ਼ੁਸ਼ ਹੁੰਦੀਆਂ ਹਨ ਅਤੇ ਉਹ ਆਪਣੀ ਸਹੇਲੀ ਨੂੰ ਗੀਤਾਂ ਰਾਹੀਂ ਇਹ ਮੱਤ ਦਿੰਦੀਆਂ ਹਨ;

ਜੇ ਜੱਟੀਏ ਜੱਟ ਕੁੱਟਣਾ ਹੋਵੇ
ਕੁੱਟੀਏ ਸੰਦੂਕਾਂ ਓਹਲੇ।
ਪਹਿਲਾਂ ਜੱਟ ਤੋਂ ਮੱਕੀ ਪਿਹਾਈਏ
ਫੇਰ ਪਿਹਾਈਏ ਛੋਲੇ।
ਜੱਟੀਏ ਦੇ ਦਬਕਾ
ਜੱਟ ਦੇ ਬਰਾਬਰ ਬੋਲੇ।

ਪਰਿਵਾਰ ਵਿੱਚ ਜਿੱਥੇ ਦੋ ਭਾਂਡੇ ਹੁੰਦੇ ਨੇ, ਉੱਥੇ ਖੜਕਦੇ ਹੀ ਹਨ। ਵੱਡੇ ਪਰਿਵਾਰਾਂ ਵਿੱਚ ਕਿਸੇ ਗੱਲ ’ਤੇ ਝਗੜਾ ਹੋ ਹੀ ਜਾਂਦਾ ਹੈ। ਕਈ ਵਾਰ ਗੱਲ ਵਧ ਜਾਂਦੀ ਹੈ। ਵਿਆਹੀ ਆਈ ਔਰਤ ਆਪਣੇ ਪਤੀ ਨੂੰ ਆਪਣੇ ਮਰਨ ਦਾ ਨਹੋਰਾ ਵੀ ਦੇ ਦਿੰਦੀ ਹੈ। ਉਹਨੂੰ ਨਹੋਰਾ ਦੇ ਕੇ ਕਹਿੰਦੀ ਹੈ;

ਕਾਲਾ ਘੱਗਰਾ ਸੰਦੂਕ ਵਿੱਚ ਮੇਰਾ
ਦੇਖ ਦੇਖ ਰੋਏਂਗਾ ਜੱਟਾ।

ਇਸ ਤਰ੍ਹਾਂ ਪਰਿਵਾਰ ਦੀ ਖੁਸ਼ਹਾਲੀ ਬਣਾਈ ਰੱਖਣ ਲਈ ਇੱਕ ਦੂਜੇ ਦਾ ਮਾਣ ਕਰਨਾ ਹੀ ਬਣਦਾ ਹੈ। ਕਈ ਵਾਰ ਆਦਮੀ ਨੂੰ ਔਰਤ ਦੀ ਖ਼ੁਸ਼ੀ ਲਈ ਉਸ ਦੇ ਅਨੁਸਾਰ ਵਡਿਆਈ ਵੀ ਕਰਨੀ ਪੈਂਦੀ ਹੈ

ਨਿੰਮ ਦੇ ਸੰਦੂਕ ਵਾਲੀਏ
ਤੇਰਾ ਨਖਰਾ ਮੇਚ ਨਾ ਆਵੇ।

ਇਹ ਚਾਹਤ ਕੁਦਰਤੀ ਤੌਰ ’ਤੇ ਹੀ ਹੁੰਦੀ ਹੈ ਕਿ ਜਦੋਂ ਕਿਸੇ ਔਰਤ ਦਾ ਵਿਆਹ ਦਾ ਸਾਮਾਨ ਜਾਂਦਾ ਹੋਵੇ ਤਾਂ ਉਸ ਨੂੰ ਸਭ ਧਿਆਨ ਨਾਲ ਦੇਖਦੇ ਹਨ। ਕਈ ਚੁਸਤ ਤਾਂ ਅੱਖਾਂ ਅੱਖਾਂ ਵਿੱਚ ਹੀ ਸਾਮਾਨ ਦੀ ਗਿਣਤੀ ਅਤੇ ਉਸ ਦੀ ਵਿਸ਼ੇਸ਼ਤਾ ਸਮਝ ਜਾਂਦੇ ਹਨ। ਇਸ ਕੰਮ ਵਿੱਚ ਔਰਤਾਂ ਦੀ ਰੁਚੀ ਵੱਧ ਹੁੰਦੀ ਹੈ। ਭਾਵੇਂ ਆਦਮੀ ਵੀ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਨ ਦੇ ਸਮਰੱਥ ਹਨ, ਪਰ ਔਰਤ ਤਾਂ ਇਹੋ ਜਿਹਾ ਸਾਮਾਨ ਦੇਖ ਕੇ ਵੀ ਆਪਣੇ ਮਨ ਦੇ ਭਾਵ ਇਸ ਤਰ੍ਹਾਂ ਪ੍ਰਗਟ ਕਰ ਦਿੰਦੀ ਹੈ

ਵਿੱਚ ਰੱਥ ਦੇ ਸ਼ੁਕੀਨਣ ਭਾਰੀ
ਗੱਡੇ ’ਚ, ਸੰਦੂਕ ਨਿੰਮ ਦਾ।





# ਡਾਚੀ ਵਾਲਿਆ ਮੋੜ ਮੁਹਾਰ ਵੇ.....

ਡਾ. ਨਰਿੰਦਰ ਭੱਪਰ

ਪੰਜਾਬ ਦੇ ਲੋਕ ਗੀਤਾਂ ਵਿੱਚ ਕਈ ਤਰ੍ਹਾਂ ਦੇ ਪਸ਼ੂ ਅਤੇ ਪੰਛੀਆਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਵਿੱਚ ਉੱਚੇ ਉੱਚੇ ਲੰਮੇ ਕੱਦ ਦੇ ਜਾਨਵਰ ਊਠ ਦਾ ਵੀ ਵਿਸ਼ੇਸ਼ ਤੌਰ ’ਤੇ ਜ਼ਿਕਰ ਆਉਂਦਾ ਹੈ ਜਿਸ ਨੂੰ ਰੇਗਿਸਤਾਨ ਦਾ ਜਹਾਜ਼ ਕਿਹਾ ਜਾਂਦਾ ਹੈ। ਮਾਲਵੇ ਵਿੱਚ ਇਸ ਨੂੰ ਬੋਤਾ ਵੀ ਕਹਿ ਦਿੰਦੇ ਹਨ। ਪਹਿਲੇ ਸਮਿਆਂ ਵਿੱਚ ਊਠ ਹੀ ਸਾਡੀ ਆਵਾਜਾਈ ਦਾ ਸਾਧਨ ਹੁੰਦੇ ਸਨ। ਇਹ ਖੇਤੀਬਾੜੀ ਦੇ ਕੰਮ ਵੀ ਆਉਂਦਾ ਸੀ। ਇਸ ਦੇ ਪੈਰਾਂ ਦੇ ਤਲੇ ਗੱਦੇਦਾਰ ਹੁੰਦੇ ਹਨ ਅਤੇ ਇਹ ਟਿੱਬਿਆਂ ਵਿਚਲੇ ਰੇਤ ਵਿੱਚ ਵੀ ਆਸਾਨੀ ਨਾਲ ਤੁਰਦਾ ਹੈ। ਊਠ ਇੱਕੋ ਦਿਨ ਕਾਫ਼ੀ ਸਾਰਾ ਪਾਣੀ ਪੀ ਕੇ ਰੱਜ ਲੈਂਦਾ ਹੈ ਤੇ ਪਾਣੀ ਪੀਣ ਤੋਂ ਬਿਨਾਂ ਵੀ ਕਾਫ਼ੀ ਦਿਨਾਂ ਤੱਕ ਰਹਿ ਸਕਦਾ ਹੈ, ਇਸ ਲਈ ਹੀ ਇਸ ਨੂੰ ਮਾਰੂਥਲ ਦਾ ਜਹਾਜ਼ ਆਖਿਆ ਜਾਂਦਾ ਹੈ।

ਪੁਰਾਣੇ ਸਮੇਂ ਵਿੱਚ ਚੀਜ਼ਾਂ ਦੀ ਢੋਆ ਢੁਆਈ ਵੀ ਊਠਾਂ ਰਾਹੀਂ ਹੀ ਹੁੰਦੀ ਸੀ। ਅੱਜਕੱਲ੍ਹ ਸਾਡੀਆਂ ਸਰਹੱਦਾਂ ਦੀ ਰਖਵਾਲੀ ਕਰਨ ਲਈ ਬੀ.ਐੱਸ.ਐੱਫ. ਰਾਜਸਥਾਨ ਅਤੇ ਗੁਜਰਾਤ ਵਿੱਚ ਊਠਾਂ ਦੀ ਵਰਤੋਂ ਕਰਦੀ ਹੈ। ਪ੍ਰਾਚੀਨ ਸਮੇਂ ਵਿੱਚ ਸੱਸੀ ਦਾ ਆਸ਼ਕ ਪੁੰਨੂ ਵੀ ਊਠ ਰਾਹੀਂ ਹੀ ਵਪਾਰ ਕਰਨ ਲਈ ਭੰਬੋਰ ਸ਼ਹਿਰ ਵਿੱਚ ਆਇਆ ਸੀ।

ਊਠ ਨਾਲ ਸਬੰਧਿਤ ਕਈ ਮੁਹਾਵਰੇ ਪੰਜਾਬੀ ਸੱਭਿਆਚਾਰ ਵਿੱਚ ਪ੍ਰਚੱਲਿਤ ਹਨ, ਜਿਵੇਂ ‘ਊਠ ਦੇ ਮੂੰਹ ਵਿੱਚ ਜ਼ੀਰਾ ਦੇਣਾ’ ਅਤੇ ‘ਊਠ ਅੜਾਂਦੇ ਹੀ ਲੱਦੀਂਦੇ ਨੇ।’ ਇਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਤੇ ਬੋਲੀਆਂ ਵਿੱਚ ਵੀ ਆਉਂਦਾ ਹੈ:

ਬੋਤੇ ਚਾਰਦੇ ਭੈਣਾਂ ਨੂੰ ਮਿਲ ਆਉਂਦੇ
ਸਰਵਣ ਵੀਰ ਭੈਣਾਂ ਦੇ ਕੁੜੀਓ।

ਜਦੋਂ ਕਿਤੇ ਭਰਾ ਥੱਕਿਆ ਟੁੱਟਿਆ ਭੈਣ ਦੇ ਸਹੁਰੇ ਪਿੰਡ ਵਿੱਚੋਂ ਲੰਘਦਾ ਤਾਂ ਭੈਣ ਉਸ ਨੂੰ ਇਸ ਤਰ੍ਹਾਂ ਬੁਲਾਉਂਦੀ ਹੈ:

ਬੋਤਾ ਬੰਨ੍ਹ ਵੇ ਸਰਵਣਾ ਵੀਰਾ
ਮੂੰਨੀਆਂ ਰੰਗੀਨ ਗੱਡੀਆਂ
***

ਤੇਰੇ ਬੋਤੇ ਨੂੰ ਗਵਾਰੇ ਦੀਆਂ ਫਲੀਆਂ
ਤੈਨੂੰ ਵੀਰਾ ਦੁੱਧ ਦਾ ਛੰਨਾ।

ਪੁਰਾਣੇ ਸਮਿਆਂ ਵਿੱਚ ਬੋਤਿਆਂ ਦੇ ਕਾਫ਼ਲੇ ਚੱਲਦੇ ਸਨ। ਪੁੰਨੂ ਬਲੋਚ ਜਿਹੇ ਮੂੰਹ ਹਨੇਰੇ ਤੜਕਸਾਰ ਊਠਾਂ ’ਤੇ ਸਾਮਾਨ, ਰਾਸ਼ਨ ਆਦਿ ਲੱਦ ਕੇ ਲੈ ਜਾਂਦੇ ਸਨ ਅਤੇ ਵਪਾਰ ਕਰਦੇ ਸਨ। ਪਿੱਛੋਂ ਘਰਵਾਲੀਆਂ ਉਨ੍ਹਾਂ ਨੂੰ ਯਾਦ ਕਰਦੀਆਂ ਅਤੇ ਆਪਣੇ ਵਾਸਤੇ ਚੀਜ਼ਾਂ ਮੰਗਾਉਣ ਲਈ ਆਖਦੀਆਂ;

ਊਠਾਂ ਵਾਲਿਆਂ ਵੇ ਊਠ ਲੱਦੇ ਆ ਕਲਕੱਤੇ ਨੂੰ
ਕਿਨਾਰੀ ਲਿਆ ਦਿਓ ਮੇਰੇ ਰੇਸ਼ਮੀ ਦੁਪੱਟੇ ਨੂੰ।

ਕਈ ਵਾਰ ਕਿਸੇ ਕੰਜੂਸ ਦੀ ਘਰਵਾਲੀ ਇਉਂ ਵੀ ਆਖ ਦਿੰਦੀ;

ਊਠਾਂ ਵਾਲਿਓ ਵੇ ਊਠ ਲੱਦੇ ਆ ਗੰਗਾ ਨੂੰ
ਮੇਲੇ ਨੀਂ ਮੈਂ ਜਾਣਾ ਪੈਸੇ ਦਿੰਦੇ ਨਹੀਂ ਵੰਗਾਂ ਨੂੰ।

ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦਾ ਗਾਇਆ ਹੋਇਆ ਗੀਤ ਅੱਜ ਵੀ ਰੇਡੀਓ ’ਤੇ ਸੁਣਿਆ ਜਾ ਸਕਦਾ ਹੈ;

ਡਾਚੀ ਵਾਲਿਆ ਮੋੜ ਮੁਹਾਰ ਵੇ
ਸੋਹਣੀ ਵਾਲਿਆ ਲੈ ਚੱਲ ਨਾਲ ਵੇ

ਵਿਜੇ ਵੱਲੋਂ ਛੱਡਣ ’ਤੇ ਸ਼ਾਹਣੀ ਕੌਲਾਂ ਊਠਾਂ ਵਾਲਿਆਂ ਨੂੰ ਸੁਨੇਹਾ ਭੇਜਦੀ ਹੈ। ਬਾਬੂ ਰਜ਼ਬ ਅਲੀ ਨੇ ਇਸ ਨੂੰ ਬਹੁਤ ਵਧੀਆ ਲਿਖਿਆ ਹੈ। ਸ਼ਾਹਣੀ ਕੌਲਾਂ ਊਠਾਂ ਵਾਲਿਆਂ ਨੂੰ ਤਰਲਾ ਪਾਉਂਦੀ ਹੈ;

ਵੀਰੋ ਊਠਾਂ ਵਾਲਿਓ ਵੇ
ਇੱਕ ਸੁਨੇਹਾ ਦੇ ਦਿਓ ਬਾਬਲ ਨੂੰ ਜਾ ਕੇ
ਤੇਰੀ ਧੀ ਛੱਡਤੀ ਵਿਜੇ ਨੇ
ਕੌਲਾਂ ’ਤੇ ਝੂਠੀ ਤੋਹਮਤ ਲਾ ਕੇ

ਇਕੱਲਾਪਣ ਭਾਵੇਂ ਆਦਮੀ ਦਾ ਹੋਵੇ, ਭਾਵੇਂ ਔਰਤ ਦਾ ਇਹ ਹੰਢਾਉਣਾ ਬਹੁਤ ਔਖਾ ਹੁੰਦਾ ਹੈ। ਇੱਕ ਨਵੀਂ ਵਿਆਹੀ ਕੁੜੀ ਆਪਣੇ ਪਤੀ ਨੂੰ ਕਹਿੰਦੀ ਹੈ;

ਊਠਾਂ ਵਾਲਿਓ ਵੇ ਊਠ ਲੱਦੇ ਆ ਲਾਹੌਰ ਨੂੰ
’ਕੱਲੀ ਕੱਤਾਂ ਵੇ ਘਰ ਭੇਜੋ ਮੇਰੇ ਭੌਰ ਨੂੰ

ਊਠਾਂ ਦੇ ਮਹੱਤਵ ਨੂੰ ਦੇਖਦੇ ਹੋਏ ਦੇਸ਼ ਵਿੱਚ ਹਰ ਸਾਲ 22 ਜੂਨ ਨੂੰ ਕੌਮੀ ਊਠ ਦਿਹਾੜਾ ਮਨਾਇਆ ਜਾਂਦਾ ਹੈ। ਦੇਸ਼ ਦੇ ਲਗਭਗ 80 ਫੀਸਦੀ ਊਠ ਰਾਜਸਥਾਨ ਵਿੱਚ ਹਨ। ਪੁਸ਼ਕਰ ਵਿੱਚ ਊਠਾਂ ਦਾ ਮੇਲਾ ਹਰ ਸਾਲ ਲੱਗਦਾ ਹੈ। ਬੀਕਾਨੇਰ ਦੇ ਨੇੜੇ ਨੈਸ਼ਨਲ ਕੈਮਲ ਰਿਸਰਚ ਸੈਂਟਰ ਹੈ। ਜਿੱਥੇ ਊਠਣੀ ਦਾ ਦੁੱਧ ਅਤੇ ਦੁੱਧ ਤੋਂ ਪਨੀਰ ਤਿਆਰ ਕੀਤਾ ਜਾਂਦਾ ਹੈ। ਊਠਣੀ ਦਾ ਦੁੱਧ ਕਈ ਕਿਸਮ ਦੀਆਂ ਬਿਮਾਰੀਆਂ ਲਈ ਲਾਭਦਾਇਕ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਹੁਣ ਮਾਲਵਾ ਖੇਤਰ ਵਿੱਚ ਬਠਿੰਡਾ, ਮਾਨਸਾ ਅਤੇ ਮੁਕਤਸਰ ਜ਼ਿਲ੍ਹਿਆਂ ਵਿੱਚ ਹੀ 6 -7 ਸੌ ਗਿਣਤੀ ਦੇ ਊਠ ਰਹਿ ਗਏ ਹਨ ਜਦੋਂ ਕਿ ਪਹਿਲਾਂ ਪੰਜਾਬ ਵਿੱਚ ਇਨ੍ਹਾਂ ਦੀ ਗਿਣਤੀ ਚੋਖੀ ਹੁੰਦੀ ਸੀ। ਜਦੋਂ ਤੋਂ ਆਵਾਜਾਈ ਦੇ ਹੋਰ ਸਾਧਨਾਂ ਵਿੱਚ ਵਾਧਾ ਹੋਇਆ ਹੈ ਅਤੇ ਖੇਤੀਬਾੜੀ ਦਾ ਮਸ਼ੀਨੀਕਰਨ ਹੋਇਆ ਹੈ, ਉਦੋਂ ਤੋਂ ਪੰਜਾਬ ਵਿੱਚ ਇਨ੍ਹਾਂ ਦੀ ਗਿਣਤੀ ਘਟਣ ਲੱਗੀ। ਇਸ ਦੇ ਬਾਵਜੂਦ ਪੰਜਾਬ ਵਿੱਚ ਕਿਤੇ ਨਾ ਕਿਤੇ ਊਠ ਨਜ਼ਰ ਪੈ ਹੀ ਜਾਂਦੇ ਹਨ ਜੋ ਪੁਰਾਣੇ ਵੇਲਿਆਂ ਦੀਆਂ ਯਾਦਾਂ ਤਾਜ਼ਾ ਕਰ ਜਾਂਦਾ ਹੈ।

## ਬੁੱਕਰ ਪੁਰਸਕਾਰ ਜਿੱਤਣ ’ਤੇ ਵਿਸ਼ੇਸ਼





# ਧਰਤੀ ਦੀ ਸੁੰਦਰਤਾ ਨੂੰ ਕਵਿਤਾ ਵਾਂਗ ਦੇਖਣ ਵਾਲੀ ਸਾਮੰਥਾ ਹਾਰਵੇ

ਆਪਣੀ ਵੱਖਰੀ ਹੀ ਸ਼ੈਲੀ ਅਤੇ ਭਾਸ਼ਾ ਨਾਲ ਹੋਰਨਾਂ ਅੰਗਰੇਜ਼ੀ ਲੇਖਕਾਂ ਨਾਲੋਂ ਵੱਖਰਾ ਦਰਜਾ ਰੱਖਣ ਵਾਲੀ ਬ੍ਰਿਟਿਸ਼ ਲੇਖਿਕਾ ਸਾਮੰਥਾ ਹਾਰਵੇ ਨੂੰ ਉਸ ਦੇ ਪ੍ਰਸਿੱਧ ਨਾਵਲ ‘ਔਰਬਿਟਲ’ ਲਈ ਇਸ ਸਾਲ ਦਾ ਬੁੱਕਰ ਸਾਹਿਤ ਪੁਰਸਕਾਰ ਦਿੱਤਾ ਗਿਆ ਹੈ। ਸਾਮੰਥਾ ਇੱਕ ਅਜਿਹੀ ਲੇਖਿਕਾ ਹੈ ਜਿਸ ਨੇ ਧਰਤੀ ਦੀ ਸੁੰਦਰਤਾ ਨੂੰ ਕਵਿਤਾ ਵਾਂਗ ਵੇਖਿਆ ਤੇ ਮਾਣਿਆ ਹੈ। ਸਾਮੰਥਾ ਨੂੰ ਇਹ ਪੁਰਸਕਾਰ ਲੰਡਨ ਦੇ ਸ਼ਹਿਰ ਓਲਡ ਬਿਲਿੰਗਗੇਟ ਵਿਖੇ ਆਯੋਜਿਤ ਇੱਕ ਸਮਾਰੋਹ ਵਿੱਚ ਦਿੱਤਾ ਗਿਆ। ਇਸ ਇਨਾਮ ਵਿੱਚ 64,000 ਡਾਲਰ ਦੀ ਰਾਸ਼ੀ ਵੀ ਸ਼ਾਮਲ ਹੈ। ਇਸ ਤਰ੍ਹਾਂ ਇੰਨੀ ਵੱਡੀ ਰਕਮ ਜਿੱਤਣ ਵਾਲਾ ਇਹ ਦੁਨੀਆਂ ਦਾ ਪੁਲਾੜ ’ਤੇ ਆਧਾਰਿਤ ਪਹਿਲਾ ਨਾਵਲ ਬਣ ਗਿਆ ਹੈ।

ਇਸ ਨਾਵਲ ਦੀ ਪੂਰੀ ਕਹਾਣੀ ਪੁਲਾੜ ’ਤੇ ਆਧਾਰਿਤ ਹੈ। ‘ਔਰਬਿਟਲ’ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ’ਤੇ ਛੇ ਪੁਲਾੜ ਯਾਤਰੀਆਂ ਦੇ ਜੀਵਨ ’ਤੇ ਅਧਾਰਿਤ ਹੈ, ਜੋ ਧਰਤੀ ’ਤੇ 16 ਵਾਰ ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਨੂੰ ਦੇਖਦੇ ਹਨ।

ਇਹ ਨਾਵਲ ਸਿਰਫ਼ 136 ਪੰਨਿਆਂ ਦਾ ਹੈ ਅਤੇ ਬੁੱਕਰ ਪੁਰਸਕਾਰ ਜਿੱਤਣ ਵਾਲੀ ਦੂਜੀ ਸਭ ਤੋਂ ਛੋਟੀ ਕਿਤਾਬ ਹੈ। ਪੁਰਸਕਾਰ ਦੀ ਜਿਊਰੀ ਵਿੱਚ ਪੁਰਸਕਾਰ ਜੇਤੂ ਬ੍ਰਿਟਿਸ਼ ਭਾਰਤੀ ਸੰਗੀਤਕਾਰ ਨਿਤਿਨ ਸਾਹਨੀ, ਨਾਵਲਕਾਰ ਸਾਰਾਹ ਕੋਲਿਨਜ਼, ਦਿ ਗਾਰਡੀਅਨ ਅਖਬਾਰ ਦੇ ਫਿਕਸ਼ਨ ਸੰਪਾਦਕ ਜਸਟਿਨ ਜੌਰਡਨ ਅਤੇ ਚੀਨੀ-ਅਮਰੀਕੀ ਲੇਖਕ ਤੇ ਪ੍ਰੋਫੈਸਰ ਯਿਯੂਨ ਲੀ ਸ਼ਾਮਲ ਸਨ।

ਹਾਰਵੇ ਨੇ ਇਸ ਤੋਂ ਪਹਿਲਾਂ ਚਾਰ ਨਾਵਲ ਅਤੇ ਇਨਸੌਮਨੀਆ ਬਾਰੇ ਇੱਕ ਪੁਸਤਕ ਲਿਖੀ ਹੈ। ਉਹ 2020 ਤੋਂ ਬਾਅਦ ਬੁੱਕਰ ਪੁਰਸਕਾਰ ਜਿੱਤਣ ਵਾਲੀ ਪਹਿਲੀ ਬ੍ਰਿਟਿਸ਼ ਲੇਖਕ ਹੈ।ਉਹ 2019 ਤੋਂ ਬਾਅਦ ਬੁੱਕਰ ਪੁਰਸਕਾਰ ਜਿੱਤਣ ਵਾਲੀ ਪਹਿਲੀ ਔਰਤ ਵੀ ਹੈ।

‘ਔਰਬਿਟਲ’ ਨਵੰਬਰ 2023 ਵਿੱਚ ਪ੍ਰਕਾਸ਼ਿਤ ਹੋਇਆ ਸੀ ਅਤੇ ਸਾਲ 2024 ਦੀ ਸ਼ਾਰਟਲਿਸਟ ਵਿੱਚ ਇਹ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਹੈ। ਇਸ ਦੀਆਂ ਇਸ ਸਾਲ ਯੂ.ਕੇ. ਵਿੱਚ 29,000 ਕਾਪੀਆਂ ਵਿਕੀਆਂ। ਇਸ ਦੇ 136 ਪੰਨੇ ਹਨ ਜੋ ਕਿ ਬੁੱਕਰ ਪੁਰਸਕਾਰ ਜਿੱਤਣ ਵਾਲੀ ਹੁਣ ਤੱਕ ਦੀ ਸਭ ਤੋਂ ਛੋਟੀ ਕਿਤਾਬ ‘ਪੇਨੇਲੋਪ ਫਿਟਜ਼ਗੇਰਾਲਡਜ਼ ਆਫਸ਼ੋਰ’ ( ਜਿਸ ਨੇ 1979 ਵਿੱਚ ਬੁਕਰ ਪੁਰਸਕਾਰ ਜਿੱਤਿਆ ਸੀ), ਤੋਂ ਸਿਰਫ਼ ਚਾਰ ਪੰਨੇ ਵੱਧ ਹਨ।

ਹਾਰਵੇ ਨੇ ‘ਧਰਤੀ ਲਈ ਬੋਲਣ ਵਾਲੇ’ ਹਰ ਵਿਅਕਤੀ ਨੂੰ ਆਪਣਾ ਪੁਰਸਕਾਰ ਸਮਰਪਿਤ ਕਰਦੇ ਹੋਏ ਕਿਹਾ, “ਮੈਂ ਪਹਿਲਾਂ ਸੋਚਿਆ ਕਿ ਧਰਤੀ ’ਤੇ ਕੋਈ ਵੀ ਵਿਅਕਤੀ ਕਿਸੇ ਔਰਤ ਤੋਂ ਪੁਲਾੜ ਬਾਰੇ ਕਿਉਂ ਸੁਣਨਾ ਚਾਹੇਗਾ, ਕਲਪਨਾ ਕਰੋ ਕਿ ਜਦੋਂ ਪੁਲਾੜ ਵਿੱਚ ਲੋਕ ਹੋਣਗੇ ਤਾਂ ਉਹ ਕਿਵੇਂ ਮਹਿਸੂਸ ਕਰਨਗੇ ?” ਸਾਮੰਥਾ ਨੇ ਕਿਹਾ ਕਿ ਉਸ ਨੇ ਕੋਵਿਡ-19 ਦੇ ਸਮੇਂ ਦੌਰਾਨ ਇਸ ਨੂੰ ਲਿਖਣਾ ਸ਼ੁਰੂ ਕੀਤਾ ਸੀ ਅਤੇ ਇਹ ਉਸ ਸੁੰਦਰਤਾ ਦਾ ਵਰਣਨ ਕਰਦਾ ਹੈ, ਜੋ ਸਾਮੰਥਾ ਨੇ ਪੁਲਾੜ ਚੱਕਰ ਲਗਾਉਣ ਵਾਲੇ ਪੁਲਾੜ ਯਾਤਰੀਆਂ ਅਤੇ ਉਨ੍ਹਾਂ ਦੀ ਦਿਮਾਗੀ ਸਥਿਤੀ ਬਾਰੇ ਲਿਖਦੇ ਹੋਏ ਪਾਇਆ ਸੀ। ਸਾਰੀ ਦੁਨੀਆਂ ਦੇ ਮਨੁੱਖਾਂ ਅਤੇ ਹੋਰ ਜੀਵ-ਜੰਤੂਆਂ ਬਾਰੇ ਸੱਚ ਦੇ ਹੱਕ ਵਿੱਚ ਬੋਲਣ ਨਾਲ ਹੀ ਸੰਸਾਰ ਨੂੰ ਬਚਾਇਆ ਜਾ ਸਕਦਾ ਹੈ।

ਸਾਮੰਥਾ ਦੇ ਇਸ ਖ਼ੂਬਸੂਰਤ ਨਾਵਲ ਦੇ ਪਾਤਰ ਪੁਲਾੜ ਵਿੱਚੋਂ ਲੰਘਦੇ ਹੋਏ ਦਿਖਾਈ ਦਿੰਦੇ ਹਨ ਅਤੇ ਉਹ ਇੱਕ-ਦੂਜੇ ਦੀ ਸੰਗਤ ਵਿੱਚ ਉਲਝ ਜਾਂਦੇ ਹਨ। ਫਿਰ ਦੁਨੀਆਂ ਦੇ ਲੋਕਾਂ ਨੂੰ ਦੇਖਣ ਲਈ ਇੱਕ-ਦੂਜੇ ਦੇ ਨੇੜੇ ਹੋ ਜਾਂਦੇ ਹਨ। ਇਸ ਦੇ ਪਾਤਰਾਂ ਵਿੱਚ ਅਣਸੁਖਾਵੇਂ ਵਾਪਰਨ ਨੂੰ ਵੇਖਣ ਅਤੇ ਧਰਤੀ ਨੂੰ ਖ਼ੁਸ਼ੀ-ਗ਼ਮੀ ਦੇ ਦਾਇਰੇ ਤੋਂ ਪਰ੍ਹੇ ਦੇਖਣ ਦਾ ਅਜਿਹਾ ਉਪਰਾਲਾ ਹੈ ਕਿ ਸੰਸਾਰ ਦੀ ਸੁੰਦਰਤਾ ਨੂੰ ਅੱਖੋਂ-ਪਰੋਖੇ ਕਰਕੇ ਵੀ ਇਸ ਧਰਤੀ ਦੀ ਦਰਦਨਾਕ ਕਹਾਣੀ ਨੂੰ ਵੇਖਿਆ ਜਾ ਸਕਦਾ ਹੈ, ਜੋ ਉਸ ਕਹਾਣੀ ਦੀ ਅਸਲੀਅਤ ਹੈ। ਇਸ ਨਾਵਲ ਵਿੱਚ ਲੇਖਿਕਾ ਧਰਤੀ ਦੀ ਸੁੰਦਰਤਾ ਨੂੰ ਅਤੀਤ ਦੀ ਉਤਸੁਕਤਾ ਅਤੇ ਰੁਮਾਂਟਿਕਤਾ ਨਾਲ ਦਰਸਾਉਂਦੀ ਹੈ। ਇਸ ਤਰ੍ਹਾਂ ਦਾ ਕਥਾ ਬਿਰਤਾਂਤ ਕੋਈ ਹੋਰ ਲੇਖਕ ਨਹੀਂ ਕਰ ਸਕਿਆ ਹੈ। ਜ਼ਿਕਰਯੋਗ ਹੈ ਕਿ ਸਾਹਿਤ ਲਈ ਬੁੱਕਰ ਪੁਰਸਕਾਰ ਦੇ 55 ਸਾਲਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਅੰਤਿਮ ਫਾਈਨਲ ਸੂਚੀ ’ਚ ਔਰਤਾਂ ਦਾ ਦਬਦਬਾ ਰਿਹਾ ਹੈ ਅਤੇ ਪੁਰਸਕਾਰ ਲਈ ਦੌੜ ਵਿੱਚ ਛੇ ਲੇਖਕਾਂ ਵਿੱਚੋਂ ਪੰਜ ਔਰਤਾਂ ਸਨ। ਬ੍ਰਿਟੇਨ ਦੀ ਲੇਖਿਕਾ ਸਮੰਥਾ ਹਾਰਵੇ ਨੂੰ ਪੁਲਾੜ ’ਤੇ ਉਸ ਦੇ ਨਾਵਲ ‘ਔਰਬਿਟਲ’ ਲਈ, ਅਮਰੀਕੀ ਲੇਖਕ ਰੇਚਲ ਕੁਸ਼ਨਰ ਨੂੰ ਉਸ ਦੇ ਜਾਸੂਸੀ ਥ੍ਰਿਲਰ ‘ਕ੍ਰਿਏਸ਼ਨ ਲੇਕ’ ਲਈ, ਕੈਨੇਡੀਅਨ ਲੇਖਕ ਐਨ ਮਾਈਕਲਜ਼ ਨੂੰ ਉਸ ਦੇ ਪਰਿਵਾਰ-ਮੁਖੀ ‘ਹੇਲਡ’ ਲਈ, ਆਸਟ੍ਰੇਲੀਆਈ ਲੇਖਿਕਾ ਸ਼ਾਰਲੋਟ ਵੁੱਡ ਨੂੰ ਉਸ ਦੇ ਦਰਸ਼ਨ ’ਤੇ ਆਧਾਰਿਤ ਨਾਵਲ ‘ਸਟੋਨ ਯਾਰਡ ਡਿਵੋਸ਼ਨਲ’ ਲਈ ਅਤੇ ਡੱਚ ਲੇਖਕ ਯੇਲ ਵੈਨ ਡੇਰ ਵੌਡੇਨ ਨੂੰ ਉਸ ਦੇ ਪਹਿਲੇ ਨਾਵਲ ‘ਦਿ ਸੇਫਕੀਪ’ ਲਈ ਬੁੱਕਰ ਪੁਰਸਕਾਰ ਦੇਣ ਲਈ ਫਾਈਨਲ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ। ਅਮਰੀਕੀ ਲੇਖਕ ਪਰਸੀਵਲ ਐਵਰੇਟ ਇਸ ਅੰਤਿਮ ਸੂਚੀ ਵਿੱਚ ਥਾਂ ਬਣਾਉਣ ਵਾਲਾ ਇਕਲੌਤਾ ਪੁਰਸ਼ ਲੇਖਕ ਸੀ, ਜਿਸ ਦੀ ਰਚਨਾ ‘ਜੇਮਸ’ ਨੂੰ ਚੁਣਿਆ ਗਿਆ ਸੀ।

ਜ਼ਿਕਰਯੋਗ ਹੈ ਕਿ ਬੁੱਕਰ ਪੁਰਸਕਾਰ ਦੀ ਸਥਾਪਨਾ 1969 ਵਿੱਚ ਕੀਤੀ ਗਈ ਸੀ ਅਤੇ ਇਹ ਬ੍ਰਿਟੇਨ ਜਾਂ ਆਇਰਲੈਂਡ ਵਿੱਚ ਮੂਲ ਰੂਪ ਵਿੱਚ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਨਾਵਲਾਂ ਨੂੰ ਦਿੱਤਾ ਜਾਂਦਾ ਹੈ। ਪਿਛਲੇ ਸਾਲ ਆਇਰਿਸ਼ ਲੇਖਕ ਪਾਲ ਲਿੰਚ ਨੇ ਇਹ ਪੁਰਸਕਾਰ ਜਿੱਤਿਆ ਸੀ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸੱਤ ਆਜ਼ਾਦੀ ਘੁਲਾਟੀਆਂ ਦੀ ਦਾਸਤਾਨ-ਏ-ਸ਼ਹਾਦਤ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ
ਐਬਟਸਫੋਰਡ ਬੀ.ਸੀ. ਕੈਨੇਡਾ

ਅੱਜ-ਕੱਲ੍ਹ ਸਰਕਾਰੀ ਅਤੇ ਦਰਬਾਰੀ ਲੋਕਾਂ ਵੱਲੋਂ ਇਹ ਬਿਰਤਾਂਤ ਜ਼ੋਰ-ਸ਼ੋਰ ਨਾਲ ਘੜਿਆ ਜਾ ਰਿਹਾ ਹੈ ਕਿ ਕੀ ਵਿਦੇਸ਼ਾਂ 'ਚ ਰਹਿੰਦੇ ਹੋਏ ਵੀ ਆਪਣੇ ਦੇਸ਼ ਲਈ ਆਜ਼ਾਦੀ ਦਾ ਸੰਘਰਸ਼ ਲੜਿਆ ਜਾ ਸਕਦਾ ਹੈ ਅਤੇ ਸਰਕਾਰੀ ਜਬਰ ਖਤਮ ਕੀਤਾ ਜਾ ਸਕਦਾ ਹੈ? ਜੀ ਹਾਂ, ਅਜਿਹਾ ਬਿਲਕੁਲ ਹੋ ਸਕਦਾ ਹੈ। ਮਿਸਾਲ ਦੇਖਣੀ ਹੋਵੇ, ਤਾਂ ਗਦਰ ਲਹਿਰ ਦੇ ਮਹਾਨ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸੈਂਕੜੇ ਹੀ ਉਹਨਾਂ ਯੋਧਿਆਂ ਤੋਂ ਮਿਲਦੀ ਹੈ, ਜਿਨਾਂ ਨੇ ਅਮਰੀਕਾ ਅਤੇ ਕੈਨੇਡਾ ਆ ਕੇ ਪਹਿਲਾਂ ਨਸਲਵਾਦ ਅਤੇ ਬਸਤੀਵਾਦ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਇੱਥੋਂ ਹੀ ਬ੍ਰਿਟਿਸ਼ ਇੰਡੀਆ ਸਰਕਾਰ ਦੇ ਖ਼ਿਲਾਫ਼ ਐਲਾਨੇ-ਜੰਗ ਕੀਤਾ। ਇਥੇ ਅਖਬਾਰ ਕੱਢੇ, ਸੰਸਥਾਵਾਂ ਕਾਇਮ ਕੀਤੀਆਂ ਅਤੇ ਫਿਰ ਭਾਰਤ ਵਿੱਚੋਂ ਜ਼ਾਲਮ ਹਕੂਮਤ ਦੀ ਜੜ ਪੱਟੀ। ਅੱਜ ਵੀ ਇਹ ਗੱਲ ਕਹਿਣੀ ਉਚਿਤ ਹੋਵੇਗੀ ਕਿ ਕਿਸੇ ਦੇਸ ਦੀ ਜ਼ਾਲਮ ਸਰਕਾਰ ਅਤੇ ਗੁਲਾਮੀ ਦੇ ਖਾਤਮੇ ਲਈ ਕਿ ਬਾਹਰਲੇ ਦੇਸ਼ਾਂ ਤੋਂ ਸੰਘਰਸ਼ ਲੜਿਆ ਜਾ ਸਕਦਾ ਹੈ। ਇਹ ਗੱਲ ਯਕੀਨਨ ਤੌਰ 'ਤੇ ਸਹੀ ਹੈ। ਅੱਜ ਦੇ ਭਾਰਤ ਵਿੱਚ ਸਿਆਸੀ ਚੋਰਾਂ ਦੇ ਵੱਸ ਪੈ ਕੇ ਕੁਰਲਾ ਰਹੇ ਦੇਸਵਾਸੀਆਂ ਲਈ ਸੰਘਰਸ਼ ਕਰਨ ਵਾਲੇ ਜੁਝਾਰੂ, ਸ਼ਹੀਦ ਸਰਾਭਾ ਦੇ ਵਾਰਿਸ ਫਾਸ਼ੀਵਾਦੀ ਇੰਡੀਅਨ ਸਟੇਟ ਖ਼ਿਲਾਫ਼ ਵਿਦੇਸ਼ਾਂ ਦੀ ਧਰਤੀ ਤੋਂ ਆਜ਼ਾਦੀ ਦੀ ਲਹਿਰ ਰਾਹੀਂ ਗ਼ਦਰੀ ਬਾਬਿਆਂ ਦਾ ਇਤਿਹਾਸ ਦੁਹਰਾ ਰਹੇ ਹਨ। ਆਓ, ਇਸ ਇਤਿਹਾਸ ਦੇ ਵਰਕੇ ਫਰੋਲ੍ਹੀਏ ਅਤੇ ਉੱਤਰੀ ਅਮਰੀਕਾ ਤੋਂ ਗਦਰ ਸੰਘਰਸ਼ ਕਰਨ ਵਾਲੇ ਸ਼ਹੀਦਾਂ ਦੀ ਦਾਸਤਾਨ ਸਾਂਝੀ ਕਰੀਏ।

ਸਾਡੇ ਵੀਰਨੋ ਤੁਸਾਂ ਨਾ ਫਿਕਰ ਕਰਨਾ,
ਵਿਦਾ ਬਖ਼ਸ਼ਣੀ ਖ਼ੁਸ਼ੀ ਦੇ ਨਾਲ ਸਾਨੂੰ
ਫਾਂਸੀ ਤੋਪ ਬੰਦੂਕ ਤੇ ਤੀਰ ਬਰਛੀ,
ਕੱਟ ਸਕਦੀ ਨਹੀਂ ਤਲਵਾਰ ਸਾਨੂੰ
ਸਾਡੀ ਆਤਮਾ ਸਦਾ ਅਡੋਲ ਵੀਰੋ,
ਕਰੂ ਕੀ ਤੁਫੰਗ ਦਾ ਵਾਰ ਸਾਨੂੰ
ਖ਼ਾਤਰ ਧਰਮ ਦੀ ਪਿਤਾ ਨੇ ਪੁੱਤ ਵਾਰੇ,
ਦਿਸੇ ਚਮਕਦੀ ਨੇਕ ਮਿਸਾਲ ਸਾਨੂੰ।

ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ (19 ਸਾਲ 5 ਮਹੀਨੇ 23 ਦਿਨ) ਦੇ ਮਹਾਨ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸੱਤ ਗ਼ਦਰੀ ਯੋਧਿਆਂ ਵੱਲੋਂ ਸ਼ਹੀਦੀ ਖੁਮਾਰੀਆਂ ਮੌਕੇ, ਇਸ ਮਕਬੂਲ ਕਵਿਤਾ ਦਾ ਗਾਇਨ ਕੀਤਾ ਦੱਸਿਆ ਜਾਂਦਾ ਹੈ। ਭਾਈ ਕਰਤਾਰ ਸਿੰਘ ਸਰਾਭਾ ਦਾ ਜਨਮ ਪੰਜਾਬ ਵਿੱਚ ਜ਼ਿਲ੍ਹਾ ਲੁਧਿਆਣਾ 'ਚ ਪਿੰਡ ਦੇ ਪਿੰਡ ਸਰਾਭਾ ਦੇ ਬਾਬਾ ਬਚਨ ਸਿੰਘ ਦੇ ਪੁੱਤਰ ਸਰਦਾਰ ਮੰਗਲ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਾਹਿਬ ਕੌਰ ਦੀ ਕੁੱਖੋਂ 24 ਮਈ 1896 ਨੂੰ ਹੋਇਆ। ਗ਼ਦਰ ਲਹਿਰ ਦੇ ਜਰਨੈਲ, ਦਲੇਰ, ਸੂਰਬੀਰ ਅਤੇ ਤੂਫ਼ਾਨਾਂ ਦਾ ਸ਼ਾਹ ਅਸਵਾਰ ਭਾਈ ਕਰਤਾਰ ਸਿੰਘ ਸਿਰਫ਼ ਉੱਨੀ ਕੁ ਵਰਿਆਂ ਦੀ ਉਮਰ ਵਿੱਚ ਜੀਵਨ ਕੁਰਬਾਨ ਕਰ ਗਏ। 16 ਨਵੰਬਰ 1915 ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ ਦੇ ਮਹਾਨ ਯੋਧੇ ਅਤੇ 'ਗਦਰ' ਅਖ਼ਬਾਰ ਦੇ ਸੰਪਾਦਕ ਭਾਈ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਲਾਹੌਰ ਜੇਲ੍ਹ 'ਚ ਫਾਂਸੀ ਚੜ੍ਹਨ ਵਾਲੇ ਸੂਰਮਿਆਂ ਵਿੱਚ, ਅੰਮ੍ਰਿਤਸਰ ਜ਼ਿਲ੍ਹੇ ਦੇ ਸ਼ਹੀਦ ਭਾਈ ਜਗਤ ਸਿੰਘ ਪਿੰਡ ਸੁਰ ਸਿੰਘ, ਸ਼ਹੀਦ ਭਾਈ ਬਖਸ਼ੀਸ਼ ਸਿੰਘ ਪਿੰਡ ਗਿੱਲਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਛੋਟਾ) ਪਿੰਡ ਗਿੱਲ ਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਵੱਡਾ ) ਪਿੰਡ ਗਿੱਲਵਾਲੀ, ਸ਼ਹੀਦ ਭਾਈ ਹਰਨਾਮ ਸਿੰਘ ਪਿੰਡ ਭੱਟੀ ਗੋਰਾਇਆ (ਸਿਆਲਕੋਟ), ਸ਼ਹੀਦ ਭਾਈ ਵਿਸ਼ਨੂੰ ਗਣੇਸ਼ ਪਿੰਗਲੇ ਯਰਵਦਾ(ਮਹਾਰਾਸ਼ਟਰ) ਸੱਤ ਗ਼ਦਰੀ ਯੋਧੇ ਸ਼ਾਮਲ ਸਨ। ਇਨਾਂ ਤੋਂ ਇਲਾਵਾ ਚਾਲੀ ਹੋਰਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਹੋਰ ਲੰਮੀਆਂ ਸਜ਼ਾਵਾਂ ਹੋਈਆਂ ਇਹਨਾਂ ਵਿੱਚ ਬਾਬਾ ਸੋਹਣ ਸਿੰਘ ਭਕਨਾ , ਬਾਬਾ ਨਿਧਾਨ ਸਿੰਘ ਚੁਘਾ, ਬਾਬਾ ਜੁਆਲਾ ਸਿੰਘ ਠੱਠੀਆਂ, ਬਾਬਾ ਵਿਸਾਖਾ ਸਿੰਘ ਦਦੇਹਰ, ਪੰਡਿਤ ਜਗਤ ਰਾਮ ਤੇ ਪਰਮਾਨੰਦ ਜੀ ਸ਼ਾਮਲ ਸਨ।

ਇਤਿਹਾਸ ਦੇ ਪੰਨੇ ਫਰੋਲੀਏ, ਤਾਂ ਪਤਾ ਲੱਗਦਾ ਹੈ ਕਿ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਚੜ੍ਹਦੀ ਜਵਾਨੀ ਵਿੱਚ ਅਮਰੀਕਾ ਪਹੁੰਚੇ। ਇੱਥੇ ਆ ਕੇ ਆਪਣੇ ਸਾਥੀਆਂ ਸਮੇਤ 21 ਅਪ੍ਰੈਲ1913 ਨੂੰ ਗਦਰ ਪਾਰਟੀ ਦੀ ਨੀਂਹ ਰੱਖੀ ਅਤੇ ਪਹਿਲੀ ਨਵੰਬਰ 1913 ਵਿੱਚ ਆਰੰਭ ਹੋਏ ਗ਼ਦਰ ਅਖਬਾਰ ਦੇ ਪੰਜਾਬੀ ਅੰਕ ਦੇ ਮੋਢੀ ਸੰਪਾਦਕ ਬਣੇ। ਇਸੇ ਦੌਰਾਨ ਸੰਨ 1914 ਵਿੱਚ ਦੇਸ ਨੂੰ ਫ਼ਿਰੰਗੀਆਂ ਤੋਂ ਆਜ਼ਾਦ ਕਰਵਾਉਣ ਲਈ ਅਮਰੀਕਾ ਤੋਂ ਪੰਜਾਬ ਨੂੰ ਚਾਲੇ ਪਾ ਦਿੱਤੇ, ਜਿੱਥੇ ਜਾ ਕੇ 16 ਨਵੰਬਰ 1915 ਨੂੰ ਲਾਹੌਰ ਵਿਖੇ ਸ਼ਹੀਦੀ ਜਾਮ ਪੀ ਕੇ ਅਮਰ ਹੋ ਗਏ। ਸ਼ਹੀਦ ਭਾਈ ਸਰਾਭਾ ਦੇ ਸ਼ਹੀਦੀ ਦਿਹਾੜੇ 'ਤੇ ਇਤਿਹਾਸ ਵਿਚਾਰਦਿਆਂ ਇਹ ਵੇਖਣਾ ਬਣਦਾ ਹੈ ਕਿ ਜਿਸ ਉਦੇਸ਼ ਲਈ ਇਨ੍ਹਾਂ ਯੋਧਿਆ ਨੇ ਸ਼ਹੀਦੀਆਂ ਦਿੱਤੀਆਂ, ਕੀ ਉਹ ਉਦੇਸ਼ ਪੂਰਾ ਹੋਇਆ ? ਕੀ ਇਨ੍ਹਾਂ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਏ ? ਸੱਚ ਇਸ ਦੇ ਬਿਲਕੁਲ ਉਲਟ ਹੈ। ਅਸਲ ਨਾਇਕਾਂ ਗਦਰੀ ਸ਼ੇਰਾਂ ਦੀਆਂ ਮਾਰਾਂ 'ਤੇ ਅੱਜ ਦੇ ਖਲਨਾਇਕ ਫਾਸ਼ੀਵਾਦੀ ਗਿੱਦੜ ਕਲੋਲਾਂ ਕਰ ਰਹੇ ਹਨ ਅਤੇ ਇਸ ਦੇ ਖਿਲਾਫ ਅੱਜ ਆਵਾਜ਼ ਬੁਲੰਦ ਕਰਨ ਵਾਲੇ ਮਰਜੀਵੜੇ ਹੀ ਸ਼ਹੀਦ ਸਰਾਭਾ ਅਤੇ ਗਦਰੀ ਬਾਬਿਆਂ ਦੇ ਵਾਰਿਸ ਹਨ।

ਗ਼ਦਰ ਪਾਰਟੀ ਦੇ ਬਹਾਦਰ ਯੋਧਿਆਂ ਦੁਆਰਾ ਕੀਤੇ ਇਨਕਲਾਬ ਦੇ ਪ੍ਰਸੰਗ ਵਿੱਚ ਇਹ ਵਿਚਾਰ-ਵਟਾਂਦਰਾ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਵੀਹਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਪਹਿਲਾ ਵਿਸ਼ਵ ਯੁੱਧ ਛਿੜਨ ਕਾਰਨ ਵੱਡੀ ਗਿਣਤੀ ਵਿੱਚ ਫਿਰੰਗੀ ਸੈਨਾ ਇੰਗਲੈਂਡ ਦੀ ਹਿਫਾਜ਼ਤ ਲਈ ਭੇਜੀ ਗਈ। ਇਹਨਾਂ ਹਾਲਤਾਂ ਨੂੰ ਸੁਨਹਿਰੀ ਮੌਕਾ ਭਾਪਦਿਆਂ ਹੋਇਆਂ ਸੰਨ 1914 ਵਿੱਚ ਗ਼ਦਰ ਪਾਰਟੀ ਦੁਆਰਾ, ਕੈਨੇਡਾ, ਅਮਰੀਕਾ ਸਮੇਤ ਵਿਦੇਸ਼ਾਂ 'ਚ ਬੈਠੇ ਗਦਰੀਆਂ ਨੂੰ ਦੇਸ਼ ਪਰਤਣ ਦਾ ਸੱਦਾ ਦਿੱਤਾ ਗਿਆ। ਵਤਨ ਵਾਪਸੀ ਮਗਰੋਂ ਉੱਤਰੀ ਭਾਰਤ ਦੀਆਂ ਪ੍ਰਮੁੱਖ ਛਾਉਣੀਆਂ ਦੇ ਦੇਸੀ ਫ਼ੌਜੀਆਂ ਅੰਦਰ ਬਗ਼ਾਵਤ ਫ਼ੈਲਾਉਣ ਲਈ 'ਗ਼ਦਰ' ਅਖਬਾਰ ਰਾਹੀਂ ਕ੍ਰਾਂਤੀਕਾਰੀ ਸਾਹਿਤਕ ਵਿਚਾਰਾਂ ਨੂੰ, ਵੱਧ ਤੋਂ ਵੱਧ ਵਰਤੋਂ ਵਿੱਚ ਲਿਆਂਦਾ ਗਿਆ। ਦੇਸ ਭਰ ਦੇ ਗ਼ਦਰੀਆਂ 'ਚ ਬਹੁਗਿਣਤੀ ਸਾਬਕਾ ਸਿੱਖ 'ਫ਼ੌਜੀਆਂ' ਦੀ ਹੋਣ ਕਾਰਨ, ਇਨਕਲਾਬੀਆਂ ਦੀ ਗ਼ਦਰ ਸਫਲਤਾ ਵਾਸਤੇ, ਆਸ ਦਾ ਚਾਨਣ ਵਧੇਰੇ ਫੈਲਿਆ। ਇਹ ਸੱਚ ਹੈ ਕਿ ਗ਼ਦਰ ਲਹਿਰ 'ਚ ਬੇਸ਼ੱਕ ਨੱਬੇ ਫ਼ੀਸਦੀ ਇਨਕਲਾਬੀ ਸਿੱਖ ਸਨ, ਪਰ ਗ਼ਦਰ ਪਾਰਟੀ ਅਤੇ ਗ਼ਦਰ ਲਹਿਰ ਵਿੱਚ ਸਭ ਧਰਮਾਂ ਨੂੰ ਸਮਾਨਤਾ ਦਿੱਤੀ ਗਈ ਸੀ।

ਫਿਰੋਜ਼ਪੁਰ ਛਾਉਣੀ ਵਿੱਚ ਗ਼ਦਰ ਫੈਲਾਉਣ ਲਈ ਜ਼ਿੰਮੇਵਾਰ ਆਗੂਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਭਾਈ ਕਰਤਾਰ ਸਿੰਘ ਸਰਾਭਾ ਦੁਆਰਾ ਸੰਪਰਕ ਕਰਨ ਤੋਂ ਪਹਿਲਾਂ ਹੀ, ਗਦਰ ਮਚਾਉਣ ਦੀ ਸਾਜਿਸ਼ 'ਚ ਸ਼ਾਮਿਲ ਫੌਜੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਗ਼ਦਰੀ ਮੁੱਲਾ ਸਿੰਘ ਮੀਰਾਕੋਟ ਨੂੰ ਕੈਦੀ ਬਣਾ ਲਿਆ ਗਿਆ, ਜੋ ਪੁਲਿਸ ਦਾ ਜ਼ੁਲਮ ਸਹਿਣ ਨਾ ਕਰਦੇ ਹੋਏ ਮਗਰੋਂ ਵਾਅਦਾ- ਮੁਆਫ਼ ਗਵਾਹ ਬਣ ਗਿਆ। ਮੂੱਲਾ ਸਿੰਘ ਵਾਂਗ ਹੀ ਪਾਰਟੀ ਕਾਰਕੁੰਨ ਅਮਰ ਸਿੰਘ ਵੀ ਸਰਕਾਰੀ ਕੁੱਟਮਾਰ ਅੱਗੇ ਝੁਕ ਗਿਆ ਤੇ ਆਪਣੇ ਸਰਗਰਮ ਸਾਥੀਆਂ ਦੇ ਟਿਕਾਣਿਆਂ ਦੇ ਭੇਦ ਖੋਲ ਦਿੱਤੇ। ਪੁਲਿਸ ਨੇ ਪਿੰਡਾਂ ਸ਼ਹਿਰਾਂ ਵਿੱਚ ਬਹੁਤ ਛਾਪੇ ਮਾਰੇ ਤੇ ਤਕਰੀਬਨ ਸਾਰੇ ਗ਼ਦਰੀ ਆਗੂਆਂ ਫੜ ਲਏ। ਦੂਸਰੇ ਪਾਸੇ ਮੁਖ਼ਬਰ ਕਿਰਪਾਲ ਸਿੰਹੁ ਦੁਆਰਾ ਹਕੂਮਤ ਨੂੰ ਗ਼ਦਰ ਦੀ ਸੂਹ ਦੇਣ ਤੇ ਕੌਮ ਨਾਲ ਗੱਦਾਰੀ ਕਰਨ ਦੇ ਇਨਾਮ ਵਜੋਂ ਤੀਹ ਹਜ਼ਾਰ ਰੁਪਏ ਨਕਦ ਤੇ ਪੰਜ ਮੁਰੱਬੇ ਜ਼ਮੀਨ ਮਿਲੀ, ਪਰ ਉਸ ਦੇ ਗੁਨਾਹਾਂ ਤੇ ਪਾਪਾਂ ਦੀ ਸਜ਼ਾ ਸਮਾਂ ਪਾ ਕੇ ਦੇਸ-ਭਗਤਾਂ ਨੇ 1932 ਵਿੱਚ ਉਸ ਨੂੰ ਮੌਤ ਦੇ ਘਾਟ ਉਤਾਰ ਦੇ ਕੇ ਦਿੱਤਾ।

ਫਿਰੰਗੀ ਮੁਖਬਰਾਂ ਦੀ ਸੂਚੀ ਇੱਕ ਹੋਰ ਨਾਂ ਨਵਾਬ ਖਾਂ ਹਲਵਾਰਾ, ਲੁਧਿਆਣਾ ਵੀ ਜ਼ਿਕਰਯੋਗ ਹੈ। ਇਹ ਇਹ ਅਮਰੀਕਾ ਦੇ ਔਰੇਗਨ ਸਟੇਟ ਦੇ ਸ਼ਹਿਰ ਆਸਟੇਰੀਆ 'ਚ ਗ਼ਦਰੀ ਸਰਗਰਮੀਆਂ 'ਚ ਆਗੂ ਰਿਹਾ ਅਤੇ ਮਗਰੋਂ ਲਾਹੌਰ ਕੇਸ ਅਤੇ ਫਿਰ ਅਮਰੀਕਾ ਸਾਜ਼ਿਸ਼ ਕੇਸ ਵਿੱਚ ਸਰਕਾਰੀ ਗਵਾਹ ਬਣਿਆ। ਗਦਰ ਦੇ ਮਨੋਰਥ 'ਤੇ ਉਦੋਂ ਹੀ ਪਾਣੀ ਫਿਰ ਗਿਆ, ਜਦ ਗਦਰ ਮਚਾਉਣ ਦੀ ਤਾਰੀਖ ਤੋਂ ਪਹਿਲਾਂ ਹੀ ਇਤਲਾਹ ਅੰਗਰੇਜ਼ ਸਰਕਾਰ ਨੂੰ ਮੁਖ਼ਬਰਾਂ ਪਾਸੋਂ ਮਿਲ ਗਈ। ਮਾਈਕਲ ਉਡਵਾਇਰ ਆਪਣੇ ਸ਼ਬਦਾਂ ਵਿੱਚ ਲਿਖਦਾ ਹੈ "19 ਫਰਵਰੀ, ਦੇ ਛਾਪੇ ਨੇ ਉਸ ਰਾਤ ਗਦਰ ਕਰਾਉਣ ਦੀ ਵਿਉਂਤ ਨੂੰ ਅਸਫ਼ਲ ਬਣਾ ਦਿੱਤਾ। ਅਸੀਂ ਖ਼ੁਫ਼ੀਆ ਭਾਸ਼ਾ ਵਿੱਚ ਸਿਆਲਕੋਟ ਫ਼ਿਰੋਜ਼ਪੁਰ ਅਤੇ ਰਾਵਲਪਿੰਡੀ ਆਦਿ ਵੱਖ-ਵੱਖ ਛਾਉਣੀਆਂ ਵਿੱਚ ਤਾਰਾਂ ਭੇਜ ਦਿੱਤੀਆਂ ਅਤੇ ਸੈਨਿਕ ਅਫ਼ਸਰਾਂ ਨੇ ਲਾਜ਼ਮੀ ਤੇ ਕਈ ਜਗਾਹ ਜ਼ਰੂਰਤ ਨਾਲੋਂ ਵਧੇਰੇ ਪੇਸ਼ਾਵਰ ਲਈਆਂ ਰਿਪੋਰਟਾਂ ਦੇ ਅਧਾਰ 'ਤੇ ਪੰਜਾਬ ਭਰ ਵਿੱਚ ਕ੍ਰਾਂਤੀਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਵੱਡੇ ਪੱਧਰ 'ਤੇ ਹੋ ਰਹੀਆਂ ਸਨ।"

ਗ਼ਦਰ ਦੀਆਂ ਕੋਸ਼ਿਸ਼ਾਂ ਨੂੰ ਫਿਰੰਗੀ ਭਾਰਤੀ ਸਰਕਾਰ ਨੇ ਅਸਫਲ ਬਣਾ ਦਿੱਤਾ ਸੀ। ਅਜਿਹੀ ਸਥਿਤੀ ਵਿੱਚ ਗ਼ਦਰ ਲਹਿਰ ਦੇ ਕਈ ਆਗੂਆਂ ਨੇ ਵਿਚਾਰ ਕੀਤੀ ਕਿ ਆਪਣੇ ਆਪ ਨੂੰ ਸਰਕਾਰੀ ਪੰਜਿਆਂ ਦੀ ਪਕੜ ਤੋਂ ਬਚਾਇਆ ਜਾਵੇ ਤੇ ਸਮਾਂ ਪਾ ਕੇ ਫਿਰ ਤੋਂ ਦੇਸ਼-ਭਗਤਾਂ ਨੂੰ ਸੰਗਠਿਤ ਕੀਤਾ ਜਾਏ। ਨੌਜਵਾਨ ਕਰਤਾਰ ਸਿੰਘ ਸਰਾਭਾ ਤੇ ਹਰਨਾਮ ਸਿੰਘ ਟੁੰਡੀਲਾਟ ਨੇ ਰਾਸ ਬਿਹਾਰੀ ਬੋਸ ਨੂੰ ਪੁਲਿਸ ਹੱਥੋਂ ਬਚਾਉਣ ਲਈ ਲਾਹੌਰ ਸਟੇਸ਼ਨ ਤੇ ਪਹੁੰਚਾਇਆ, ਜਿੱਥੋਂ ਬੋਸ ਬਨਾਰਸ ਚੱਲਿਆ ਗਿਆ। ਮਗਰੋਂ ਉਹ ਸਰਕਾਰ ਤੋਂ ਬਚਦੇ-ਬਚਾਉਂਦੇ ਜਾਪਾਨ ਪਹੁੰਚ ਗਿਆ, ਜਿੱਥੇ ਕੁੱਝ ਸਮਾਂ ਬਾਅਦ ਬੋਸ ਦੀ ਮੌਤ ਹੋ ਗਈ। ਏਧਰ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਲਾਇਲਪੁਰ ਚਲੇ ਗਏ ਤੇ ਉੱਥੋਂ ਪਠਾਣਾਂ ਦਾ ਭੇਸ ਬਦਲ ਕੇ ਪੇਸ਼ਾਵਰ ਦੇ ਕਬਾਇਲੀ ਇਲਾਕੇ ਵਿੱਚ ਪਹੁੰਚ ਗਏ।




ਪਠਾਣੀ ਭੇਸ ਵਿੱਚ ਪੇਸ਼ਾਵਰ 'ਚ ਭਾਈ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਪੂਰੀ ਤਰਾਂ ਸੁਰੱਖਿਅਤ ਸਨ, ਪਰ ਇੱਕ ਸਮੇਂ ਅਚਾਨਕ ਹੀ ਉਨਾਂ ਗ਼ਦਰ ਦੀ ਗੂੰਜ ਵਿੱਚ ਛਪੀ ਇਨਕਲਾਬੀ ਨਜ਼ਮ 'ਬਣੀ ਸਿਰ ਸ਼ੇਰਾਂ ਕੀ ਜਾਣਾ ਭੱਜ ਕੇ!' ਪੜੀ, ਤਾਂ ਮਨ ਅੰਦਰ ਆਪਣੀਆਂ ਜਾਨਾਂ ਬਚਾ ਕੇ, ਛੁਪਣ 'ਤੇ ਡੂੰਘਾ ਅਫਸੋਸ ਹੋਇਆ। ਨਾਲ ਹੀ ਇਹ ਖ਼ਿਆਲ ਆਇਆ ਕਿ ਜੇਕਰ ਜਾਨ ਹੀ ਬਚਾਉਣੀ ਸੀ, ਤਾਂ ਅਮਰੀਕਾ ਤੋਂ ਸ਼ਹੀਦੀਆਂ ਦੇ ਵਾਅਦੇ ਕਰਕੇ ਆਉਣ ਦੀ ਕੀ ਲੋੜ ਸੀ । ਅਜਿਹੀ ਮਨ ਅੰਤਰ ਦੀ ਪੀੜਾ ਨੂੰ ਪਛਾਣਦਿਆਂ ਇਹ ਇਹ ਮਰਜੀਵੜੇ ਮੁੜ ਮੌਤ ਦੇ ਮੂੰਹ ਵਿੱਚ ਪਰਤਣ ਲਈ ਤਿਆਰ ਹੋਏ ਤੇ ਪੇਸ਼ਾਵਰ ਤੋਂ ਪੰਜਾਬ ਵੱਲ ਚੱਲ ਪਏ। ਤਿੰਨੇ ਸੂਰਮੇ 22 ਵੇਂ ਰਸਾਲੇ ਦੇ ਘੋੜਿਆਂ ਦੇ ਫਾਰਮ ਕੋਲ ਚੱਕ ਨੰਬਰ ਪੰਜ, ਸਰਗੋਧਾ ਪਹੁੰਚੇ, ਜਿੱਥੋਂ ਉਨਾਂ ਹਥਿਆਰ ਲੈ ਕੇ ਆਪਣੇ ਬੰਦੀ ਸਾਥੀਆਂ ਨੂੰ ਛੁਡਾਉਣ ਦੀ ਯੋਜਨਾ ਬਣਾਈ, ਪਰ ਉਨਾਂ ਦੀ ਇਹ ਵਿਉਂਤ ਸਿਰੇ ਨਾ ਚੜ੍ਹੀ, ਕਿਉਂਕਿ ਇੱਕ ਹੋਰ ਗੱਦਾਰ ਗੰਡਾ ਸਿੰਘ ਰਸਾਲਦਾਰ ਨੇ 2 ਮਾਰਚ 1915 ਈਸਵੀ ਨੂੰ ਤਿੰਨੇ ਸੂਰਮਿਆਂ ਨੂੰ ਪੁਲਿਸ ਪਾਸ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਗ਼ਦਰੀ ਇਕੱਠੇ ਕਰਨ ਲਈ ਪੰਜਾਬ ਆ ਰਹੇ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਲੁਧਿਆਣਾ ਜ਼ਿਲਾ ਦੇ ਪਿੰਡ ਕਮਾਲਪੁਰਾ ਕੋਲੋਂ ਫੜ ਲਿਆ ਗਿਆ। ਦੂਜੇ ਪਾਸੇ ਸਾਜ਼ਿਸ਼ ਰਚਣ ਦੇ ਦੋਸ਼ ਅਧੀਨ ਮੀਆਂ ਜਵਾਹਰ ਸਿੰਘ ਨੂੰ ਗ੍ਰਿਫਤਾਰ ਕਰ ਲ਼ਿਆ ਗਿਆ ਤੇ ਕਿਲੇ 'ਚ ਹੀ ਨਜ਼ਰਬੰਦ ਕਰ ਦਿੱਤਾ ਗਿਆ। ਗ਼ਦਰ 1915 ਦੇ ਇਤਿਹਾਸ ਵਿੱਚ ਇਹ ਮੁਕੱਦਮਾ 'ਮੰਡੀ ਸਾਜ਼ਿਸ਼ ਕੇਸ' ਦੇ ਨਾਂ ਵਜੋਂ ਪ੍ਰਸਿੱਧ ਹੈ।

ਗ਼ਦਰ ਲਹਿਰ ਦੇ ਇਨਕਲਾਬੀਆਂ ਨੂੰ ਵੱਡੀ ਗਿਣਤੀ ਵਿੱਚ ਫੜੇ ਜਾਣ ਮਗਰੋਂ ਹਿੰਦ ਰੱਖਿਆ ਕਾਨੂੰਨ (ਡਿਫੈਂਸ ਆਫ਼ ਇੰਡੀਆ ਐਕਟ ) ਦੀਆਂ ਧਾਰਾਵਾਂ ਅਨੁਸਾਰ ਬਹੁਤ ਸਾਰੇ ਮੁਕੱਦਮੇ ਚਲਾਏ ਗਏ। ਇਹਨਾਂ ਕੇਸਾਂ ਦਾ ਮੂਲ ਮੰਤਵ ਇਨਕਲਾਬੀਆਂ ਨੂੰ ਆਜ਼ਾਦੀ ਸੰਗਰਾਮੀਆਂ ਸਾਬਤ ਕਰ ਕੇ ਸਜ਼ਾਵਾਂ ਦੇਣ ਦਾ ਨਹੀਂ, ਬਲਕਿ ਲੁਟੇਰੇ ਤੇ ਕਾਤਲ ਦਰਸਾ ਕੇ ਫਾਂਸੀਆਂ ਦੇਣ ਦਾ ਸੀ। ਜਿਵੇਂ ਅੱਜ ਵੀ ਇੰਡੀਅਨ ਫਾਸ਼ੀਵਾਦੀ ਸਰਕਾਰ ਖ਼ਿਲਾਫ਼ ਦੇਸ਼ ਅੰਦਰ ਅਤੇ ਵਿਦੇਸ਼ ਵਿੱਚ ਲੜਨ ਵਾਲੇ ਯੋਧਿਆਂ ਨੂੰ, ਅੱਤਵਾਦੀ, ਵੱਖਵਾਦੀ ਅਤੇ ਹਤਿਆਰੇ ਆਖ ਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਜਾਦੀਆਂ ਹਨ। ਭਾਈ ਸਰਾਭਾ ਅਤੇ ਹੋਰਨਾਂ ਭਾਈਆਂ ਦੀ ਪੇਸ਼ੀ ਦੌਰਾਨ ਕਚਹਿਰੀ ਵਿੱਚ 'ਮੁਜਰਿਮਾਂ' ਪਾਸੋਂ ਕੋਈ ਅਪੀਲ ਦੀ ਸੰਭਾਵਨਾਵਾਂ ਨਹੀਂ ਸੀ, ਕੇਵਲ ਸਰਕਾਰ ਅੱਗੇ ਹੀ ਰਹਿਮ ਦੀ ਅਪੀਲ ਹੋ ਸਕਦੀ ਸੀ। ਗ਼ਦਰ ਦੇ ਗ਼ਦਰ ਲਹਿਰ ਦੇ ਆਗੂਆਂ 'ਤੇ ਦਾਇਰ ਕੇਸਾਂ ਵਿੱਚ ਸਭ ਤੋਂ ਪਹਿਲਾਂ ਜ਼ਿਕਰ ਲਾਹੌਰ ਸਾਜ਼ਿਸ਼ ਕੇਸ ਦੇ ਪਹਿਲੇ ਮੁਕੱਦਮੇ ਵਜੋਂ ਆਉਂਦਾ ਹੈ। ਇਹ ਮੁਕੱਦਮਾ 26 ਅਪਰੈਲ 1915 ਈਸਵੀ ਨੂੰ ਸੈਂਟਰਲ ਜੇਲ੍ਹ ਲਾਹੌਰ 'ਚ ਸ਼ੁਰੂ ਹੋਇਆ ਅਤੇ 13 ਸਤੰਬਰ 1915 ਈਸਵੀ ਨੂੰ ਬਾਦਸ਼ਾਹ ਬਨਾਮ ਆਨੰਦ ਕਿਸ਼ੋਰ ਤੇ ਹੋਰਨਾਂ ਦੇ ਨਾਂ ਅਧੀਨ ਅੰਕਿਤ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਇਸ ਮੁਕੱਦਮੇ ਵਿੱਚ 64 ਮੁਲਜ਼ਮ ਰੱਖੇ ਗਏ ਸਨ, ਜਿਹੜੀ ਗਿਣਤੀ ਉਸੇ ਵੇਲੇ ਪੂਰੇ ਦੇਸ਼ 'ਚ ਹੋਏ ਕਿਸੇ ਵੀ ਕੇਸ 'ਚ ਸ਼ਾਮਲ ਮੁਲਜ਼ਮਾਂ ਤੋਂ ਵੱਧ ਸੀ।

ਇਸ ਕੇਸ ਵਿੱਚ ਸੱਤ ਗ਼ਦਰੀ ਯੋਧਿਆਂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਭੱਟੀ ਗੁਰਾਇਆ, ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ ਗਿੱਲਵਾਲੀ, ਵਿਸ਼ਨੂੰ ਗਣੇਸ਼ ਪਿੰਗਲੇ ਪੂਨਾ, ਸੁਰੈਣ ਸਿੰਘ ਗਿਲਵਾਲੀ ਤੇ ਇੱਕ ਹੋਰ ਯੋਧੇ ਸੁਰੈਣ ਸਿੰਘ ਨੂੰ 16 ਨਵੰਬਰ 1915 ਈਸਵੀ ਨੂੰ ਫਾਂਸੀ ਦਿੱਤੀ ਗਈ। ਇਸ ਤੋਂ ਇਲਾਵਾ ਚਾਲੀ ਹੋਰਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਹੋਰ ਲੰਮੀਆਂ ਸਜ਼ਾਵਾਂ ਸੁਣਾਈਆਂ ਗਈਆਂ। 'ਵਤਨ ਵਾਸੀਓ ਰੱਖਣਾ ਯਾਦ ਸਾਨੂੰ' ਸ਼ਹੀਦ ਸਰਾਭੇ ਦੀ ਮਸ਼ਹੂਰ ਕਵਿਤਾ ਹੈ, (ਗਦਰੀਆਂ ਦੀ ਸਾਂਝੀ ਕਵਿਤਾ) ਜੋ ਪਾਠ ਪੁਸਤਕਾਂ 'ਚ ਵੀ ਪੜ੍ਹਾਈ ਜਾਂਦੀ ਹੈ, ਬੜੀ ਕਮਾਲ ਦੀ ਰਚਨਾ ਹੈ, ਜੋ ਇਨ੍ਹਾਂ ਗ਼ਦਰੀ ਯੋਧਿਆਂ ਨੇ ਫਾਂਸੀ ਦੇ ਰੱਸੇ ਚੁੰਮਣ ਤੋਂ ਕੁਝ ਦਿਨ ਪਹਿਲਾਂ ਸਾਂਝੇ ਤੌਰ 'ਤੇ ਤਿਆਰ ਕੀਤੀ ਸੀ ਅਤੇ ਮਿਲ ਕੇ ਗਾਇਨ ਕਰਦੇ ਸਨ। ਇਸ ਦੇ ਕੁਝ ਬੰਦ ਕੱਟ ਦਿੱਤੇ ਗਏ ਸਨ, ਪਰ ਕਿਰਤੀ ਅਖ਼ਬਾਰ ਦੇ ਅਗਸਤ- ਸਤੰਬਰ 1926 ਦੇ ਅੰਕ ਵਿੱਚ ਅਤੇ ਭਾਈ ਮੋਹਨ ਸਿੰਘ ਵੈਦ ਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪਏ ਕਿਰਤੀ ਦੇ ਅੰਕ ਇਤਿਹਾਸਕਾਰ ਰਾਜਵਿੰਦਰ ਸਿੰਘ ਰਾਹੀ ਦੀ ਮਦਦ ਨਾਲ, ਸਿੱਖ ਚਿੰਤਕ ਅਜਮੇਰ ਸਿੰਘ ਨੇ ਹਾਸਲ ਕਰਕੇ ਆਪਣੀ ਕਿਤਾਬ 'ਤੂਫ਼ਾਨਾਂ ਦਾ ਸ਼ਾਹ ਅਸਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ' ਵਿੱਚ ਪੰਨਾ 340 'ਤੇ ਸ਼ਾਮਿਲ ਕੀਤੇ ਹਨ, ਜੋ ਕਿ ਮਨ ਨੂੰ ਹਲੂਣਾ ਦੇਣ ਵਾਲੇ ਹਨ। ਇਨ੍ਹਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਬਾਕੀ ਸਾਰੇ ਯੋਧੇ ਸਿੱਖੀ ਦੀ ਮਹਾਨ ਵਿਰਾਸਤ, ਇਤਿਹਾਸ ਅਤੇ ਸ਼ਹਾਦਤਾਂ ਤੋਂ ਸੇਧ ਲੈਂਦੇ ਪ੍ਰਤੀਤ ਹੁੰਦੇ ਹਨ :

ਸਦਾ ਜੀਵਣਾ ਨਹੀਂ ਜਹਾਨ ਅੰਦਰ
ਖਿਲੀ ਰਹੇਗੀ ਸਦਾ ਗੁਲਜ਼ਾਰ ਨਾਹੀ
ਸਦਾ ਕੂੜ ਦੀ ਰਹੇ ਨਾਂ ਜ਼ਾਰਸ਼ਾਹੀ
ਸਦਾ ਜਾਬਰਾ ਹੱਥ ਤਲਵਾਰ ਨਾਹੀ
ਰੰਗ ਬਦਲਦੀ ਰਹੇਗੀ ਸਦਾ ਕੁਦਰਤ
ਬਣਦਾ ਵਖਤ ਕਿਸੇ ਦਾ ਯਾਰ ਨਾਹੀ
ਹੋਸੀ ਧਰਮ ਦੀ ਜਿੱਤ ਅਖੀਰ ਬੰਦੇ
ਬੇੜੀ ਪਾਪ ਦੀ ਲੱਗਣੀ ਪਾਰ ਨਾਹੀ
ਸਾਡੇ ਵੀਰਨੋ ਤੁਸਾਂ ਨੇ ਖੁਸ਼ ਰਹਿਣਾ
ਅਸੀ ਆਪਣੀ ਆਪ ਨਿਭਾ ਦਿਆਂਗੇ
ਦੁੱਖ ਝੱਲਾਂਗੇ ਹੱਸਕੇ ਵਾਂਗ ਮਰਦਾਂ
ਨਾਲ ਖ਼ੁਸ਼ੀ ਦੇ ਸੀਸ ਲਹਾ ਦਿਆਂਗੇ
ਖ਼ਾਤਰ ਧਰਮ ਦੀ ਜਿੰਦ ਕੁਰਬਾਨ ਕਰਕੇ
ਜੜ੍ਹ ਜ਼ੁਲਮ ਦੀ ਪੁੱਟ ਦਿਖਾ ਦਿਆਂਗੇ
ਥੋੜੇ ਦਿਨਾਂ ਤਾਂਈ ਬੇੜਾ ਪਾਰ ਹੋਸੀ
ਸਰੋਂ ਹੱਥ ਤੇ ਅਸੀ ਜਮਾਂ ਦਿਆਂਗੇ

ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਹੋਰਨਾਂ ਭਾਈਆਂ ਦੇ ਸ਼ਹੀਦੀ ਦਿਨ 'ਤੇ ਪ੍ਰਣ ਕਰਨਾ ਚਾਹੀਦਾ ਹੈ ਕਿ ਭਾਰਤ ਅੰਦਰ ਫਾਸ਼ੀਵਾਦੀ ਤਾਕਤਾਂ ਦਾ ਮੂੰਹ ਭੰਨਿਆ ਜਾਏ ਅਤੇ ਹੱਕਾਂ ਲਈ ਗਦਰੀ ਬਾਬਿਆਂ ਦੀ ਧਰਤੀ ਤੋਂ ਇੱਕ ਵਾਰ ਫਿਰ ਜੂਝ ਰਹੇ ਮਰਜੀਵੜਿਆ ਨਾਲ, ਮੋਢੇ ਨਾਲ ਮੋਢਾ ਜੋੜ ਕੇ, ਸੰਘਰਸ਼ ਜਾਰੀ ਰੱਖਿਆ ਜਾਏ। ਕੌਮਾਂਤਰੀ ਪੱਧਰ 'ਤੇ ਅੱਜ ਗ਼ਦਰੀ ਯੋਧਿਆਂ ਦੇ ਸਿਧਾਂਤਾਂ 'ਤੇ ਡਟ ਕੇ ਪਹਿਰਾ ਦਿੱਤਾ ਜਾਏ। ਤਦ ਹੀ ਇਹ ਸ਼ਹੀਦੀ ਦਿਨ ਮਨਾਉਣੇ ਸਾਰਥਕ ਹੋ ਸਕਦੇ ਹਨ, ਨਹੀਂ ਤਾਂ ਇਹ ਸਿਰਫ ਰਸਮਾਂ ਹੀ ਹਨ, ਇਸ ਤੋਂ ਵੱਧ ਕੁਝ ਨਹੀਂ। ਆਓ ! ਇਸ ਮਕਸਦ ਲਈ ਸਾਰੇ ਇਕਮੁੱਠ ਹੋ ਕੇ ਯਤਨ ਕਰੀਏ ਅਤੇ ਇਨ੍ਹਾ ਯੋਧਿਆਂ ਦੀਆਂ ਸ਼ਹਾਦਤਾਂ ਨੂੰ ਚੇਤੇ ਕਰੀਏ!

ਸ਼ਹੀਦੀ ਦਿਵਸ 'ਤੇ ਵਿਸ਼ੇਸ਼ ਲੇਖ

# ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਦਾਰਸ਼ਨਿਕ ਆਧਾਰ



ਮਨਮੋਹਨ

ਗੁਰੂ ਤੇਗ਼ ਬਹਾਦਰ ਜੀ ਨੇ 11 ਨਵੰਬਰ 1675 ਵਿੱਚ ਧਰਮ ਦੀ ਰੱਖਿਆ ਹੇਠ ਸ਼ਹਾਦਤ ਦਿੱਤੀ। ਇਹ ਕੋਈ ਸਾਧਾਰਨ ਘਟਨਾ ਨਹੀਂ ਸੀ। ਸੰਸਾਰ ਦੇ ਇਤਿਹਾਸ ਵਿੱਚ ਅਜਿਹੀ ਅਦੁੱਤੀ ਸ਼ਹਾਦਤ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸੇ ਲਈ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਿਹਾ ਗਿਆ। ਦਸਮ ਗ੍ਰੰਥ 'ਚ 'ਬਚਿੱਤਰ ਨਾਟਕ' 'ਚ ਆਤਮ ਕਥਾ ਭਾਗ ਦੇ 'ਪਾਤਸਾਹੀ ਬਰਨਨੰ' ਨਾਮੀ ਪੰਚਮ ਅਧਿਆਇ ਦੀਆਂ ਅੰਤਿਮ 13 ਪੰਕਤੀਆਂ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਵਰਣਨ ਕੀਤਾ ਗਿਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸ ਦੀਯਾ ਪਰ ਸੀ ਨ ਉਚਰੀ ॥੧੩॥
ਧਰਮ ਹੇਠ ਸਾਕਾ ਜਿਨਿ ਕੀਆ।
ਸੀਸੁ ਦੀਆ ਪਰ ਸਿਰੁਰ ਨਾ ਦੀਯਾ।
ਨਾਟਕ ਚੇਟਕ ਕੀਏ ਕੁਜਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਇਸ ਸ਼ਹਾਦਤ ਦਾ ਕਾਰਨ ਗੁਰੂ ਤੇਗ਼ ਬਹਾਦਰ ਵੱਲੋਂ ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਸੁਤੰਤਰਤਾ ਦੀ ਰੱਖਿਆ ਵਾਸਤੇ ਪ੍ਰਾਣ ਦੇਣ ਹਿੱਤ ਦਿੱਤਾ ਵਿਸ਼ਵਾਸ ਸੀ। ਇਸੇ ਲਈ ਸ਼ਹਾਦਤ ਨਾਲ ਤਿਲਕ ਜਨੇਊ ਪਹਿਨਣ ਦੀ ਆਜ਼ਾਦੀ ਦਾ ਵਰਣਨ ਹੈ। ਇਹ ਗਾਥਾ ਸੀਮਤ ਸਮੇਂ ਵਿੱਚ ਨਹੀਂ ਸਗੋਂ ਕਲਿ ਰੂਪ 'ਚ ਇੱਕ ਪੂਰੇ ਜੁਗ ਵਿੱਚ ਸ਼ਹਾਦਤ ਦੀ ਉੱਤਮ ਗਾਥਾ ਹੈ। ਹਰ ਵਿਅਕਤੀ ਦੇ ਧਾਰਮਿਕ ਵਿਸ਼ਵਾਸਾਂ ਅਤੇ ਅਕੀਦਿਆਂ ਦੀ ਆਜ਼ਾਦੀ ਦਾ ਵਿਧਾਨ ਸਿਰਜਿਆ ਗਿਆ ਹੈ। ਮਾਨਵੀ ਇਤਿਹਾਸ ਵਿੱਚ ਉਸ ਵਿਧਾਨ ਦੀ ਰੱਖਿਆ ਨੌਵੇਂ ਗੁਰੂ ਨੇ ਕੀਤੀ ਹੈ। ਇਸ ਸ਼ਹਾਦਤ ਵਿੱਚ ਕਿਸੇ ਵਿਸ਼ੇਸ਼ ਫ਼ਿਰਕੇ ਦੇ ਧਾਰਮਿਕ ਚਿੰਨ੍ਹਾਂ ਦੀ ਰੱਖਿਆ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਸੁਤੰਤਰ ਧਾਰਮਿਕ ਵਿਸ਼ਵਾਸਾਂ ਦੀ ਪ੍ਰਤੀਪਾਲਣਾ ਅਤੇ ਰੱਖਿਆ ਹੈ। ਇਸ ਲਾਸਾਨੀ ਸ਼ਹਾਦਤ ਦੇ ਘਟਨਾਕ੍ਰਮ ਦਾ ਵਰਣਨ 'ਬਚਿੱਤਰ ਨਾਟਕ' 'ਚ ਅੱਗੇ ਇੰਞ ਹੈ:

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥੧੫॥
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥

'ਬਚਿੱਤਰ ਨਾਟਕ' ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਸੁਤੰਤਰਤਾ ਲਈ ਸਿਰ ਤਾਂ ਦਿੱਤਾ ਪਰ ਸਿਦਕ ਨਹੀਂ ਛੱਡਿਆ। ਉਨ੍ਹਾਂ ਦਾ ਸਿਰਰੁ ਪੱਕਾ ਸੀ। 'ਸਿਰਰੁ' ਅਤੇ 'ਸਿਰੜ' 'ਚ ਵੀ ਚਿਹਨਕੀ ਅੰਤਰ ਹੈ। ਸਿਰਰੁ (ਕਲਬ, ਰੂਹ, ਸਿਰਰੁ ਅਤੇ ਖ਼ਫ਼ੀ) ਸੂਫ਼ੀਆਂ ਦੀ ਉਹ ਅਧਿਆਤਮਕ ਅਵਸਥਾ ਹੈ ਜਿੱਥੇ ਪਾਰਗਾਮੀ ਰੂਪ 'ਚ ਸਭ ਨਿਹੋਂਦ ਹੈ। ਸਿਰੜ ਇੱਕ ਤਰ੍ਹਾਂ ਦੀ ਭੌਤਿਕ ਅਵਸਥਾ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਮਾਨਵਤਾ ਦੇ ਜਨਮ ਸਿੱਧ ਧਾਰਮਿਕ ਅਧਿਕਾਰ ਦੀ ਸੁਰੱਖਿਆ ਹਿੱਤ ਸਰੀਰ ਦਾ ਭਾਂਡਾ (ਠੀਕਰ) ਦਿਲੀਸ (ਦਿੱਲੀ ਦੇ ਸਾਸ਼ਕ) ਭਾਵ ਔਰੰਗਜ਼ੇਬ ਦੇ ਸਿਰ ਭੰਨਿਆ। ਕਾਰਨ ਇਹ ਸੀ ਕਿ ਗੁਰੂ ਤੇਗ਼ ਬਹਾਦਰ ਜੀ ਵਿਭਿੰਨ ਧਾਰਮਿਕ ਮਾਨਤਾਵਾਂ ਅਤੇ ਭਾਵਨਾਵਾਂ ਨੂੰ ਇਕਸਮਾਨ ਮੰਨਦੇ ਸਨ ਜਦੋਂਕਿ ਤਤਕਾਲੀ ਸੱਤਾ ਸਾਰੇ ਧਾਰਮਿਕ ਵਿਚਾਰਾਂ ਨੂੰ ਇਕਸਾਰ ਕਰਨਾ ਚਾਹੁੰਦੀ ਸੀ। ਗੁਰੂ ਜੀ ਨੇ ਦਿੱਲੀ ਦੀ ਸੱਤਾ ਦੀ ਸੌੜੀ ਦ੍ਰਿਸ਼ਟੀ ਵਿਰੁੱਧ ਦੂਜੇ ਧਰਮ ਦੇ ਅਨੁਯਾਈਆਂ ਦੀਆਂ ਧਾਰਮਿਕ ਮਾਨਤਾਵਾਂ ਨੂੰ ਬਚਾਉਣ ਹਿੱਤ ਸ਼ਹਾਦਤ ਦੇ ਦਿੱਤੀ। ਅਜਿਹੀ ਸ਼ਹੀਦੀ ਦਾ ਕਾਰਜ ਮਾਨਵੀ ਇਤਿਹਾਸ 'ਚ ਪਹਿਲੀ ਵਾਰ ਹੋਇਆ।

'ਸ਼ਹਾਦਤ' ਦਾ ਸਿੱਖੀ ਸੰਕਲਪ ਬਾਕੀ ਧਰਮਾਂ ਤੋਂ ਭਿੰਨ ਅਤੇ ਵਿਲੱਖਣ ਚਿਹਨਕਤਾ ਦਾ ਧਾਰਨੀ ਹੈ। ਸ਼ਹਾਦਤ ਦੇ ਸਿੱਖੀ ਸੰਕਲਪ 'ਚ 'ਰੱਬ ਦੇ ਸੱਚ ਦੀ ਸ਼ਹਾਦਤ' ਦੀ ਪ੍ਰਬੁੱਧਤਾ ਹੈ। ਇਸ ਸ਼ਹਾਦਤ 'ਚ ਕਿਸੇ ਨਾਲ ਇੱਥੋਂ ਤੱਕ ਕਿ ਹਕੂਮਤ ਜਾਂ ਕਾਤਲ ਨਾਲ ਵੀ ਕੋਈ ਗਿਲਾ ਸ਼ਿਕਵਾ, ਕੋਈ ਲੜਾਈ ਨਹੀਂ। ਸਵੈ ਪੂਰੀ ਤਰ੍ਹਾਂ ਮਿਟ ਜਾਂਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਬਾਰੇ ਸਿੱਖ ਇਤਿਹਾਸਕਾਰ ਦੌਲਤ ਰਾਏ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' 'ਚ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਸ਼ਹਾਦਤ ਦੇ ਕੇ 'ਉਲਟੀ ਗੰਗਾ ਵਹਾਅ ਦਿੱਤੀ'। ਇਸ ਦਾ ਭਾਵ ਹੈ ਕਿ ਅੱਜ ਤੱਕ ਇਤਿਹਾਸ 'ਚ ਕਾਤਲ ਮਕਤੂਲ ਕੋਲ ਜਾ ਕੇ ਉਸ ਨੂੰ ਕਤਲ ਕਰਦਾ ਰਿਹਾ ਹੈ, ਪਰ ਗੁਰੂ ਸਾਹਿਬ ਆਪ ਦਿੱਲੀ ਨੂੰ ਚੱਲ ਕੇ ਸ਼ਹਾਦਤ ਦੇਣ ਗਏ (ਠੀਕਰ ਫੋਰਿ ਦਿਲੀਸ ਸਿਰਿ)। ਕਸ਼ਮੀਰ ਦਾ ਹਾਕਮ ਇਫ਼ਤਿਖ਼ਾਰ ਖ਼ਾਂ ਕਸ਼ਮੀਰੀ ਪੰਡਿਤਾਂ 'ਤੇ ਜ਼ੁਲਮੋ ਸਿਤਮ ਦਾ ਕਹਿਰ ਢਾਅ ਰਿਹਾ ਸੀ ਤਾਂ ਕਿ ਕਸ਼ਮੀਰੀ ਪੰਡਿਤ ਧਰਮ ਬਦਲ ਲੈਣ। ਪੰਡਿਤ ਕਿਰਪਾ ਰਾਮ ਜੋ ਗੁਰੂ ਤੇਗ਼ ਬਹਾਦਰ ਦੀ ਕੋਲ ਬੇਨਤੀ ਲੈ ਕੇ ਆਇਆ, ਦਰਅਸਲ ਉਹ ਪੰਡਿਤ ਬ੍ਰਹਮ ਦਾਸ ਦਾ ਪੜਪੋਤਾ ਸੀ। ਇਹ ਪੰਡਿਤ ਬ੍ਰਹਮ ਦਾਸ ਹੀ ਕਸ਼ਮੀਰ ਵਿਖੇ ਮਟਨ ਦੇ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਵੀ ਦਾ ਸ਼ਿਸ਼ ਬਣਿਆ ਜਦੋਂ ਗੁਰੂ ਸਾਹਿਬ ਨੇ ਉੱਤਰ ਦਿਸ਼ਾ ਵੱਲ ਤੀਜੀ ਉਦਾਸੀ ਕੀਤੀ। ਇਸੇ ਪੰਡਿਤ ਕਿਰਪਾ ਰਾਮ ਨੇ ਬਾਅਦ 'ਚ ਗੁਰੂ ਗੋਬਿੰਦ ਸਿੰਘ ਸਮੇਂ ਚਮਕੌਰ ਦੀ ਗੜ੍ਹੀ 'ਚ ਸ਼ਹੀਦੀ ਪ੍ਰਾਪਤ ਕੀਤੀ। ਇਸ ਤਰ੍ਹਾਂ ਸ਼ਹੀਦੀਆਂ ਦਾ ਇਤਿਹਾਸ ਸਿੱਖੀ 'ਚ ਪੀੜ੍ਹੀ ਦਰ ਪੀੜ੍ਹੀ ਵਿਕਸਤ ਹੁੰਦਾ ਗਿਆ। ਪੰਡਿਤ ਕਿਰਪਾ ਰਾਮ ਦੀ ਗੁਰੂ ਤੇਗ਼ ਬਹਾਦਰ ਕੋਲ ਫ਼ਰਿਆਦ ਦਰਅਸਲ ਸੰਪੂਰਨ ਮਾਨਵਤਾ ਦੀ ਬੇਨਤੀ ਸੀ। ਇਸ ਦਾ ਕਾਰਨ ਵੇਲੇ ਦੀ ਸੱਤਾ ਵੱਲੋਂ ਮਿਲ ਰਿਹਾ ਸਮਾਜਿਕ ਬਹੁਲਤਾਵਾਦ ਅਤੇ ਬਹੁਰੰਗਤਾ ਨੂੰ ਖ਼ਤਰਾ ਤਾਂ ਸੀ ਹੀ ਸਗੋਂ ਇਸ ਨਾਲ ਸਮਾਜਿਕ ਸਦਭਾਵਨਾ, ਸਹਿਣਸ਼ੀਲਤਾ ਅਤੇ ਸ਼ਾਂਤੀ ਵੀ ਭੰਗ ਹੋ ਰਹੀ ਸੀ। ਇਸ ਬਹੁਲਤਾਵਾਦ ਬਾਰੇ ਕਿਸੇ ਸ਼ਾਇਰ ਨੇ ਬਹੁਤ ਖ਼ੂਬ ਕਿਹਾ ਹੈ:

ਚਮਨ ਮੇਂ ਇਖ਼ਤਿਲਾਤ-ਏ-ਰੰਗ-ਓ-ਬੂ ਸੇ ਬਾਤ ਬਨਤੀ ਹੈ
ਹਮੀਂ ਹਮ ਹੈਂ ਤੋ ਕਿਆ ਹਮ ਹੈਂ ਤੁਮਹੀ ਤੁਮ ਹੋ ਤੋ ਕਯਾ ਤੁਮ ਹੋ।

ਭਾਰਤੀ ਸਮਾਜ ਦੇ ਚਮਨ ਭਾਵ ਬਾਗ਼ ਦੀ ਬਹੁਰੰਗਤਾ ਨੂੰ ਬਚਾਉਣ ਹਿੱਤ ਪੰਡਿਤ ਕਿਰਪਾ ਰਾਮ ਦਾ ਕਸ਼ਮੀਰੀ ਪੰਡਿਤਾਂ ਨੂੰ ਗੁਰੂ ਸਾਹਿਬ ਕੋਲ ਲੈ ਕੇ ਆਉਣ ਦਾ ਚਿਹਨਕੀ ਅਰਥ ਮਾਨਵ ਧਰਮ ਦੀ ਰੱਖਿਆ ਹਿੱਤ ਬੇਨਤੀ ਹੀ ਸੀ। ਸਿੱਖ ਇਤਿਹਾਸ 'ਚ ਇਹ ਸੰਯੋਗ ਹੀ ਹੈ ਕਿ ਜਨੇਊ ਵਿਰੁੱਧ ਕਿਸੇ ਵੇਲੇ ਗੁਰੂ ਨਾਨਕ ਨੇ ਰੋਸ ਪ੍ਰਗਟ ਕੀਤਾ, ਓਥੇ ਜਨੇਊ ਦੀ ਰੱਖਿਆ ਹਿੱਤ ਗੁਰੂ ਤੇਗ਼ ਬਹਾਦਰ ਜੀ ਸੀਸ ਭੇਟ ਕਰ ਸ਼ਹਾਦਤ ਪ੍ਰਾਪਤ ਕਰਦੇ ਹਨ।

ਸਿੱਖ ਧਰਮ 'ਚ ਸ਼ਹਾਦਤ ਦੇ ਸੰਕਲਪ ਦਾ ਵੀ ਇਕ ਅਭਿਆਸ ਅਤੇ ਵਿਗਾਸ ਦਿਖਾਈ ਦਿੰਦਾ ਹੈ। ਵਿਚਾਰ ਜਾਂ ਆਦਰਸ਼ ਰੂਪ 'ਚ ਇਹ ਸ਼ਬਦ ਬਾਣੀ 'ਚ ਗੁਰੂਆਂ ਦੇ ਪੀੜ੍ਹੀ ਵਿਕਾਸ ਨਾਲ ਵਿਗਸਦਾ ਹੈ। ਗੁਰੂ ਨਾਨਕ ਦੇਵ ਜੀ ਇਸ ਨੂੰ ਆਪਣੇ ਢੰਗ ਨਾਲ ਕਹਿੰਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਗਤ ਕਬੀਰ ਇਸ ਨੂੰ ਆਪਣੇ ਅੰਦਾਜ਼ 'ਚ ਬਿਆਨ ਕਰਦੇ ਹਨ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

ਗੁਰੂ ਅਰਜਨ ਦੇਵ ਜੀ ਇਸ ਸੰਕਲਪ ਨੂੰ ਆਪਣੇ ਸ਼ਬਦਾਂ 'ਚ ਇਉਂ ਪ੍ਰਗਟਾਉਂਦੇ ਹਨ:

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥

ਗੁਰੂ ਅਰਜਨ ਦੇਵ ਜੀ ਭਾਰਤ ਦੀ ਸਮਾਜਿਕ ਅਨੇਕਤਾ ਅਤੇ ਵਿਭਿੰਨਤਾ ਵੱਲ ਆਪਣੇ ਸ਼ਬਦ 'ਚ ਸੰਕੇਤ ਕਰਦੇ ਹਨ। ਭਾਵੇਂ ਇਹ ਸਮਾਜਿਕ ਪ੍ਰਾਣੀਆਂ ਦੇ ਬਾਹਰੀ ਭੇਦਾਂ ਅਤੇ ਸਰੂਪਾਂ ਬਾਰੇ ਹੈ ਅਤੇ ਅਸਲ ਭੇਦ ਹੁਕਮੁ ਨੂੰ ਪਛਾਣਨ 'ਚ ਹੈ, ਪਰ ਜੇਕਰ ਇਸ ਨੂੰ ਚਿਹਨਾਤਮਕਤਾ ਦੇ ਪੱਧਰ 'ਤੇ ਹੀ ਪ੍ਰਤੱਖਿਆ ਜਾਵੇ ਤਾਂ ਇਹ ਸਮਾਜ ਦੀ ਪ੍ਰਤੱਖ ਵਿਭਿੰਨਤਾ ਅਤੇ ਅਨੇਕਤਾ ਵੱਲ ਵੀ ਇਸ਼ਾਰਾ ਹੈ ਜਿਸ ਨੂੰ ਗੁਰੂ ਤੇਗ਼ ਬਹਾਦਰ ਦੇ ਸਮਕਾਲ 'ਚ ਸੱਤਾ ਆਪਣੇ ਢੰਗ ਨਾਲ ਇਕੋ ਰੰਗ ਰੂਪ 'ਚ ਬੰਨ੍ਹ ਕੇ ਇਕਸਾਰਤਾ ਤੇ ਇਕਰੂਪਤਾ ਦੇਣੀ ਚਾਹੁੰਦੀ ਸੀ। ਇਸ ਦਾ ਮਕਸਦ ਹਿੰਦੋਸਤਾਨ ਦੀ ਸਮਾਜਿਕ ਅਨੇਕਤਾ ਮਿਟਾਉਣਾ ਸੀ ਜਿਸ ਨੂੰ ਅਜੋਕੀ ਰਾਜਨੀਤੀ ਦੀ ਭਾਸ਼ਾ 'ਚ ਨਸਲਮੁਖੀ ਸਫ਼ਾਈ ਕਹਿੰਦੇ ਹਨ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥

ਇਸ ਸਮਾਜਿਕ, ਰਾਜਨੀਤਕ ਅਤੇ ਇਤਿਹਾਸਕ ਪ੍ਰਸੰਗ 'ਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਹਿੰਦੋਸਤਾਨੀ ਸੱਭਿਆਚਾਰਕ ਸਮਾਜਿਕ ਪਰੰਪਰਾ ਦੀ ਬਹੁਰੂਪਤਾ, ਅਨੇਕਤਾ ਅਤੇ ਬਹੁਲਤਾਵਾਦ ਨੂੰ ਸਮਕਾਲੀ ਰਾਜ ਸੱਤਾ ਵੱਲੋਂ ਇਕਸਾਰਤਾ 'ਚ ਪਰਿਵਰਤਤ ਕਰਨ ਖ਼ਿਲਾਫ਼ ਇੱਕ ਵੱਡਾ ਵਿਚਾਰਧਾਰਕ ਵਿਕਲਪ ਸਿਰਜਣ ਦਾ ਯਤਨ ਸੀ। ਇਸ ਪ੍ਰਸੰਗ 'ਚ ਫਰਾਂਸਿਸੀ ਦਾਰਸ਼ਨਿਕ ਵਾਲਤੇਅਰ ਆਪਣੇ ਵਿਚਾਰਾਂ 'ਤੇ ਪਹਿਰਾ ਦੇਣ ਦੇ ਸਬੰਧ 'ਚ ਕਹਿੰਦਾ ਹੈ: 'ਤੁਸੀਂ ਜੋ ਕਹਿ ਰਹੇ ਹੋ ਉਸ ਨਾਲ ਮੈਂ ਸਹਿਮਤ ਨਹੀਂ। ਜੋ ਮੈਂ ਕਹਿ ਰਿਹਾ ਹਾਂ ਉਸ 'ਤੇ ਮੈਂ ਮਰਦੇ ਦਮ ਤੱਕ ਖੜ੍ਹਾ ਰਹਾਂਗਾ।'

ਜੇ ਗੁਰੂ ਤੇਗ਼ ਬਹਾਦਰ ਆਪਣੀ ਸ਼ਹਾਦਤ ਨਾ ਦਿੰਦੇ ਤਾਂ ਸਾਰਾ ਹਿੰਦੋਸਤਾਨ ਹੀ ਇੱਕ ਰੰਗ ਦਾ ਹੋ ਜਾਣਾ ਸੀ। ਗੁਰੂ ਸਾਹਿਬ ਦੀ ਸ਼ਹਾਦਤ ਨੇ ਦੂਜੇ/ਹੋਰ ਦੀ ਪਹਿਚਾਣ ਨੂੰ ਸੁਰੱਖਿਅਤ ਅਤੇ ਇਸ ਦਾ ਸਨਮਾਨ ਕਰਨ ਦਾ ਸੰਦੇਸ਼ ਦਿੱਤਾ। ਸੰਸਕ੍ਰਿਤ 'ਚ ਇਸ ਨੂੰ 'ਨ ਤਤੋ ਵਿਜੁਗਪਤਸੇ' ਕਿਹਾ ਗਿਆ ਹੈ ਭਾਵ 'ਜੋ ਦੂਜਿਆਂ ਨੂੰ ਆਪਣੀ ਤਰ੍ਹਾਂ ਜਾਣਦਾ ਹੈ ਉਸ ਦਾ ਪ੍ਰਕਾਸ਼ ਹੁੰਦਾ ਹੈ।

ਮਨੁੱਖੀ ਜੀਵਨ 'ਚ ਸ਼ਹਾਦਤ ਦਾ ਰਾਹ ਅਪਨਾਉਣ ਲਈ ਪ੍ਰਕਾਸ਼ਿਤ ਮਨ ਬੜੀ ਵੱਡੀ ਭੂਮਿਕਾ ਨਿਭਾਉਂਦਾ ਹੈ। ਮਨ ਦੀ ਥਾਹ ਪਾਉਣ ਲਈ ਬ੍ਰਹਮ ਤੇ ਧਰਮ ਦੇ ਸੰਕਲਪ ਦਾ ਭਾਰਤੀ ਗਿਆਨ ਪਰੰਪਰਾ 'ਚ ਭਰਵਾਂ ਮਨਨ ਅਤੇ ਮੰਥਨ ਹੈ। ਇਸ ਦਾ ਕਾਰਨ ਭਾਰਤੀ ਸਭਿਅਤਾ ਦੀ ਵਿਸਤ੍ਰਿਤ ਗਿਆਨ ਪਰੰਪਰਾ ਹੈ, ਕਹਿਣ ਦਾ ਭਾਵ ਹੈ ਕਿ ਗਿਆਨ ਹੀ ਮੁਕਤੀ ਮਾਰਗ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਜੀਵਨ ਦਰਸ਼ਨ, ਵਿਚਾਰਧਾਰਕ ਫ਼ਲਸਫ਼ੇ ਅਤੇ ਵਿਵਹਾਰਕ ਜੀਵਨ 'ਚ ਉਨ੍ਹਾਂ ਵਿਚਾਰਾਂ ਦੀ ਰੱਖਿਆ 'ਚ ਆਪਣੀ ਸ਼ਹਾਦਤ ਨਾਲ ਇਹ ਸਥਾਪਿਤ ਕੀਤਾ ਹੈ ਕਿ 'ਧਰਮ ਹੇਤੁ' ਸਾਧਿਆ ਮਨ ਹੀ ਸੰਤੁਲਿਤ ਜੀਵਨ ਦਾ ਆਧਾਰ ਬਣਦਾ ਹੈ ਜੋ ਮੌਤ ਜਿਹੀ ਚੁਣੌਤੀ ਸਨਮੁੱਖ ਸ਼ਹਾਦਤ ਨੂੰ ਸਵੀਕਾਰ ਕਰਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਮਾਨਵਤਾ ਇੱਕ ਅਧੂਰਾ ਪ੍ਰੋਜੈਕਟ ਹੈ ਪਰ ਇਸ ਵਿੱਚ ਇਸ ਨੂੰ ਪੂਰੇ ਕੀਤੇ ਜਾ ਸਕਣ ਦੀਆਂ ਸੰਭਾਵਨਾਵਾਂ ਸਦਾ ਮੌਜੂਦ ਹੁੰਦੀਆਂ ਹਨ। ਦਰਕਾਰ ਸਿਰਫ਼ ਸ਼ਨਾਖ਼ਤ ਦੀ ਹੈ।

ਅੰਤ 'ਚ ਅਸੀਂ ਕਹਿ ਸਕਦੇ ਹਾਂ ਕਿ ਇੱਥੇ ਦੱਸੇ ਗਿਆਨਤਮਕ ਮੀਮਾਸਾਂ ਦੀ ਦ੍ਰਿਸ਼ਟੀ ਤੋਂ ਗੁਰੂ ਤੇਗ਼ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਵਰ੍ਹੇ 'ਚ ਉਨ੍ਹਾਂ ਦੇ ਦਿਖਾਏ ਮਾਰਗ ਅਤੇ ਸਿੱਖਿਆਵਾਂ ਨੂੰ ਅਪਣਾ ਕੇ ਜੀਵਨ 'ਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰ ਕੇ ਅਨਮੋਲ ਮਾਨਵੀ ਜੀਵਨ ਸਫ਼ਲ ਕੀਤਾ ਜਾ ਸਕਦਾ ਹੈ।



## ਸ਼ਹੀਦੀ ਦਿਵਸ 'ਤੇ ਵਿਸ਼ੇਸ਼ ਲੇਖ

# ਗੁਰੂ ਤੇਗ਼ ਬਹਾਦਰ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ ਲਾਜ ਛੱਡ ਕੇ ਹਉਮੈ ਦੂਰ ਕਰ ਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ, ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾ ਕੀਤਾ ਜਾਏ ਪਰ ਕੋਈ ਝਿਜਕ ਨਾਂਹ ਕੀਤੀ ਜਾਏ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਏ।

ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ, ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਹੈ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਏ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜੀ ਲਗਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿੱਚ ਜ਼ੁਲਮ ਖ਼ਿਲਾਫ਼ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਲਾਸਾਨੀ ਸ਼ਹੀਦੀਆਂ ਦਰਜ਼ ਹਨ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆਂ ਦੇ ਇਤਿਹਾਸ ਵਿੱਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਪ੍ਰੰਪਰਾਗਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਮਿਸਾਲ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਤੋਂ ਸਿੱਖ ਇਤਿਹਾਸ ਵਿੱਚ ਸ਼ਹੀਦੀਆਂ ਦਾ ਦੌਰ ਸ਼ੁਰੂ ਹੁੰਦਾ ਹੈ, ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵੱਧਦੀ ਤਾਕਤ ਤੋਂ ਖਤਰਾ ਜਾਪਣ ਲੱਗਿਆ, ਟਕਰਾਓ ਲਾਜ਼ਮੀ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਕੌਮ ਤੇ ਆਉਣ ਵਾਲੇ ਖ਼ਤਰਿਆਂ ਲਈ ਕੌਮ ਨੂੰ ਤਿਆਰ ਹੋਣ ਲਈ ਆਪਣੀ ਸ਼ਹਾਦਤ ਦੀ ਮਿਸਾਲ ਦਿੱਤੀ।

ਇਸੇ ਸਿਲਸਿਲੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਅਤੇ ਗੁਰਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇੱਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤਕ ਦੀ ਉਮਰ ਅੰਮ੍ਰਿਤਸਰ ਵਿੱਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿਡਰ, ਬਹਾਦਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿੱਚ ਲੀਨ ਹੋ ਕੇ ਆਪਣੀਆਂ ਖ਼ਾਹਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਵਿੱਚ ਵੀ ਨਿਪੁੰਨ ਸਨ। ਗੁਰਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿੱਚ ਆਪ ਨੇ ਬਹਾਦਰੀ ਦੇ ਅਜਿਹੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਉਂ ਤਿਆਗ ਮਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ ਕਰਤਾਰਪੁਰ ਜਲੰਧਰ ਨਿਵਾਸੀ, ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ 22 ਦਸੰਬਰ 1666 ਨੂੰ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵੱਸੇ ਗਰਾਮ ਬਕਾਲੇ' ਦਾ ਇਸ਼ਾਰਾ ਕੀਤਾ। ਇਸ ਨੂੰ ਇੱਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰੂ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਅਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਗੈਰ ਮੁਸਲਮਾਨਾਂ ਤੇ ਜਬਰੀ ਧਰਮ ਪ੍ਰੀਵਰਤਨ ਦੀ ਖ਼ੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿੱਚ ਔਰੰਗਜ਼ੇਬ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ, ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਦੀ ਸ਼ਰਨ ਹੇਠ ਆਏ ਅਤੇ ਫ਼ਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜ਼ੇਬ ਨੇ ਜ਼ੁਲਮ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਸਾਹਿਬ ਜੀ ਨੇ ਦ੍ਰਿੜ ਕਰਵਾਇਆ ਕਿ ਨਾ ਕਿਸੇ ਨੂੰ ਡਰਾਊ, ਨਾ ਕਿਸੇ ਤੋਂ ਡਰੋ। ਔਰੰਗਜ਼ੇਬ ਨੇ ਗੁਰੂ ਸਾਹਿਬ ਜੀ ਨੂੰ ਤਲਬ ਕਰ ਲਿਆ।

ਗੁਰੂ ਸਾਹਿਬ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਫ਼ੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਜੀ ਨੇ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਸਾਹਿਬ ਜੀ ਨੂੰ ਇਸਲਾਮ ਕਬੂਲ ਕਰ ਲੈਣ ਦੇ ਲਾਲਚ ਦਿੱਤੇ ਗਏ, ਫਿਰ ਡਰਾਵੇ ਅਤੇ ਕਤਲ ਕਰ ਦੇਣ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ । ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿੱਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤਾ। ਗੁਰੂ ਸਾਹਿਬ ਜੀ ਅਡੋਲ ਰਹੇ। ਇਹ ਅਣ ਮਨੁੱਖੀ ਤਸ਼ੱਦਦ ਵੀ ਗੁਰੂ ਸਾਹਿਬ ਜੀ ਦੇ ਨਿਸਚੈ ਨੂੰ ਡੇਗ ਨਹੀਂ ਸਕਿਆ।

ਗੁਰੂ ਸਾਹਿਬ ਜੀ ਨੂੰ ਕੈਦ ਕਰ ਲਿਆ ਗਿਆ। ਅੰਤ ਸਰਕਾਰੀ ਹਾਕਮਾਂ , ਕਾਜ਼ੀ, ਮੌਲਵੀ ਨੇ ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਦਾ ਹੁਕਮ ਸੁਣਾਇਆ ਕਿ ਕਲਮਾਂ ਪੜੋ ਅਤੇ ਮੁਸਲਮਾਨ ਹੋ ਜਾਵੋ। ਕਰਾਮਾਤਾਂ ਦਿਖਾਓ ਜਾਂ ਮਰਨ ਲਈ ਤਿਆਰ ਹੋ ਜਾਵੋ।

ਗੁਰੂ ਸਾਹਿਬ ਨੇ ਸ਼ਾਂਤ ਚਿੱਤ ਉੱਤਰ ਦਿੱਤਾ ਕਿ ਅਸਾਂ ਨਾ ਆਪਣਾ ਧਰਮ ਛੱਡਣਾ ਹੈ ਅਤੇ ਨਾ ਕੋਈ ਕਰਾਮਾਤ ਵਿਖਾਉਣੀ ਹੈ। ਅਸੀਂ ਮੌਤ ਦੀ ਸਜ਼ਾ ਲਈ ਤਿਆਰ ਹਾਂ। ਸਮਾਣੇ ਦੇ ਸੱਯਦ ਜਲਾਲਦੀਨ ਜਲਾਦ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ ਧੜ ਨਾਲੋਂ ਅਲਗ ਕਰਕੇ 24 ਨਵੰਬਰ 1675 ਨੂੰ ਸ਼ਹੀਦ ਕਰ ਦਿੱਤਾ। ਜਿਥੇ ਗੁਰਦੁਆਰਾ ਸੀਸ ਗੰਜ ਦਿੱਲੀ ਸੁਸ਼ੋਭਿਤ ਹੈ। ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨਾਲ ਦਿੱਲੀ ਵਿੱਚ ਹਾਹਾਕਾਰ ਮੱਚ ਗਈ। ਔਰੰਗਜ਼ੇਬ ਦਾ ਹੁਕਮ ਸੀ ਕਿ ਗੁਰੂ ਸਾਹਿਬ ਜੀ ਦੇ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਸ਼ਹਿਰ ਦੇ ਚਾਰ ਦਰਵਾਜ਼ਿਆਂ 'ਤੇ ਥਾਂ ਥਾਂ ਲਟਕਾ ਦਿੱਤਾ ਜਾਵੇ। ਔਰੰਗਜ਼ੇਬ ਦੇ ਜ਼ੁਲਮ ਨੂੰ ਵੇਖ ਕੇ ਲੋਕ ਕਰਾਹ ਉੱਠੇ ਕਿ ਇੱਕ ਸੰਤ ਨੂੰ ਕਿਵੇਂ ਬੇਰਹਿਮੀ ਨਾਲ ਸ਼ਹੀਦ ਕੀਤਾ ਹੈ। ਲੋਕਾਂ ਵਿੱਚ ਭਗਦੜ ਮੱਚ ਗਈ। ਸ਼ਰਧਾਲੂ ਸਿੱਖ ਭਾਈ ਜੈਤਾ ਜੀ (ਜੀਵਨ ਸਿੰਘ ਰੰਗਰੇਟਾ) ਨੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲ ਕੇ ਆਨੰਦਪੁਰ ਸਾਹਿਬ ਪਹੁੰਚਾਇਆ। ਉੱਥੇ ਗੁਰੂ ਸਾਹਿਬ ਦੇ ਸੀਸ ਦਾ ਸੰਸਕਾਰ ਕੀਤਾ ਗਿਆ, ਜਿਥੇ ਗੁਰਦੁਆਰਾ ਸੀਸ ਗੰਜ ਅਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ ਕਿ ਰੰਗਰੇਟਾ ਗੁਰੂ ਕਾ ਬੇਟਾ। ਭਾਈ ਲੱਖੀ ਸ਼ਾਹ ਵਣਜਾਰੇ ਅਤੇ ਭਾਈ ਊਦੇ ਸਿੰਘ ਜੀ ਨੇ ਵਿਉਂਤ ਬਣਾ ਕੇ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਇੱਕ ਰੂੰ ਨਾਲ ਲੱਦੇ ਗੱਡੇ ਵਿੱਚ ਸੰਭਾਲ ਲਿਆ। ਵਣਜਾਰਾ ਨੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਆਪਣਾ ਘਰ ਸਾੜ ਕੇ ਕੀਤਾ ਤਾਂ ਕਿ ਸਰਕਾਰ ਨੂੰ ਖ਼ਬਰ ਨਾ ਹੋਵੇ। ਉੱਥੇ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ। ਮਾਰਚ 29, 1676 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਦਸਵੇਂ ਗੁਰੂ ਵਜੋਂ ਜਿੰਮੇਵਾਰੀ ਸੰਭਾਲ ਲਈ।



ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਸੰਸਾਰ ਵਿੱਚ ਵਿਲੱਖਣ ਹੈ। ਇਹ ਕੁਰਬਾਨੀ ਮਾਨਵਤਾ ਨੂੰ ਬਚਾਉਣ ਹਿੱਤ ਦਿੱਤੀ ਗਈ ਹੈ। ਇਸ ਗੌਰਵਮਈ ਕੁਰਬਾਨੀ ਨੇ ਸੰਸਾਰ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਦੀ ਰੱਖਿਆ ਲਈ ਮਰ ਮਿਟਣ ਦਾ ਜਜ਼ਬਾ ਭਰਦੀ ਹੈ। ਗੁਰੂ ਸਾਹਿਬ ਜੀ ਦੀ ਸ਼ਹਾਦਤ ਨੇ ਮਜਲੂਮਾਂ, ਨਿਤਾਣਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿੱਚ ਜ਼ੁਲਮ ਵਿਰੁੱਧ ਲੜਨ ਦਾ ਜੋਸ਼ ਭਰਿਆ ਹੈ। ਆਪ ਜੀ ਦੀ ਕੁਰਬਾਨੀ ਸਿੱਖ ਕੌਮ ਲਈ ਹਮੇਸ਼ਾ ਪ੍ਰੇਰਣਾ ਸਰੋਤ ਹੈ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਆਦਰਸ਼ ਦਾ ਇੱਕ ਪਹਿਲੂ ਉਹਨਾਂ ਦੀ ਸ਼ਹੀਦੀ ਅਤੇ ਦੂਸਰਾ ਉਹਨਾਂ ਦੀ ਗੁਰਬਾਣੀ ਰਚਨਾ ਹੈ। ਜੋ ਗੁਰੂ ਗਰੰਥ ਸਾਹਿਬ ਜੀ ਵਿੱਚ ਦਰਜ ਹੈ। ਜੋ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1706 ਵਿੱਚ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਦਰਜ ਕੀਤੀ ਗਈ। ਆਪ ਜੀ ਦੀ ਬਾਣੀ ਵਿੱਚ 59 ਪਦੇ (15 ਰਾਗਾਂ) ਵਿੱਚ ਅਤੇ 57 ਸਲੋਕ ਦਰਜ਼ ਹਨ ਕਿ ਇਹ ਰਚਨਾ ਪਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿੱਚ ਉਹ ਆਪ ਹੀ ਵਸਦਾ ਹੈ। ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ। ਦੋ ਜੀਵਨ ਸਥਿਤੀਆਂ ਸਮਾਨ ਅੰਤਰ ਇੱਕ ਮਾਇਆ ਅਤੇ ਦੂਸਰਾ ਪਰਮਾਤਮਾ ।ਪਹਿਲੀ ਸਥਿਤੀ ਸੰਸਾਰਕ ਹੈ, ਜਿਸ ਵਿੱਚ ਧੰਨ ਸੰਪਤੀ, ਕਾਮ, ਕ੍ਰੋਧ, ਲੋਭ, ਮੋਹ , ਹੰਕਾਰ ਦੀ ਪ੍ਰਵਿਰਤੀ ਹੈ। ਦੂਸਰੀ ਸਥਿਤੀ ਵਿੱਚ ਸੰਸਾਰ ਦੇ ਮੋਹ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਨੂੰ ਪਾਉਣਾ ਹੈ। ਨਾਮ ਦੁਆਰਾ ਮੁਕਤੀ ਦਾ ਰਾਹ ਹੈ। ਮਨੁੱਖ ਸੰਸਾਰਕ ਵਸਤੂਆਂ ਨੂੰ ਹੀ ਪੂਰਨ ਸਮਝਣ ਲੱਗਦਾ ਹੈ। ਉਹਨਾਂ ਦਾ ਗੁਲਾਮ ਬਣ ਜਾਂਦਾ ਹੈ। ਜੀਵਨ ਵਿਅਰਥ ਹੋ ਕੇ ਰਹਿ ਜਾਂਦਾ ਹੈ। ਸੁੱਖਾਂ ਦੀ ਤਲਾਸ਼ ਵਿੱਚ ਭਟਕਦਾ ਹੈ। ਗੁਰੂ ਸਾਹਿਬ ਜੀ ਇਹਨਾਂ ਦੋਹਾਂ ਪ੍ਰਸਥਿਤੀਆਂ ਤੋਂ ਸੁਚੇਤ ਕਰਦੇ ਹਨ। ਨਾਮ ਨਾਲ ਜੋੜਦੇ ਹਨ। ਮਨੁੱਖ ਕੰਚਨ ਅਤੇ ਕਾਮਨੀ ਵਿੱਚ ਡੁੱਬ ਕੇ ਰਹਿ ਜਾਂਦਾ ਹੈ। ਹੋਰ ਗੁਰਬਾਣੀ ਵੇਰਵੇ ਹਨ:

ਹੇ ਭਾਈ, ਇਹ ਮਨ ਰਤਾ ਭਰ ਵੀ ਮੇਰਾ ਕਿਹਾ ਨਹੀਂ ਮੰਨਦਾ। ਮੈਂ ਆਪਣੇ ਵੱਲੋਂ ਇਸ ਨੂੰ ਸਿੱਖਿਆ ਦੇ ਕੇ ਥੱਕ ਗਿਆ ਹਾਂ। ਫਿਰ ਵੀ ਇਹ ਖੋਟੀ ਮੱਤ ਵੱਲੋਂ ਹਟਦਾ ਨਹੀਂ।

ਹੇ ਭਾਈ ਮਾਇਆ ਦੇ ਨਸ਼ੇ ਵਿੱਚ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪਰਮਾਤਮਾ ਦੀ ਸਿਫ਼ਤ ਸਲਾਹ ਦੀ ਬਾਣੀ ਨਹੀਂ ਉਚਾਰਦਾ। ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ। ਠੱਗੀ ਨਾਲ ਇਕੱਠੇ ਕੀਤੇ ਧੰਨ ਦੇ ਰਾਹੀਂ ਆਪਣਾ ਪੇਟ ਭਰਦਾ ਰਹਿੰਦਾ ਹੈ। ਹੇ ਭਾਈ ਕੁੱਤੇ ਦੀ ਪੂਛਲ ਵਾਂਗ ਇਹ ਮਨ ਕਦੇ ਵੀ ਸਿੱਧਾ ਨਹੀਂ ਹੁੰਦਾ। ਕਿਸੇ ਦੀ ਵੀ ਦਿੱਤੀ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ। ਹੇ ਨਾਨਕ, ਮੁੜ ਇਸ ਨੂੰ ਆਖ ਹੇ ਮਨ ਪਰਮਾਤਮਾ ਦੇ ਨਾਮ ਦਾ ਭਜਨ ਕਰਿਆ ਕਰ, ਜਿਸਦੀ ਬਰਕਤ ਨਾਲ ਤੇਰਾ ਜਨਮ ਮਨੋਰਥ ਹਲ ਹੋ ਜਾਵੇ।

ਮਨੁੱਖ ਨੂੰ ਪਰਮਾਤਮਾ ਦੇ ਭਾਣੇ ਵਿੱਚ ਰਹਿਣਾ ਚਾਹੀਦਾ ਹੈ। ਹੇ ਭਾਈ, ਜਿਹੜਾ ਮਨੁੱਖ ਦੁੱਖਾਂ ਵਿੱਚ ਘਬਰਾਉਂਦਾ ਨਹੀਂ, ਜਿਸ ਮਨੁੱਖ ਦੇ ਹਿਰਦੇ ਵਿੱਚ ਸੁੱਖਾਂ ਨਾਲ ਮੋਹ ਨਹੀਂ। ਕਿਸੇ ਕਿਸਮ ਦਾ ਡਰ ਨਹੀਂ। ਜਿਹੜਾ ਮਨੁੱਖ ਸੋਨੇ ਨੂੰ ਮਿੱਟੀ ਸਮਾਨ ਸਮਝਦਾ ਹੈ। ਉਸ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।

ਹੇ ਭਾਈ ਜਿਸ ਮਨੁੱਖ ਦੇ ਅੰਦਰ ਕਿਸੇ ਦੀ ਚੁਗਲੀ ਬੁਰਾਈ ਨਹੀਂ। ਕਿਸੇ ਦੀ ਖੁਸ਼ਮੰਦ ਨਹੀਂ, ਜਿਸ ਦੇ ਅੰਦਰ ਨਾ ਲੋਭ ਹੈ ਨਾ ਹੰਕਾਰ ਹੈ। ਜਿਹੜਾ ਮਨੁੱਖ ਖੁਸ਼ੀ ਅਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ। ਜਿਸ ਨੂੰ ਨਾ ਆਦਰ ਪੋਹ ਸਕਦਾ ਹੈ, ਨਾ ਨਰਾਦਰੀ। ਉਸ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਹੇ ਭਾਈ, ਜਿਹੜਾ ਮਨੁੱਖ ਆਸਾਂ ਉਮੀਦਾਂ ਸਭ ਤਿਆਗ ਦਿੰਦਾ ਹੈ। ਜਗਤ ਤੋਂ ਨਿਰਮੋਹ ਰਹਿੰਦਾ ਹੈ। ਜਿਸ ਮਨੁੱਖ ਨੂੰ ਨਾ ਕਾਮ ਵਾਸਨਾ ਛੋਹ ਸਕਦੀ ਹੈ। ਨਾ ਕ੍ਰੋਧ ਛੋਹ ਸਕਦਾ ਹੈ। ਉਸ ਮਨੁੱਖ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਪਰ ਹੇ ਨਾਨਕ , ਜਿਸ ਮਨੁੱਖ ਉੱਤੇ ਗੁਰੂ ਨੇ ਮਿਹਰ ਕੀਤੀ ਹੈ, ਉਸਨੇ ਹੀ ਜੀਵਨ ਦੀ ਇਹ ਜਾਚ ਸਮਝੀ ਹੈ। ਉਹ ਮਨੁੱਖ ਪਰਮਾਤਮਾ ਨਾਲ ਇਉਂ ਇੱਕ ਮਿੱਕ ਹੋ ਜਾਂਦਾ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।

ਪਰਮਾਤਮਾ ਤਾਂ ਮਨੁੱਖ ਦੇ ਹਿਰਦੇ ਵਿੱਚ ਵਸਦਾ ਹੈ। ਹੇ ਭਾਈ ਪਰਮਾਤਮਾ ਨੂੰ ਲੱਭਣ ਵਾਸਤੇ ਜੰਗਲਾਂ ਵਿੱਚ ਕਿਉਂ ਜਾਂਦਾ ਹੈ? ਪਰਮਾਤਮਾ ਸਭ ਵਿੱਚ ਵੱਸਣ ਵਾਲਾ ਹੈ। ਫਿਰ ਵੀ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਪੇਖ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵਸਦਾ ਹੈ। ਹੇ ਭਾਈ। ਫੁੱਲ ਦੀ ਸੁਗੰਧੀ ਜਿਵੇਂ ਫੁੱਲ ਵਿੱਚ ਹੀ ਵਸਦੀ ਹੈ, ਜਿਵੇਂ ਸ਼ੀਸ਼ਾ ਵੇਖਣ ਵਾਲੇ ਦਾ ਅਕਸ ਵੱਸਦਾ ਹੈ। ਤਿਵੇਂ ਪਰਮਾਤਮਾ ਇੱਕ ਰਸ ਸਭਨਾਂ ਦੇ ਅੰਦਰ ਵਸਦਾ ਹੈ। ਇਸ ਵਾਸਤੇ ਉਸ ਨੂੰ ਆਪਣੇ ਹਿਰਦੇ ਵਿੱਚ ਲੱਭ। ਹੇ ਭਾਈ ਗੁਰੂ ਦਾ ਆਤਮਕ ਜੀਵਨ ਦਾ ਉਪਦੇਸ਼ ਇਹ ਦੱਸਦਾ ਹੈ ਕਿ ਆਪਣੇ ਸਰੀਰ ਦੇ ਅੰਦਰ ਅਤੇ ਆਪਣੇ ਸਰੀਰ ਤੋਂ ਬਾਹਰ ਹਰ ਥਾਂ ਇੱਕ ਪਰਮਾਤਮਾ ਨੂੰ ਵਸਦਾ ਸਮਝੋ। ਹੇ ਦਾਸ ਨਾਨਕ ਆਪਣਾ ਆਤਮਿਕ ਜੀਵਨ ਪ੍ਰੱਖਣ ਤੋਂ ਬਿਨਾਂ ਮਨ ਉੱਤੋਂ ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ। ਤੇ ਉਤਨਾ ਚਿਰ ਸਰਬ ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ।

ਜਦੋਂ ਪਰਮਾਤਮਾ ਨਾਲ ਸਾਂਝ ਪੈ ਜਾਂਦੀ ਏ ਤਾਂ ਡਰ ਮੁੱਕ ਜਾਂਦਾ ਹੈ। ਹੇ ਨਾਨਕ ਆਖ - ਹੇ ਮਾਨ ਸੁਣ ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦਿੰਦਾ ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ। ਡਰਾਵਿਆਂ ਤੋਂ ਘਬਰਾਉਂਦਾ ਨਹੀਂ, ਉਸ ਨੂੰ ਆਤਮਿਕ ਜੀਵਨ ਦੀ ਸੂਝ ਵਾਲਾ ਸਮਝ।

ਹੇ ਨਾਨਕ, ਆਖ ਹੇ ਭਾਈ ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁਲਾ ਰਹਿੰਦਾ ਹੈ। ਦੱਸੋ ਪਰਮਾਤਮਾ ਦੇ ਭਜਨ ਤੋਂ ਬਿਨਾਂ ਉਸਦਾ ਜਿਉਣਾ ਕਿਸ ਕੰਮ?

ਹੇ ਨਾਨਕ, ਆਖ ਹੇ ਭਾਈ ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁਲਾ ਰਹਿੰਦਾ ਹੈ। ਦਸ ਪਰਮਾਤਮਾ ਦੇ ਭਜਨ ਤੋਂ ਬਿਨਾ ਉਸਦਾ ਜਿਉਣਾ ਕਿਸ ਕੰਮ?

ਹੇ ਨਾਨਕ ਆਖ ਹੇ ਮਨ ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ, ਜਰੂਰ ਉਹ ਹੀ ਹੁੰਦਾ ਹੈ। ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਵਾਸਤੇ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਦੁੱਖਾਂ ਵਾਸਤੇ ਯਤਨ ਨਹੀਂ ਕਰਦਾ। ਪਰ ਫਿਰ ਵੀ ਰਜਾ ਅਨੁਸਾਰ ਦੁੱਖ ਭੀ ਆ ਹੀ ਪੈਂਦੇ ਹਨ। ਸੁੱਖ ਭੀ ਤਦੋਂ ਹੀ ਮਿਲਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੋਵੇ।

ਹੇ ਭਾਈ ਪ੍ਰਭੂ ਦੇ ਨਾਮ ਤੋਂ ਵਿੱਛੜ ਕੇ ਜਦੋਂ ਮਾਇਆ ਦੇ ਮੋਹ ਦੀਆਂ ਫਾਹੀਆਂ ਮਨੁੱਖ ਨੂੰ ਆ ਪੈਂਦੀਆਂ ਹਨ, ਉਹਨਾਂ ਫਾਹੀਆਂ ਨੂੰ ਕੱਟਣ ਲਈ ਮਨੁੱਖ ਦੇ ਅੰਦਰੋਂ ਆਤਮਿਕ ਤਾਕਤ ਮੁੱਕ ਜਾਂਦੀ ਹੈ। ਮਾਇਆ ਦਾ ਟਾਕਰਾ ਕਰਨ ਲਈ ਮਨੁੱਖ ਪਾਸੋਂ ਕੋਈ ਵੀ ਹੀਲਾ ਨਹੀਂ ਕੀਤਾ ਜਾ ਸਕਦਾ। ਹੇ ਨਾਨਕ, ਆਖ ਹੇ ਹਰੀ , ਇਹੋ ਜਿਹੇ ਵੇਲੇ ਹੁਣ ਤੇਰਾ ਹੀ ਆਸਰਾ ਹੈ। ਕਿਵੇਂ ਤੂੰ ਤੇਂਦੂਏ ਤੋਂ ਛਡਾਉਣ ਲਈ ਹਾਥੀ ਦਾ ਸਹਾਈ ਬਣਿਆ ਤਿਵੇਂ ਸਹਾਈ ਬਣ ਭਾਵ ਮਾਇਆ ਦੇ ਮੋਹ ਦੇ ਬੰਧਨਾ ਤੋਂ ਖ਼ਲਾਸੀ ਹਾਸਲ ਕਰਨ ਲਈ ਪਰਮਾਤਮਾ ਦੇ ਦਰ 'ਤੇ ਅਰਦਾਸ ਹੀ ਇੱਕ ਵਸੀਲਾ ਹੈ। ਹੇ ਭਾਈ ਜਦੋਂ ਮਨੁੱਖ ਪ੍ਰਭੂ ਦੇ ਦਰ ਤੇ ਡਿੱਗਦਾ ਹੈ ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਿਕ ਬਲ ਪੈਦਾ ਹੋ ਜਾਂਦਾ ਹੈ। ਮਾਇਆ ਦੇ ਮੋਹ ਦੇ ਬੰਧਨ ਟੁੱਟ ਜਾਂਦੇ ਹਨ। ਮੋਹ ਦਾ ਟਾਕਰਾ ਕਰਨ ਲਈ ਹਰੇਕ ਹੀਲਾ ਸਫਲ ਹੋ ਸਕਦਾ ਹੈ, ਸੋ ਹੇ ਨਾਨਕ, ਆਖ ਹੇ ਪ੍ਰਭੂ ਸਭ ਕੁਝ ਤੇਰੇ ਹੱਥ ਵਿੱਚ ਹੈ। ਤੇਰੀ ਪੈਦਾ ਕੀਤੀ ਮਾਇਆ ਭੀ ਤੇਰੇ ਅਧੀਨ ਹੈ। ਇਸ ਤੋਂ ਬਚਣ ਲਈ ਤੂੰ ਮਦਦਗਾਰ ਹੋ ਸਕਦਾ ਹੈ।




# ਧੀ ਚੱਲੀ ਬਿਗਾਨੜੇ ਦੇਸ਼ ਵੇ ਬਾਬਲਾ...



**ਗੁਰਬਿੰਦਰ ਸਿੰਘ ਮਾਣਕ**

ਧੀਆਂ ਬਾਬਲ ਦੇ ਵਿਹੜੇ ਦੀ ਰੌਣਕ ਹੁੰਦੀਆਂ ਨੇ ਤੇ ਹਰ ਵੇਲੇ ਸੁੱਖ ਮੰਗਦੀਆਂ ਨੇ। ਧੀਆਂ ਸਦਾ ਹੀ ਸੱਚੇ ਦਿਲੋਂ ਮਾਪਿਆਂ ਦੇ ਵਿਹੜੇ ਦੀ ਖ਼ੈਰ ਮੰਗਦੀਆਂ ਹਨ। ਜਦੋਂ ਕਦੇ ਦੂਰ ਬਿਗਾਨੜੇ ਦੇਸ਼ ਵੀ ਉਡਾਰੀ ਮਾਰ ਜਾਂਦੀਆਂ ਹਨ, ਤਾਂ ਵੀ ਜਿਸ ਵਿਹੜੇ ਵਿੱਚ ਬਚਪਨ ਤੋਂ ਲੈ ਕੇ ਜਵਾਨੀ ਤੱਕ ਮਾਪਿਆਂ ਤੇ ਭੈਣਾਂ-ਭਰਾਵਾਂ ਨਾਲ ਵਿਚਰੀਆਂ ਹੁੰਦੀਆਂ ਹਨ, ਉਸ ਵਿਹੜੇ ਦੀ ਸਦਾ ਸਲਾਮਤੀ ਲਈ ਦੁਆਵਾਂ ਕਰਦੀਆਂ ਨਹੀਂ ਥੱਕਦੀਆਂ। ਧੀਆਂ ਦੀ ਜ਼ਿੰਦਗੀ ਦਾ ਵੀ ਕੁਦਰਤ ਨੇ ਅਜੀਬ ਦਸਤੂਰ ਸਿਰਜਿਆ ਹੈ। ਜਿਸ ਘਰ ਜਨਮ ਲੈਂਦੀਆਂ ਹਨ, ਉਸ ਘਰ ਨੂੰ ਸਜਾਉਂਦੀਆਂ, ਸੰਵਾਰਦੀਆਂ, ਸਲੀਕੇ ਤੇ ਆਪਣੇ ਹੁਨਰ ਦਾ ਪ੍ਰਗਟਾਵਾ ਕਰਦੀਆਂ, ਪੂਰੇ ਘਰ ਨਾਲ ਮੋਹ ਦੀਆਂ ਪੀਡੀਆਂ ਤੰਦਾਂ ਨਾਲ ਇਸ ਕਦਰ ਬੱਝ ਜਾਂਦੀਆਂ ਕਿ ਜਿਵੇਂ ਸਾਰੀ ਉਮਰ ਵਿਹੜੇ ਦੀ ਰੌਣਕ ਹੀ ਬਣੀ ਰਹਿਣਾ ਹੋਵੇ ਪਰ ਸਮਾਜਿਕ ਦਸਤੂਰ ਵਿੱਚ ਬੱਝੇ ਮਾਪਿਆਂ ਨੂੰ ਇੱਕ ਦਿਨ ਘਰ ਦੀ ਧੀ-ਧਿਆਣੀ ਨੂੰ, ਕਿਸੇ ਹੋਰ ਘਰ ਨੂੰ ਵਸਾਉਣ ਲਈ ਹੱਥੀਂ ਤੋਰਨਾ ਪੈਂਦਾ ਹੈ। ਮਾਪੇ ਦੁਆਵਾਂ ਕਰਦੇ ਹਨ ਕਿ ਉਨ੍ਹਾਂ ਦੀ ਧੀ ਹਮੇਸ਼ਾ ਸੁੱਖੀ ਵਸੇ। ਪਹਿਲੇ ਸਮਿਆਂ ਵਿੱਚ ਤਾਂ ਮਾਪੇ ਧੀ ਦੇ ਜਨਮ ਤੋਂ ਬਾਅਦ ਹੀ, ਉਸ ਨੂੰ ਵਿਆਹ-ਸ਼ਾਦੀ ਕਰ ਕੇ ਸਹੁਰੇ ਘਰ ਤੋਰਨ ਦੇ ਫ਼ਿਕਰਾਂ ਵਿੱਚ ਪੈ ਜਾਂਦੇ ਸਨ। ਉਨ੍ਹਾਂ ਸਮਿਆਂ ਵਿੱਚ ਕੁੜੀਆਂ ਨੂੰ ਪੜ੍ਹਾਉਣ ਦਾ ਰਿਵਾਜ ਨਹੀਂ ਸੀ। ਘਰ ਦੇ ਸਾਰੇ ਕੰਮਾਂ ਵਿੱਚ ਉਨ੍ਹਾਂ ਨੂੰ ਪ੍ਰਬੀਨ ਕੀਤਾ ਜਾਂਦਾ ਸੀ। ਮਾਵਾਂ, ਦਾਦੀਆਂ, ਨਾਨੀਆਂ, ਚਾਚੀਆਂ, ਤਾਈਆਂ ਅਕਸਰ ਹੀ ਧੀਆਂ ਨੂੰ ਟੋਕਦੀਆਂ ਕਿ ਸਾਰੇ ਕੰਮ ਚੱਜ ਨਾਲ ਸਿੱਖ ਲਉ, ਨਹੀਂ ਤਾਂ ਸਹੁਰੇ ਘਰ ਜਾ ਕੇ ਔਖੀ ਹੋਵੇਗੀ। ਸਚਿਆਰੀਆਂ ਕੁੜੀਆਂ ਸਾਰੇ ਕੰਮ ਹੱਥੀਂ ਕਰਨੇ ਸਿੱਖ ਲੈਂਦੀਆਂ ਤਾਂ ਕਿ ਸੱਸ ਨੂੰ ਮਿਹਣੇ ਮਾਰਨ ਤੇ ਟੋਕਣ ਦਾ ਮੌਕਾ ਨਾ ਮਿਲੇ ਪਰ ਕੁੜੀਆਂ ਦੇ ਮਨ ਵਿੱਚ ਵਿਆਹ ਤੋਂ ਪਹਿਲਾਂ ਹੀ ਸਮਾਜ ਵੱਲੋਂ ਸੱਸਾਂ ਦਾ ਡਰ ਇਸ ਕਦਰ ਪਾ ਦਿੱਤਾ ਜਾਂਦਾ ਹੈ ਕਿ ਜਿਵੇਂ ਉਹ ਕੋਈ ਹਊਆ ਹੋਣ।

ਗੱਲ ਭਾਵੇਂ ਕੋਈ ਮਾਮੂਲੀ ਜਿਹੀ ਹੀ ਹੋਵੇ, ਪਰ ਗ਼ਲਤਫ਼ਹਿਮੀ ਕਾਰਨ ਕਈ ਵਾਰ ਖੰਭਾਂ ਦੀਆਂ ਡਾਰਾਂ ਬਣ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਵਿਆਹੀ ਮੁਟਿਆਰ ਨੂੰ ਆਪਣਾ ਪੇਕਾ ਘਰ ਬਹੁਤ ਯਾਦ ਆਉਂਦਾ ਹੈ।

ਜਿਹੜੇ ਘਰ ਧੀ ਹੋਵੇ, ਉਸ ਘਰ ਦਾ ਰੱਖ-ਰਖਾਅ, ਸਲੀਕਾ, ਸਾਫ਼-ਸਫ਼ਾਈ ਤੇ ਸਜਾਵਟ ਨਿਵੇਕਲੀ ਹੀ ਹੁੰਦੀ ਹੈ। ਭਾਵੇਂ ਹੁਣ ਸਮਾਂ ਬਦਲ ਗਿਆ ਹੈ ਤੇ ਮਾਪੇ ਧੀਆਂ ਨੂੰ ਵੀ ਪੜ੍ਹਾਉਣ ਤੇ ਪੈਰਾਂ ’ਤੇ ਖੜ੍ਹੇ ਕਰਨ ਪ੍ਰਤੀ ਬਹੁਤ ਹੱਦ ਤੱਕ ਜਾਗਰੂਕ ਹੋ ਗਏ ਹਨ। ਸਮਾਜ ਵੱਲ ਨਜ਼ਰ ਮਾਰੀਏ ਤਾਂ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਧੀਆਂ ਨੇ ਆਪਣੀ ਸੂਝ-ਬੂਝ, ਮਿਹਨਤ, ਲਗਨ ਤੇ ਕਾਬਲੀਅਤ ਨਾਲ,ਉੱਚੇ ਅਹੁਦਿਆਂ ’ਤੇ ਪਹੁੰਚ ਕੇ ਸਮਾਜ ਨੂੰ ਹੈਰਾਨ ਕਰ ਦਿੱਤਾ ਹੈ। ਜੀਵਨ ਦਾ ਕੋਈ ਵੀ ਖੇਤਰ ਹੋਵੇ, ਕੁੜੀਆਂ ਨੇ ਹਰ ਥਾਂ ਵੱਡਾ ਨਾਮਣਾ ਖੱਟਿਆ ਹੈ। ਮਾਪੇ ਖੁਸ਼ੀ ਤੇ ਚਾਅ ਨਾਲ ਧੀਆਂ ਨੂੰ ਸਿੱਖਿਅਤ ਕਰਨ ਤੇ ਉਨ੍ਹਾਂ ਦੀ ਹਰ ਰੀਝ ਪੂਰੀ ਕਰਨ ਲਈ, ਔਖੇ ਹੋ ਕੇ ਵੀ ਤਿਆਰ ਹੋ ਜਾਂਦੇ ਹਨ। ਕਈ ਵਾਰ ਮਾਪੇ ਭਵਿੱਖ ਦੀਆਂ ਸੋਚਾਂ ਸੋਚਦਿਆਂ ਖ਼ਰਚ ਮੁੰਡੇ ’ਤੇ ਜ਼ਿਆਦਾ ਕਰਦੇ ਹਨ, ਪਰ ਪੜ੍ਹ ਧੀ ਜਾਂਦੀ ਹੈ। ਅੱਜ-ਕੱਲ੍ਹ ਬਹੁਤ ਘੱਟ ਮੁੰਡੇ ਮਾਪਿਆਂ ਦੇ ਕਹਿਣੇਕਾਰ ਬਣ ਕੇ ਮਿਹਨਤ ਨਾਲ ਪੜ੍ਹਨ ਤੋਂ ਅਣਗਹਿਲੀ ਕਰ ਰਹੇ ਹਨ। ਦੂਜੇ ਪਾਸੇ ਕੁੜੀਆਂ ਪੜ੍ਹਾਈ ਸਮੇਤ ਹਰ ਪਾਸੇ ਹੀ ਮੋਹਰੀ ਹਨ।



ਸਿਆਣੀਆਂ ਤੇ ਸੱਚਿਆਰੀਆਂ ਮਾਵਾਂ ਕੁੜੀਆਂ ਨੂੰ, ਜ਼ਿੰਦਗੀ ਦੇ ਰਾਹਾਂ ’ਤੇ ਸੁਚਾਰੂ ਰੂਪ ਵਿੱਚ ਚੱਲਦੇ ਰਹਿਣ ਲਈ, ਰਸੋਈ ਤੋਂ ਲੈ ਕੇ ਹਰ ਕੰਮ ਵਿੱਚ ਮੁਹਾਰਤ ਕਰਾਉਂਦੀਆਂ ਹਨ ਤਾਂ ਕਿ ਉਹ ਜ਼ਿੰਦਗੀ ਵਿੱਚ ਕਿਸੇ ਪ੍ਰੇਸ਼ਾਨੀ ਤੋਂ ਬੱਚ ਸਕਣ ਉਂਝ ਵੀ ਔਰਤ ਭਾਵੇਂ, ਜਿੰਨੇ ਮਰਜ਼ੀ ਉੱਚੇ ਅਹੁਦੇ ’ਤੇ ਹੋਵੇ ਪਰ ਉਸਦਾ ਘਰੇਲੂ ਕੰਮਾਂ ਵਿੱਚ ਪ੍ਰਵੀਨ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਘਰ ਦੇ ਹੋਰ ਜੀਆਂ ਤੇ ਜੀਵਨ-ਸਾਥੀ ਨੂੰ ਕੁਝ ਨਹੀਂ ਕਰਨਾ ਚਾਹੀਦਾ।

### ਘਰ ਦੀ ਰੌਣਕ

ਸਮਾਜ ਅੱਜ ਵੀ ਇਹੀ ਤਵੱਕੋ ਕਰਦਾ ਹੈ ਕਿ ਉਨ੍ਹਾਂ ਦੇ ਘਰ ਆਈ ਨੂੰਹ-ਰਾਣੀ ਨੂੰ ਹਰ ਕੰਮ ਆਉਂਦਾ ਹੋਵੇ। ਧੀਆਂ ਨੂੰ ਤਾਂ ਅਕਸਰ ਹੀ ਮਾਪੇ ਝਿੜਕਾਂ ਮਾਰ ਕੇ ਵੀ ਕੰਮ ਕਰਾ ਲੈਂਦੇ ਹਨ। ਘਰਾਂ ਦੇ ਅਨੇਕਾਂ ਕੰਮ ਹੁੰਦੇ ਹਨ, ਜਿਹੜੇ ਮਾਂ ਆਪਣੀ ਧੀ ਨੂੰ ਸਿਖਾਉਂਦੀ ਹੈ,ਤਾਂ ਕਿ ਉਹ ਜੀਵਨ ਵਿੱਚ ਕਿਸੇ ਨਮੋਸ਼ੀ ਤੇ ਘਟੀਆਪਨ ਦੇ ਅਹਿਸਾਸ ਤੋਂ ਬਚ ਸਕੇ। ਧੀਆਂ ਘਰਾਂ ਦੀ ਰੌਣਕ ਹੁੰਦੀਆਂ ਹਨ। ਕਿਸੇ ਧੀ ਦੇ ਜਨਮ ਸਮੇਂ ਮਾਪੇ ਭਾਵੇਂ ਜਿੰਨੇ ਮਰਜ਼ੀ ਉਦਾਸ ਹੋਏ ਹੋਣ। ਪਰ ਉਹੀ ਧੀ ਹੌਲੀ-ਹੌਲੀ ਸਾਰੇ ਟੱਬਰ ਦੇ ਜੀਆਂ ਤੋਂ ਏਨਾ ਲਾਡ ਅਤੇ ਪਿਆਰ ਲੈਂਦੀ ਹੈ ਕਿ ਸਾਰੇ ਘਰ ਦੀ ਚਹੇਤੀ ਬਣ ਜਾਂਦੀ ਹੈ। ਘਰਾਂ ਦੇ ਕੰਮ ਸੰਵਾਰਦੀਆਂ,ਘਰਾਂ ਵਿੱਚ ਚਹਿਕਦੀਆਂ ਟਹਿਕਦੀਆਂ, ਮਾਪਿਆਂ ਨੂੰ ਪਿਆਰ ਨਾਲ ਮੋਹ ਲੈਂਦੀਆਂ ਧੀਆਂ, ਇੱਕ ਦਿਨ ਪੇਕਿਆਂ ਦੇ ਵਿਹੜੇ ਨੂੰ ਸੁੰਨਾ ਕਰਕੇ, ਕਿਸੇ ਹੋਰ ਘਰ ਵਿੱਚ ਜਾ ਰੌਣਕ ਲਾਉਂਦੀਆਂ ਹਨ। ਹੁਣ ਸਮੇਂ ਦੀ ਲੋੜ ਅਨਸਾਰ ਧੀਆਂ ਆਪਣੀ ਮਿਹਨਤ ਨਾਲ ਵਿਦੇਸ਼ਾਂ ਵਿੱਚ ਸਿੱਖਿਆ ਪ੍ਰਾਪਤ ਕਰਕੇ ਵੱਡੀਆਂ ਪ੍ਰਾਪਤੀਆਂ ਕਰ ਰਹੀਆਂ ਹਨ। ਵਿਆਹ-ਸ਼ਾਦੀ ਉਪਰੰਤ ਅਨੇਕਾਂ ਮਾਪੇ ਆਪਣੀਆਂ ਧੀਆਂ ਦੀ ਬਦੌਲਤ ਹੀ ਵਿਦੇਸ਼ਾਂ ਵਿੱਚ ਜਾਣ ਦੇ ਕਾਬਲ ਹੋਏ ਹਨ। ਧੀਆਂ, ਮਾਪਿਆਂ ਦੀ, ਪੁੱਤਾਂ-ਨੂੰਹਾਂ ਨਾਲੋਂ ਵੀ ਵੱਧ ਸੇਵਾ-ਸੰਭਾਲ ਕਰਦੀਆਂ ਹਨ। ਧੀ ਨੂੰ ਪਿਆਰ ਕਰਨ ਵਾਲੇ ਮਾਪੇ, ਆਪਣੀ ਨੂੰਹ ਵਿਚੋਂ ਵੀ ਧੀ ਹੀ ਦੇਖਦੇ ਹਨ, ਇਸ ਕਾਰਨ ਹੀ ਉਹ ਨੂੰਹ ਨੂੰ ਕਿਸੇ ਬਿਗਾਨੇਪਨ ਦਾ ਅਹਿਸਾਸ ਨਹੀਂ ਹੋਣ ਦਿੰਦੇ। ਅਸਲ ਗੱਲ ਇਹ ਹੈ ਕਿ ਧੀ ਨੇ ਤਾਂ ਇੱਕ ਦਿਨ ਸਹੁਰੇ ਘਰ ਜਾ ਵੱਸਣਾ ਹੈ, ਤੇ ਅਸਲ ਧੀ ਤਾਂ ਘਰ ਦੀ ਨੂੰਹ-ਰਾਣੀ ਹੀ ਹੁੰਦੀ ਹੈ। ਉਹ ਸਹੁਰੇ ਘਰ ਬੈਠੀ ਵੀ ਮਾਪਿਆਂ ਦੀ ਫ਼ਿਕਰ ਕਰਦੀ, ਹਮੇਸ਼ਾ ਸੁੱਖਾਂ ਦੀ ਦੁਆ ਕਰਦੀ ਰਹਿੰਦੀ ਹੈ। ਗੀਤ ਦੇ ਬੋਲ ਵੀ ਅਜਿਹੀ ਸਚਾਈ ਨੂੰ ਬਿਆਨ ਕਰਦੇ ਹਨ; ‘ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦਰਦ ਵੰਡਾਉਂਦੀਆਂ ਨੇ।’

ਮਾਂ-ਬਾਪ ਦੇ ਤੁਰ ਜਾਣ ਬਾਅਦ ਤਾਂ ਭਰਾ-ਭਰਜਾਈਆਂ ਹੀ ਕਿਸੇ ਧੀ ਲਈ, ਪੇਕਿਆਂ ਦੀ ਧਰੋਹਰ ਬਣਦੇ ਹਨ। ਜੇ ਤਾਂ ਆਪਸੀ ਪਿਆਰ ਹੋਵੇ ਤਾਂ ਕਿਸੇ ਧੀ ਲਈ ਪੇਕੇ ਘਰ ਆਉਣਾ ਖੁਸ਼ੀਆਂ-ਖੇੜਿਆਂ ਦਾ ਸਬੱਬ ਹੁੰਦਾ ਹੈ। ਪਰ ਅਜੋਕੇ ਸਮਿਆਂ ਨੇ ਬਹੁਤ ਕੁਝ ਬਦਲ ਦਿੱਤਾ ਹੈ। ਜਦੋਂ ਰਿਸ਼ਤੇ ਬੋਝ ਲੱਗਣ ਲੱਗ ਪੈਣ, ਉਦੋਂ ਸਾਂਝਾਂ ਦੀ ਤੰਦ ਕਮਜ਼ੋਰ ਹੋ ਜਾਂਦੀ ਹੈ। ਪੇਕੇ ਘਰ ਦਾ ਦਰਵਾਜ਼ਾ ਕਿਸੇ ਧੀ ਨੂੰ ਹਮੇਸ਼ਾ ਪਿਆਰ ਤੇ ਨਿੱਘੀ ਗਲਵੱਕੜੀ ਨਾਲ ਨਿਵਾਜਦਾ ਰਹੇ, ਸ਼ਾਇਦ ਇਸੇ ਕਾਰਨ ਲੋਕ ਗੀਤ ਵਿੱਚ ਧੀ ਮੰਗ ਕਰਦੀ ਹੈ,‘ਇੱਕ ਵੀਰ ਦੇਈਂ ਵੇ ਰੱਬਾ...ਮੇਰੀ ਸਾਰੀ ਉਮਰ ਦੇ ਮਾਪੇ।’ ਧੀਆਂ ਹਮੇਸ਼ਾ ਮਾਪਿਆਂ ਦਾ ਭਲਾ ਲੋੜਦੀਆਂ ਹਨ। ਅਜੋਕੇ ਸਮਿਆਂ ਵਿੱਚ, ਧੀਆਂ ਨਾਲ ਜੁੜੇ ਦਿਨ-ਦਿਹਾਰਾਂ ਨੂੰ ਪੈਸੇ ਅਤੇ ਪਦਾਰਥਕ ਵਸਤਾਂ ਨਾਲ ਜੋੜ ਕੇ ਵੇਖਣ ਦੀ ਪ੍ਰਵਿਰਤੀ ਨੇ ਪਿਆਰ ਨੂੰ ਹੋਰ ਘਟਾ ਦਿੱਤਾ ਹੈ। ਅਨੇਕਾਂ ਧੀਆਂ, ਪੁੱਤਰਾਂ ਵਲੋਂ ਨਕਾਰੇ ਬਜ਼ੁਰਗ ਮਾਂ-ਬਾਪ ਨੂੰ ਸਾਂਭ ਕੇ ਆਪਣੇ ਫ਼ਰਜ਼ ਨਿਭਾਅ ਰਹੀਆਂ ਹਨ।

# ਘਰੇਲੂ ਦੁਰਘਟਨਾਵਾਂ ਤੋਂ ਕਿਵੇਂ ਬਚੀਏ

**ਹਰਜਿੰਦਰ ਕੌਰ**



ਦੁਰਘਟਨਾ ਭਾਵ ਮਾੜੀ ਘਟਨਾ ਵਾਪਰ ਜਾਣਾ। ਕੋਈ ਵੀ ਦਰਘਟਨਾ ਉਦੋਂ ਘਟਦੀ ਹੈ ਜਦੋਂ ਅਸੀਂ ਕੋਈ ਕੰਮ ਲਾਪਰਵਾਹੀ ਜਾਂ ਅਣਜਾਣ ਪੁਣੇ ’ਚ ਕਰਦੇ ਹਾਂ। ਕਈ ਵਾਰ ਦੁਰਘਟਨਾ ਕੁਦਰਤੀ ਵੀ ਹੋ ਸਕਦੀ ਹੈ। ਪਰ ਬਹੁਤੀਆਂ ਦੁਰਘਟਨਾਵਾਂ ਸਾਡੀ ਅਣਗਹਿਲੀ ਨਾਲ ਹੀ ਵਾਪਰਦੀਆਂ ਹਨ। ਕਈ ਵਾਰ ਦੁਰਘਟਨਾਵਾਂ ਐਨੀਆਂ ਘਾਤਕ ਹੋ ਜਾਂਦੀਆਂ ਹਨ ਕਿ ਸਾਨੂੰ ਸਾਰੀ ਉਮਰ ਉਸਦਾ ਪਛਤਾਵਾ ਰਹਿ ਜਾਂਦਾ ਹੈ ਅਤੇ ਉਸਦਾ ਖ਼ਮਿਆਜ਼ਾ ਜ਼ਿੰਦਗੀ ਭਰ ਭੁਗਤਣਾ ਪੈਂਦਾ ਹੈ। ਸੋ ਸਾਨੂੰ ਘਰੇਲੂ ਦੁਰਘਟਨਾਵਾਂ ਤੋਂ ਬਚਣ ਲਈ ਕੁਝ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ ਤਾਂ ਜੋ ਦੁਰਘਟਨਾ ਨਾ ਵਾਪਰ ਜਾਵੇ ਤੇ ਬੱਚੇ ਜਾਂ ਵੱਡੇ ਜਾਨੀ ਨੁਕਸਾਨ ਤੋਂ ਬਚ ਸਕਣ।

ਘਰ ਵਿੱਚ ਪਏ ਕਬਾੜ ਨੂੰ ਸਮੇਂ ਸਮੇਂ ’ਤੇ ਕੱਢ ਦੇਣਾ ਚਾਹੀਦਾ ਹੈ। ਘਰ ਵਿੱਚ ਅਜਿਹਾ ਸਮਾਨ ਜੋ ਕੰਮ ਘੱਟ ਆਉਂਦਾ ਹੈ ਪਰ ਸੱਟ ਲੱਗਣ ਦਾ ਕਾਰਨ ਬਣਦਾ ਹੈ। ਘਰ ਵਿੱਚ ਬਿਜਲੀ ਦੇ ਉਪਕਰਨਾਂ ਨੂੰ ਬਹੁਤ ਸਾਵਧਾਨੀ ਨਾਲ ਵਰਤਣਾ ਚਾਹੀਦਾ ਹੈ। ਬੱਚਿਆਂ ਨੂੰ ਅਜਿਹੇ ਯੰਤਰਾਂ ਤੋਂ ਹਮੇਸ਼ਾ ਬਚਾ ਕੇ ਰੱਖਣਾ ਚਾਹੀਦਾ ਹੈ। ਬਿਜਲੀ ਦੇ ਸਵਿਚ ਹਮੇਸ਼ਾ ਚੰਗੀ ਕੁਆਲਿਟੀ ਦੇ ਹੀ ਲਗਾਏ ਜਾਣੇ ਚਾਹੀਦੇ ਹਨ। ਕਿਸੇ ਵੀ ਇਲੈਕਟਰੋਨਿਕ ਜਾਂ ਇਲੈਕਟਰੀਕਲ ਯੰਤਰਾਂ ਨੂੰ ਵਰਤਣ ਤੋਂ ਪਹਿਲਾਂ ਉਸ ਵਾਰੀ ਪੂਰੀ ਜਾਣਕਾਰੀ ਉਸ ਦੇ ਲੇਬਲ ਨੂੰ ਪੜ੍ਹ ਕੇ ਲੈਣੀ ਚਾਹੀਦੀ ਹੈ। ਰਸੋਈ ਵਿੱਚ ਕੰਮ ਕਰਦੇ ਸਮੇਂ ਬਹੁਤ ਚੁਕੰਨੇ ਰਹਿਣਾ ਚਾਹੀਦਾ ਹੈ। ਗੈਸ ਜਾਂ ਅੱਗ ’ਤੇ ਕੰਮ ਕਰਨ ਸਮੇਂ ਆਪਣੇ ਕੱਪੜੇ ਦਾ ਪੂਰਾ ਖ਼ਿਆਲ ਰੱਖਿਆ ਜਾਵੇ।

ਤਿੱਖੀਆਂ ਚੀਜ਼ਾਂ ਨੂੰ ਬੱਚਿਆਂ ਤੋਂ ਹਮੇਸ਼ਾ ਦੂਰ ਰੱਖਿਆ ਜਾਵੇ। ਜਿਵੇਂ ਕੈਂਚੀ, ਚਾਕੂ, ਆਰੀ, ਸੂਈਆਂ ਅਤੇ ਪੱਗ ਪਿੰਨਾਂ ਆਦਿ। ਬਾਥਰੂਮ ਅਤੇ ਪੱਕੇ ਫ਼ਰਸ਼ ’ਤੇ ਤਿਲਕਣ ਦਾ ਡਰ ਵੱਧ ਹੁੰਦਾ ਹੈ। ਇਸ ਤਰ੍ਹਾਂ ਦੇ ਤਲਾਂ ’ਤੇ ਧਿਆਨ ਨਾਲ ਤੁਰੋ। ਕਾਈ ਲੱਗੇ ਫ਼ਰਸ਼ ਨੂੰ ਸਮੇਂ ’ਤੇ ਸਾਫ਼ ਕਰ ਦਿੱਤਾ ਜਾਵੇ। ਘਰ ਦੀ ਪੌੜੀ ’ਤੇ ਬੇਲੋੜੀਆਂ ਚੀਜ਼ਾਂ ਨਾ ਰੱਖੀਆਂ ਜਾਣ ਕਿਉਂਕਿ ਕਈ ਵਾਰ ਉਨ੍ਹਾਂ ਦੀ ਰੁਕਾਵਟ ਨਾਲ ਹੀ ਡਿੱਗਣ ਦਾ ਖ਼ਤਰਾ ਰਹਿੰਦਾ ਹੈ। ਘਰ ਦੀਆਂ ਛੱਤਾਂ ’ਤੇ ਬੱਚਿਆਂ ਨੂੰ ਆਪਣੀ ਦੇਖ-ਰੇਖ ਵਿੱਚ ਹੀ ਰੱਖਿਆ ਜਾਵੇ। ਪਤੰਗ ਚੜ੍ਹਾਉਣ ਸਮੇਂ ਅਕਸਰ ਬਹੁਤ ਦੁੱਖਦ ਘਟਨਾਵਾਂ ਵਾਪਰ ਜਾਂਦੀਆਂ ਹਨ। ਘਰ ਵਿੱਚ ਟੁੱਟੇ ਕੱਚ ਦੇ ਸ਼ੀਸ਼ੇ ਜਾਂ ਜਾਲੀਆਂ ਨੂੰ ਰਿਪੇਅਰ ਕਰਵਾ ਲੈਣਾ ਚਾਹੀਦਾ ਹੈ ਕਿਉਂਕਿ ਕਈ ਵਾਰ ਅਚਾਨਕ ਹੱਥ ਲੱਗਣ ਨਾਲ ਕੋਈ ਵੱਡੀ ਸੱਟ ਲੱਗ ਸਕਦੀ ਹੈ। ਛੋਟੇ ਬੱਚਿਆਂ ਨੂੰ ਬਾਥਰੂਮ ਵਿੱਚ ਆਪਣੀ ਦੇਖ-ਰੇਖ ਵਿੱਚ ਹੀ ਨਹਾਉਣਾ ਚਾਹੀਦਾ ਹੈ। ਵਰਤੋਂ ਨਾ ਕਰਨ ਸਮੇਂ ਰਸੋਈ ਜਾਂ ਬਾਥਰੂਮਾਂ ਦੇ ਦਰਵਾਜ਼ੇ ਬੰਦ ਹੀ ਰੱਖਣੇ ਚਾਹੀਦੇ ਹਨ ਕਿਉਂਕਿ ਬੱਚੇ ਇਨ੍ਹਾਂ ਥਾਂਵਾਂ ’ਤੇ ਕਿਸੇ ਅਣਸੁਖਾਵੀਂ ਘਟਨਾ ਦੇ ਸ਼ਿਕਾਰ ਹੋ ਸਕਦੇ ਹਨ। ਖਾਣ ਵਾਲੀਆਂ ਚੀਜ਼ਾਂ ਕਦੇ ਵੀ ਲੇਟ ਕੇ ਨਹੀਂ ਖਾਣੀਆਂ ਚਾਹੀਦੀਆਂ। ਹੋ ਸਕਦਾ ਹੈ ਕਿ ਕੋਈ ਚੀਜ਼ ਗਲੇ ਵਿੱਚ ਫਸਣ ਕਾਰਨ ਹਾਦਸੇ ਦਾ ਕਾਰਨ ਬਣ ਜਾਵੇ, ਇਸ ਤੋਂ ਬਚਿਆ ਜਾਵੇ। ਖੜ੍ਹੇ ਵਾਹਨਾਂ ਵਿੱਚੋਂ ਚਾਬੀ ਕੱਢ ਦੇਣੀ ਚਾਹੀਦੀ ਹੈ ਕਿਉਂਕਿ ਸੈਲਫ਼ ਸਟਾਰਟ ਹੋਣ ਕਾਰਨ ਕੋਈ ਅਣਜਾਣਪੁਣੇ ਵਿੱਚ ਵਾਹਨ ਨੂੰ ਸਟਾਰਟ ਕਰ ਸਕਦਾ ਹੈ ਅਤੇ ਵਾਹਨ ਬੇਕਾਬੂ ਹੋ ਸਕਦਾ ਅਤੇ ਕੋਈ ਦੁਰਘਟਨਾ ਵਾਪਰ ਸਕਦੀ ਹੈ, ਸੋ ਸਾਵਧਾਨੀ ਜ਼ਰੂਰੀ ਹੈ। ਕੀੜੇਮਾਰ ਦਵਾਈਆਂ ਜਾਂ ਹੋਰ ਦਵਾਈਆਂ ਬੱਚਿਆਂ ਤੋਂ ਦੂਰ ਰੱਖੀਆਂ ਜਾਣ। ਮਿਆਦ ਖ਼ਤਮ ਹੋਈ ਦਵਾਈ ਸੁੱਟ ਦੇਣੀ ਚਾਹੀਦੀ। ਪੈਸਿਆਂ ਦੇ ਸਿੱਕੇ ਬੱਚਿਆਂ ਤੋਂ ਹਮੇਸ਼ਾ ਦੂਰ ਰੱਖੇ ਜਾਣ ਕਿਉਂਕਿ ਬੱਚੇ ਸਿੱਕਿਆਂ ਨੂੰ ਮੂੰਹ ਵਿੱਚ ਪਾ ਸਕਦੇ ਹਨ। ਜਿਸ ਨਾਲ ਕੋਈ ਦੁਰਘਟਨਾ ਹੋ ਸਕਦੀ ਹੈ।

ਹਰ ਚੀਜ਼ ਨੂੰ ਵਰਤਣ ਤੋਂ ਬਾਅਦ ਸਹੀ ਟਿਕਾਣੇ ’ਤੇ ਰੱਖ ਦੇਣਾ ਚਾਹੀਦਾ ਹੈ। ਘਰ ਵਿੱਚ ਇਧਰ ਉਧਰ ਪਈਆਂ ਚੀਜ਼ਾਂ ਵੀ ਸੱਟ ਲੱਗਣ ਦਾ ਕਾਰਨ ਬਣ ਜਾਂਦੀਆਂ। ਘਰਾਂ ’ਚ ਪਲੱਸਤਰ ਹੋਈਆਂ ਕੰਧਾਂ ਵਿਚ ਮੋਰੀਆਂ ਹੋ ਜਾਂਦੀਆਂ ਹਨ। ਇਨ੍ਹਾਂ ’ਚ ਕੀੜੇ ਦਾਖ਼ਲ ਹੋ ਜਾਂਦੇ ਹਨ, ਇਹ ਮੋਰੀਆਂ ਬੰਦ ਕਰੋ।

ਇਸ ਤੋਂ ਇਲਾਵਾ ਬਹੁਤ ਸਾਰੀਆਂ ਹੋਰ ਸਾਵਧਾਨੀਆਂ ਅਤੇ ਗੱਲਾਂ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੁੰਦਾ ਹੈ ਜੋ ਘਰ ਵਿੱਚ ਦੁਰਘਟਨਾਵਾਂ ਦਾ ਕਾਰਨ ਬਣਦੀਆਂ ਹਨ। ਅਜਿਹਾ ਕਰਨ ਨਾਲ ਅਸੀਂ ਕਿਸੇ ਵੱਡੀ ਮੁਸੀਬਤ ਤੋਂ ਬਚ ਸਕਦੇ ਹਾਂ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

## ਦੂਜਿਆਂ ਦੀਆਂ ਭਾਵਨਾਵਾਂ ਕੁਚਲ ਕੇ ਜੋ ਹੱਸਣਾ ਚਾਹੁੰਦੇ ਹਨ, ਉਨ੍ਹਾਂ ਪੱਲੇ ਨਿਰਾਸ਼ਾ ਹੀ ਪੈਂਦੀ ਹੈ, ਕੁਝ ਅਜਿਹਾ ਬਿਆਨਦੀ ਕਹਾਣੀ

# 'ਰਹਿਣ ਦਿਉ ਪਾਪਾ'



**ਬੂਟਾ ਸਿੰਘ ਚੌਹਾਨ**

ਅੰਤਰ ਸਿੰਘ ਰਾਤ ਦਸ ਕੁ ਵਜੇ ਆਇਆ ਸੀ। ਉਹਦਾ ਦਿਲ ਕਰਦਾ ਸੀ ਕਿ ਸਹਿਜ ਨੂੰ ਜਗਾ ਕੇ ਹੁਣੇ ਦੱਸੇ ਕਿ ਉਸਨੇ ਉਸਦੀ ਮੰਗ ਪੂਰੀ ਕਰ ਦਿੱਤੀ ਹੈ ਪਰ ਘਰਵਾਲ਼ੀ ਨੇ ਦੱਸਿਆ ਸੀ ਕਿ ਸਹਿਜ ਦੀ ਅੱਖ ਹੁਣੇ ਲੱਗੀ ਹੈ। ਕਾਰ ਦੀ ਡਿੱਗੀ 'ਚੋਂ ਉਸਨੇ ਬੂਟਿਆਂ ਵਾਲ਼ੇ ਦੋਵੇਂ ਲਿਫ਼ਾਫ਼ੇ ਕੱਢ ਕੇ ਪੋਰਚ 'ਚ ਰੱਖ ਦਿੱਤੇ ਸੀ। ਇੱਕ ਲਿਫ਼ਾਫ਼ੇ 'ਚ ਚੰਦਨ ਦਾ ਬੂਟਾ ਸੀ, ਜੋ ਡੇਢ ਕੁ ਫੁੱਟ ਦਾ ਸੀ। ਦੂਜੇ 'ਚ ਅਰਹਰ ਦਾ-ਦੋ-ਢਾਈ ਫੁੱਟ ਦਾ। ਇਹ ਦੋਵੇਂ ਬੂਟੇ ਉਹ ਬਠਿੰਡਾ ਨੇੜਲੇ ਪਿੰਡ ਬਹਿਮਣ ਬੀੜ 'ਚੋਂ ਲੈ ਕੇ ਆਇਆ ਸੀ। ਬੜੀ ਲੰਬੀ ਭਾਲ਼ ਪਿੱਛੋਂ ਉਸਨੂੰ ਇਹ ਮਿਲ਼ੇ ਸਨ।

ਤਿੰਨ-ਚਾਰ ਮਹੀਨੇ ਹੋ ਗਏ ਸੀ। ਸਹਿਜ ਨੇ ਜ਼ਿੱਦ ਫੜੀ ਹੋਈ ਸੀ ਕਿ ਘਰੇ ਬਾਗ 'ਚ ਚੰਦਨ ਦਾ ਬੂਟਾ ਲਾਉਣਾ ਹੀ ਲਾਉਣਾ ਹੈ।

ਅੰਤਰ ਸਿੰਘ ਨੇ ਬੜੀ ਭਾਲ਼ ਕੀਤੀ ਸੀ ਪਰ ਕਿਤੋਂ ਵੀ ਚੰਦਨ ਦਾ ਬੂਟਾ ਮਿਲ ਨਹੀਂ ਸੀ ਰਿਹਾ। ਸਹਿਜ ਅੰਤਰ ਸਿੰਘ ਦੀ ਇਕੱਲੀ ਧੀ ਸੀ। ਉਹ ਉਹਦੀ ਕੋਈ ਵੀ ਗੱਲ ਮੂੰਹੋਂ ਨਹੀਂ ਸੀ ਡਿੱਗਣ ਦਿੰਦਾ ਪਰ ਇਹ ਮੰਗ ਹੀ ਅਜਿਹੀ ਸੀ, ਜਿਹੜੀ ਚਿੜੀਆਂ ਦਾ ਦੁੱਧ ਬਣੀ ਪਈ ਸੀ।

ਡੇਢ ਕੁ ਮਹੀਨਾ ਹੋ ਗਿਆ ਸੀ। ਹੁਣ ਕਦੇ ਸਹਿਜ ਨੇ ਚੰਦਨ ਦਾ ਬੂਟਾ ਲਿਆਉਣ ਦੀ ਜ਼ਿੱਦ ਨਹੀਂ ਸੀ ਕੀਤੀ। ਕਦੇ-ਕਦੇ ਇਹ ਵੀ ਲੱਗਦਾ ਸੀ, ਜਿਵੇਂ ਉਹ ਇਹ ਗੱਲ ਭੁੱਲ ਹੀ ਗਈ ਹੋਵੇ ਪਰ ਉਸਦੇ ਪਾਪਾ ਨੂੰ ਯਾਦ ਸੀ।

ਸਹਿਜ ਦੇ ਮਾਂ-ਬਾਪ ਨੂੰ ਨਹੀਂ ਸੀ ਪਤਾ ਕਿ ਉਸਨੇ ਜ਼ਿੱਦ ਕਿਉਂ ਫੜੀ ਹੋਈ ਸੀ। ਸਹਿਜ ਦੇ ਜੀਵਨ 'ਚ ਚੰਦਨ ਅਚਾਨਕ ਹੀ ਆ ਗਿਆ ਸੀ, ਜਿਹੜਾ ਉਸਦੇ ਨਾਲ਼ ਪੜ੍ਹਦਾ ਸੀ ਅਤੇ ਸਾਰੀ ਕਲਾਸ ਦੇ ਮੁੰਡਿਆਂ ਨਾਲ਼ੋਂ ਉਹਨੂੰ ਚੰਗਾ ਲਗਦਾ ਸੀ। ਉਹਨੂੰ ਉਸਦੇ ਸੁਪਨੇ ਵੀ ਆਉਂਦੇ ਸੀ।

ਗਰਮੀ ਦੇ ਸ਼ੁਰੂਆਤ ਦੇ ਦਿਨ ਸਨ। ਦਸਵੀਂ ਦੀ ਕਲਾਸ ਸ਼ੁਰੂ ਹੋਣ ਤੋਂ ਪਿੱਛੋਂ ਉਨ੍ਹਾਂ ਦੀ ਕਲਾਸ ਦਾ ਟੂਰ ਬਠਿੰਡੇ ਕੋਲ਼ ਬਹਿਮਣ ਬੀੜ ਗਿਆ ਸੀ। ਉੱਥੇ ਤਰ੍ਹਾਂ-ਤਰ੍ਹਾਂ ਦੇ ਦਰੱਖ਼ਤ ਲੱਗੇ ਹੋਏ ਸਨ। ਜਾਨਵਰ ਵੀ ਸਨ। ਬੜੀ ਰਮਣੀਕ ਥਾਂ ਸੀ। ਫੁੱਲਾਂ ਨਾਲ਼ ਭਰੀਆਂ ਹੋਈਆਂ ਕਿਆਰੀਆਂ। ਅਸਮਾਨ ਛੂੰਹਦੇ ਦਰੱਖ਼ਤ। ਹਰ ਇੱਕ ਦਰੱਖ਼ਤ 'ਤੇ ਲੋਹੇ ਦੀਆਂ ਪਲੇਟਾਂ ਲੱਗੀਆਂ ਹੋਈਆਂ ਸਨ। ਉੱਤੇ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ 'ਚ ਰੁੱਖ ਦਾ ਨਾਂ ਲਿਖਿਆ ਹੋਇਆ ਸੀ।

ਜਦੋਂ ਸਹਿਜ ਆਪਣੀਆਂ ਸਹੇਲੀਆਂ ਨਾਲ਼ ਬੀੜ ਵਿੱਚ ਗਈ ਤਾਂ ਮੁੰਡੇ ਅੱਗੇ ਸਨ। ਚੰਦਨ ਇੱਕ ਦਰੱਖ਼ਤ ਨੂੰ ਵੇਖ ਕੇ ਰੁਕ ਗਿਆ ਸੀ। ਮੁੰਡੇ ਅੱਗੇ ਲੰਘ ਗਏ ਸੀ। ਕੁੜੀਆਂ ਮੁੰਡਿਆਂ ਤੋਂ ਪਿੱਛੋਂ ਬੀੜ ਦਾ ਗੇਟ ਟੱਪੀਆਂ ਸਨ। ਕੁਝ ਮੈਡਮਾਂ ਵੀ ਉਨ੍ਹਾਂ ਦੇ ਨਾਲ਼ ਸਨ। ਜਦੋਂ ਸਹਿਜ ਚੰਦਨ ਦੇ ਨੇੜੇ ਆਈ ਤਾਂ ਉਸਨੇ ਗੇਟ ਦੇ ਨਾਲ਼ ਲੱਗੇ ਇੱਕ ਰੁੱਖ ਵੱਲ ਇਸ਼ਾਰਾ ਕੀਤਾ ਤੇ ਫੇਰ ਦਰੱਖ਼ਤ 'ਤੇ ਲੱਗੀ ਹੋਈ ਲੋਹੇ ਦੀ ਪਲੇਟ ਵੱਲ ਅਤੇ ਫੇਰ ਆਪਣੀ ਛਾਤੀ ਵੱਲ ਦੋ-ਤਿੰਨ ਵਾਰ ਆਪਣਾ ਅੰਗੂਠਾ ਕੀਤਾ, ਜਿਸ ਦਾ ਮਤਲਬ ਸੀ, ਵੇਖ! ਇਹ ਮੈਂ ਹਾਂ। ਦਰੱਖ਼ਤ ਦੇ ਪੋਰੇ 'ਤੇ ਲਿਖਿਆ ਹੋਇਆ ਸੀ 'ਚੰਦਨ'।

ਉਹ ਦੋਵੇਂ ਦਰੱਖ਼ਤ ਕੋਲ਼ ਖੜ੍ਹੇ ਰਹਿ ਗਏ ਸੀ। ਮੁੰਡੇ ਕਾਫ਼ੀ ਅੱਗੇ ਨਿੱਕਲ਼ ਗਏ ਸੀ ਅਤੇ ਕੁੜੀਆਂ ਹੌਲ਼ੀ-ਹੌਲ਼ੀ ਅੱਗੇ ਜਾ ਰਹੀਆਂ ਸਨ। ਉਨ੍ਹਾਂ ਨੂੰ ਖੜ੍ਹਿਆਂ ਨੂੰ ਵੇਖ ਕੇ ਮਾਲੀ ਆਇਆ, ਜਿਹੜਾ ਕਿਸੇ ਬਾਹਰਲੇ ਰਾਜ ਦਾ ਸੀ। ਉਹ ਦੋਵਾਂ ਵੱਲ ਵੇਖਦਾ ਹੋਇਆ ਕਹਿਣ ਲੱਗਿਆ, 'ਯੇਹ ਚੰਦਨ ਕਾ ਪੇੜ ਹੈ। ਇਸ ਮੇਂ ਸੇ ਬਹੁਤ ਅੱਛੀ ਖ਼ੁਸ਼ਬੂ ਆਤੀ ਹੈ।"

ਇਹ ਕਹਿ ਕੇ ਉਹ ਇੱਕ ਘਾਹ ਕੱਟਣ ਵਾਲ਼ਾ ਲੰਬਾ ਚਾਕੂ ਜਿਹਾ ਚੁੱਕ ਲਿਆਇਆ। ਉਸਨੇ ਆ ਕੇ ਛੁਰੀ-ਨੁਮਾ ਚਾਕੂ ਨੂੰ ਤਿੰਨ-ਚਾਰ ਵਾਰ ਦਰੱਖ਼ਤ ਦੇ ਪੋਰੇ 'ਤੇ ਮਾਰਿਆ ਤੇ ਫੇਰ ਕਿਹਾ ਕਿ ਉਹ ਦੋਵੇਂ ਕੱਟ ਵਾਲ਼ੀ ਜਗ੍ਹਾ ਸੁੰਘ ਕੇ ਵੇਖਣ।

ਸਹਿਜ ਨੇ ਕੱਟ ਵਾਲ਼ੀ ਥਾਂ 'ਤੇ ਨੱਕ ਕੀਤਾ ਅਤੇ ਅੰਦਰ ਨੂੰ ਸਾਹ ਖਿੱਚਿਆ ਤੇ ਚੰਦਨ ਵੱਲ ਵੇਖਿਆ। ਸਹਿਜ ਦੀ ਰੂਹ ਸੁਗੰਧੀ ਗਈ। ਉਸਨੂੰ ਪਤਾ ਹੀ ਨਾ ਲੱਗਿਆ, ਕਦੋਂ ਚੰਦਨ ਉਹਦੇ ਮਨ 'ਚ ਜਾ ਉੱਤਰਿਆ। ਉਹ ਰੁੱਖ ਦੇ ਪੋਰੇ ਤੋਂ ਪਾਸੇ ਹੋਈ। ਮਾਲੀ ਨੇ ਫੇਰ ਚੰਦਨ ਵੱਲ ਇਸ਼ਾਰਾ ਕੀਤਾ। ਮੁੰਡੇ-ਕੁੜੀਆਂ ਅੱਗੇ ਲੰਘ ਗਏ ਸਨ ਅਤੇ ਨਾਲ਼ ਆਈ ਵੱਡੀ ਮੈਡਮ ਰੁੱਖੇ ਬੋਲ 'ਚ ਸਹਿਜ ਨੂੰ ਆਵਾਜ਼ਾਂ ਮਾਰ ਰਹੀ ਸੀ। ਉਹ ਭੱਜ ਕੇ ਉਨ੍ਹਾਂ ਦੇ ਨਾਲ਼ ਜਾ ਰਲ਼ੇ। ਜਦੋਂ ਬੀੜ ਵੇਖ ਕੇ ਉਹ ਵਾਪਸ ਆਏ ਤਾਂ ਸਹਿਜ ਦਾ ਪਾਪਾ ਸਕੂਲ ਦੇ ਗੇਟ ਅੱਗੇ ਕਾਰ ਲਾਈ ਖੜ੍ਹਾ ਸੀ। ਸਹਿਜ ਭੱਜ ਕੇ ਉੱਤਰੀ ਅਤੇ ਮੈਡਮਾਂ ਵੱਲ ਹੱਥ ਹਿਲਾਉਂਦੀ ਹੋਈ ਪਾਪਾ ਦੀ ਕਾਰ ਵੱਲ ਚਲੀ ਗਈ। ਉਸਨੇ ਇਸ਼ਾਰੇ ਨਾਲ਼ ਚੰਦਨ ਵੱਲ ਵੀ ਹੱਥ ਹਿਲਾਇਆ ਸੀ।

ਘਰੇ ਆ ਕੇ ਸਹਿਜ ਨੇ ਆਪਣੇ ਪਾਪਾ ਨੂੰ ਚੰਦਨ ਦੇ ਦਰੱਖ਼ਤ ਬਾਰੇ ਦੱਸਿਆ।

ਅਗਲਾ ਦਿਨ ਐਤਵਾਰ ਸੀ। ਸਹਿਜ ਆਪਣੇ ਪਾਪਾ ਨੂੰ ਸ਼ਹਿਰ ਦੀਆਂ ਸਾਰੀਆਂ ਨਰਸਰੀਆਂ 'ਚ ਲੈ ਕੇ ਗਈ ਅਤੇ ਚੰਦਨ ਦੇ ਬੂਟੇ ਦੀ ਮੰਗ ਕੀਤੀ ਪਰ ਸਾਰੇ ਜਵਾਬ ਦੇ ਗਏ ਸੀ, ਕਿਹਾ ਸੀ ਕਿ ਉਨ੍ਹਾਂ ਕੋਲ਼ ਕਦੇ ਕੋਈ ਚੰਦਨ ਦਾ ਬੂਟਾ ਲੈਣ ਨਹੀਂ ਸੀ ਆਇਆ ਅਤੇ ਨਾ ਹੀ ਉਨ੍ਹਾਂ ਨੂੰ ਪਤਾ ਹੈ ਕਿ ਉਹ ਕਿੱਥੋਂ ਮਿਲਦਾ ਹੈ?

ਚੰਦਨ ਦਾ ਬੂਟਾ ਨਾ ਮਿਲਣ ਕਾਰਨ ਸਹਿਜ ਉਦਾਸ ਹੋ ਗਈ। ਉਹ ਚਾਹੁੰਦੀ ਸੀ ਕਿ ਕਿਹੜੇ ਵੇਲ਼ੇ ਉਨ੍ਹਾਂ ਦੇ ਬਾਗ਼ 'ਚ ਚੰਦਨ ਦਾ ਬੂਟਾ ਲੱਗੇ। ਛੇਤੀ-ਛੇਤੀ ਵੱਡਾ ਹੋਵੇ, ਮਹਿਕੇ।

ਸਹਿਜ ਤੇ ਚੰਦਨ ਦੋਵੇਂ ਕੱਦਾਵਰ ਸੀ। ਕਲਾਸ 'ਚ ਚੰਦਨ ਜਿੱਡਾ ਲੰਬਾ ਕੋਈ ਮੁੰਡਾ ਨਹੀਂ ਸੀ ਅਤੇ ਨਾ ਹੀ ਸਹਿਜ ਜਿੰਨੀ ਲੰਬੀ ਕੋਈ ਕੁੜੀ। ਦੋਵੇਂ ਇੱਕ ਦੂਜੇ ਵੱਲ ਖਿੱਚੇ ਗਏ ਸਨ। ਸਕੂਲ 'ਚ ਅਨੁਸ਼ਾਸਨ ਬਹੁਤ ਸੀ। ਮੁੰਡੇ ਕੁੜੀ ਦੀ ਖੜ੍ਹ ਕੇ ਗੱਲ ਕਰਨੀ ਬਹੁਤ ਵੱਡਾ ਗੁਨਾਹ ਸੀ। ਮੁੰਡੇ ਕੁੜੀਆਂ ਲਾਇਬ੍ਰੇਰੀ 'ਚ ਹੀ ਇਕੱਠੇ ਹੁੰਦੇ। ਉੱਥੇ ਵੀ ਇੱਕ ਅੱਧੀ ਗੱਲ ਮਸਾਂ ਹੁੰਦੀ। ਫੇਰ ਉਨ੍ਹਾਂ ਨੇ ਇੱਕ ਮੈਡਮ ਦੇ ਘਰੇ ਟਿਊਸ਼ਨ ਰੱਖ ਲਈ, ਜਿਸਦੀ ਰਿਹਾਇਸ਼ ਸਕੂਲ ਦੇ ਕੋਲ਼ ਹੀ ਸੀ। ਮੈਡਮ ਕੋਲ਼ ਬੱਚਿਆਂ ਦੇ ਕਈ ਗਰੁੱਪ ਆਉਂਦੇ। ਇੱਕ ਗਰੁੱਪ ਨੂੰ ਉਹ ਪੜ੍ਹਾ ਰਹੀ ਹੁੰਦੀ ਅਤੇ ਦੂਜਾ ਗਰੁੱਪ ਵਰਾਂਡੇ 'ਚ ਬੈਠਾ ਆਪਣੀ ਵਾਰੀ ਦੀ ਉਡੀਕ ਕਰਦਾ। ਇਹ ਉਡੀਕ ਸਹਿਜ ਅਤੇ ਚੰਦਨ ਨੂੰ ਖਿੱਚ ਕੇ ਇੱਕ ਦੂਜੇ ਦੇ ਨੇੜੇ ਕਰਦੀ। ਉਨ੍ਹਾਂ ਦੋਵਾਂ ਨੇ ਇੱਕ-ਦੂਜੇ ਦੇ ਫੋਨ ਨੰਬਰ ਲੈ ਲਏ ਸੀ। ਫੇਰ ਉਹ ਘਰਦਿਆਂ ਤੋਂ ਓਹਲਾ ਸਿਰਜ ਕੇ ਇੱਕ ਦੂਜੇ ਨਾਲ਼ ਗੱਲਾਂ ਕਰਦੇ।

ਸ਼ਹਿਰ 'ਚ ਇੱਕ ਝੀਲ ਵੀ ਸੀ। ਉੱਥੇ ਵੀ ਸ਼ਹਿਰ ਦੇ ਲੋਕ ਜਾਂਦੇ। ਸਹਿਜ ਤੇ ਚੰਦਨ ਕਈ ਵਾਰ ਉੱਥੇ ਗਏ। ਝੀਲ ਦੇ ਪਿਛਲੇ ਪਾਸੇ ਸੰਘਣਾ ਜੰਗਲ ਸੀ। ਕਦੇ-ਕਦੇ ਚੰਦਨ ਕਹਿੰਦਾ, "ਸਹਿਜ ਮੇਰਾ ਦਿਲ ਕਰਦੈ ਆਪਾਂ ਉਸ ਜੰਗਲ 'ਚ ਗੁੰਮ ਜਾਈਏ।"

ਸਹਿਜ ਕਹਿੰਦੀ, "ਫੇਰ ਆਪਣੇ ਘਰ ਦੇ ਆਪਾਂ ਨੂੰ ਲੱਭਣਗੇ ਨਈਂ?"

"ਆਪਾਂ ਬਹੁਤਾ ਚਿਰ ਗੁਆਚਦੇ ਈ ਨੀ। ਘਰੇ ਚਲੇ ਜਾਵਾਂਗੇ।"

ਸਹਿਜ ਨੂੰ ਇਹ ਗੱਲ ਬੜੀ ਅਜੀਬ ਲਗਦੀ ਕਿ ਜੰਗਲ 'ਚ ਕਾਹਦੇ ਲਈ ਗੁਆਚਣਾ ਹੈ?

ਫੇਰ ਉਨ੍ਹਾਂ ਨੂੰ ਪਤਾ ਲੱਗਿਆ ਕਿ ਸ਼ਹਿਰ ਦੇ ਬੱਸ ਸਟੈਂਡ ਦੇ ਕੋਲ਼ ਬਹੁਤ ਸਾਰੇ ਟਿਊਸ਼ਨ ਸੈਂਟਰ ਨੇ। ਟਿਊਸ਼ਨ ਉਨ੍ਹਾਂ ਨੇ ਇੱਥੇ ਹੀ ਰੱਖ ਲਈ ਸੀ। ਉੱਥੇ ਫਾਸਟ ਫੂਡ ਦੀਆਂ ਵੀ ਕਈ ਦੁਕਾਨਾਂ ਸਨ। ਉੱਥੇ ਵੀ ਮੁੰਡੇ-ਕੁੜੀਆਂ ਬੈਠੇ ਰਹਿੰਦੇ। ਖਾਂਦੇ-ਪੀਂਦੇ, ਗੱਲਾਂ ਮਾਰਦੇ। ਉਹ ਦੋਵੇਂ ਵੀ ਕਈ ਵਾਰ ਉੱਥੇ ਬੈਠ ਕੇ ਖਾ-ਪੀ ਚੁੱਕੇ ਸੀ ਪਰ ਸਹਿਜ ਹੈਰਾਨ ਸੀ ਕਿ ਚੰਦਨ ਨੇ ਕਦੇ ਵੀ ਬਿੱਲ ਨਹੀਂ ਸੀ ਦਿੱਤਾ। ਹਰ ਵਾਰ ਉਹੀ ਬਿੱਲ ਦਿੰਦੀ।

ਉਹ ਮਨੋਂ-ਮਨੀਂ ਇੱਕ ਦੂਜੇ ਦੇ ਕਾਫ਼ੀ ਨੇੜੇ ਜਾ ਚੁੱਕੇ ਸੀ। ਸਹਿਜ ਹਰ ਵੇਲ਼ੇ ਸਹਿਜ ਰਹਿੰਦੀ ਪਰ ਚੰਦਨ ਦੀ ਅੱਖ ਦਾ ਕਦੇ-ਕਦੇ ਬਦਲਿਆ ਹੋਇਆ ਰੰਗ ਵੀ ਵੇਖਦੀ, ਜੋ ਉਹਨੂੰ ਬੁਰਾ ਲੱਗਦਾ ਪਰ ਕਹਿੰਦੀ ਕੁਝ ਨਾ।

ਚੰਦਨ ਦਾ ਪਿਤਾ ਸ਼ਹਿਰ ਦੀ ਇੱਕ ਵੱਡੀ ਫੈਕਟਰੀ 'ਚ ਅਫ਼ਸਰ ਸੀ। ਉਸਦੀ ਮਾਂ ਘਰੇਲੂ ਔਰਤ, ਜਦੋਂਕਿ ਸਹਿਜ ਦੀ ਮਾਂ ਸਰਕਾਰੀ ਅਧਿਆਪਕਾ। ਇਕੱਲੀ ਹੋਣ ਕਰਕੇ ਉਹਦੀ ਹਰ ਰੀਝ ਪੂਰੀ ਹੁੰਦੀ ਸੀ।

ਚੰਦਨ ਦੇ ਪਿੰਡ ਦੇ ਕਾਫ਼ੀ ਲੋਕ ਇੱਥੇ ਰਹਿੰਦੇ ਸਨ। ਉਸਦੀ ਮਾਂ ਅਕਸਰ ਹੀ ਆਪਣੇ ਪਿੰਡ ਦਿਆਂ ਲੋਕਾਂ ਦੇ ਘਰੇ ਮਿਲ਼ਣ ਜਾਂਦੀ। ਚੰਦਨ ਨੂੰ ਇਸ ਗੱਲ ਦਾ ਪਤਾ ਸੀ। ਉਸਨੇ ਛੁੱਟੀ ਵਾਲ਼ੇ ਦਿਨ ਸਹਿਜ ਨੂੰ ਜ਼ੋਰ ਪਾ ਕੇ ਆਪਣੇ ਘਰੇ ਬੁਲਾ ਲਿਆ। ਘਰ ਦਾ ਰਾਹ ਦੱਸ ਦਿੱਤਾ। ਦੱਸੀਆਂ ਨਿਸ਼ਾਨੀਆਂ ਅਨੁਸਾਰ ਸਹਿਜ ਚਲੀ ਗਈ। ਸਹਿਜ ਨੇ ਉਸ ਦਿਨ ਪੰਜਾਬੀ ਸੂਟ ਪਾਇਆ ਹੋਇਆ ਸੀ। ਉਹ ਉਨ੍ਹਾਂ ਦੇ ਛੋਟੇ ਜਿਹੇ ਹਾਲ ਕਮਰੇ 'ਚ ਆਈ ਤਾਂ ਚੰਦਨ ਕਹਿੰਦਾ, "ਸਹਿਜ! ਇਹ ਕੀ ਪਾਇਐ ਤੂੰ? ਇਹ ਤਾਂ ਤੂੰ ਆਂਟੀ ਜਿਹੀ ਲੱਗਦੀ ਐਂ।"

"ਤੈਨੂੰ ਪਤੈ ਆਂਟੀ ਕੀ ਹੁੰਦੀ ਐ?"

"ਕੀ ਹੁੰਦੀ ਐ?" ਚੰਦਨ ਨੇ ਅੱਖਾਂ ਚੜ੍ਹਾ ਕੇ ਪੁੱਛਿਆ।

"ਮੈਂ ਇੱਕ ਫ਼ਿਲਮ ਵੇਖੀ ਸੀ। ਉਸ 'ਚ ਆਂਟੀ ਆਪਣੇ ਘਰੇ ਔਰਤਾਂ ਤੋਂ ਬੁਰਾ ਕੰਮ ਕਰਵਾਉਂਦੀ ਸੀ। ਤੂੰ ਸੋਚ ਕੇ ਬੋਲਿਆ ਕਰ।" ਸਹਿਜ ਨੇ ਫੇਰ ਕਿਹਾ।

ਉਹਦੀ ਆਵਾਜ਼ 'ਚ ਗੁੱਸੇ ਦਾ ਰਲ਼ਾ ਸੀ। ਚੰਦਨ ਝਿਪ ਗਿਆ। ਬੋਲਿਆ ਨਹੀਂ। ਉਹ ਰਸੋਈ 'ਚ ਗਿਆ ਅਤੇ ਟ੍ਰੇਅ 'ਚ ਦੋ ਗਲਾਸਾਂ 'ਚ ਕੋਕ ਲੈ ਆਇਆ। ਸਹਿਜ ਸੋਫ਼ੇ ਦੇ ਸੱਜੇ ਪਾਸੇ ਬੈਠੀ ਸੀ ਅਤੇ ਵਿਚਕਾਰ ਕਾਫ਼ੀ ਥਾਂ ਸੀ। ਚੰਦਨ ਨੇ ਟ੍ਰੇਅ ਮੇਜ਼ ਉੱਪਰ ਰੱਖ ਦਿੱਤੀ। ਸਹਿਜ ਦੀ ਚੁੰਨੀ ਦਾ ਪੱਲਾ ਸੱਜੇ ਪਾਸੇ ਸੋਫ਼ੇ 'ਤੇ ਖਿੱਲਰਿਆ ਹੋਇਆ ਸੀ। ਚੰਦਨ ਸੋਫ਼ੇ ਦੇ ਖੱਬੇ ਸਿਰੇ 'ਤੇ ਬੈਠ ਗਿਆ। ਕਹਿਣ ਲੱਗਿਆ, "ਸਹਿਜ! ਆਪਣੀ ਚੁੰਨੀ ਪਾਸੇ ਕਰ ਲੈ।"

ਸਹਿਜ ਨੂੰ ਉਹ ਬੁਰਾ ਲੱਗਿਆ। ਉਸਨੇ ਕਿਹਾ, "ਇਹ ਚੁੰਨੀ ਜਿੱਥੇ ਹੈ, ਠੀਕ ਹੈ। ਤੈਨੂੰ ਕੀ ਕਹਿੰਦੀ ਐ ਇਹ?" ਸਹਿਜ ਨੇ ਅਣਮੰਨੇ ਮਨ ਨਾਲ਼ ਕੋਕ ਪੀ ਲਿਆ। ਉਹਨੇ ਵੇਖਿਆ, ਹਾਲ ਕਮਰੇ 'ਚ ਵੱਡੀ ਸਾਰੀ ਕ੍ਰਿਸ਼ਨ ਦੀ ਫੋਟੋ ਲੱਗੀ ਹੋਈ ਸੀ। ਇੱਕ ਕ੍ਰਿਸ਼ਨ ਦੀ ਫੋਟੋ ਰਾਧਾ ਨਾਲ਼ ਸੀ, ਜਦੋਂਕਿ ਸਹਿਜ ਕੇ ਘਰੇ ਗੁਰੂਆਂ ਦੀਆਂ ਸੋਭਾ ਸਿੰਘ ਦੀਆਂ ਬਣਾਈਆਂ ਹੋਈਆਂ ਸੁਨਹਿਰੀ ਫਰੇਮਾਂ ਵਾਲ਼ੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਉਹਨੇ ਹਾਲ ਕਮਰਾ ਵੇਖਿਆ। ਉਹਨੇ ਨਿਗ੍ਹਾ ਘੁੰਮਾ ਕੇ ਵੇਖਿਆ। ਹਾਲ ਕਮਰਾ ਉਸਦੇ ਸੌਣ ਵਾਲ਼ੇ ਕਮਰੇ ਤੋਂ ਵੀ ਛੋਟਾ ਸੀ। ਜਦੋਂ ਉਹ ਚੰਦਨ ਕੇ ਘਰ ਆਈ ਸੀ ਤਾਂ ਗੇਟ ਦੇ ਨਾਲ਼ ਮਸਾਂ ਮੰਜੇ ਕੁ ਜਿੰਨੀ ਥਾਂ ਛੱਡੀ ਹੋਈ ਸੀ, ਜਦੋਂਕਿ ਉਨ੍ਹਾਂ ਦੀ ਕੋਠੀ ਦੂਰ ਤੱਕ ਫੈਲੀ ਹੋਈ ਸੀ ਅਤੇ ਕੋਠੀ ਤੋਂ ਚੌਗੁਣੇ ਥਾਂ 'ਚ ਬਾਗ਼ ਲੱਗਿਆ ਹੋਇਆ ਸੀ।

ਕੋਕ ਖ਼ਤਮ ਹੋਇਆ ਤਾਂ ਸਹਿਜ ਉੱਠ ਖੜ੍ਹੀ। ਚੰਦਨ ਨੇ ਆਪਣੇ ਘਰ ਦਾ ਪਿਛਲਾ ਪਾਸਾ ਉਹਨੂੰ ਵਿਖਾਉਣਾ ਚਾਹਿਆ ਪਰ ਉਹ ਕਹਿੰਦੀ, "ਕਦੇ ਫੇਰ ਸਹੀ।" ਮਨ 'ਚ ਉਹ ਕਹਿ ਰਹੀ ਸੀ ਕਿ ਘਰ ਵੇਖ ਹੀ ਲਿਆ ਹੈ, ਹੁਣ ਕੀ ਵੇਖਣਾ ਹੈ?

ਪਿਛਲੇ ਪੰਦਰਾਂ-ਵੀਹ ਦਿਨਾਂ ਤੋਂ ਉਹਨੂੰ ਚੰਦਨ ਦੀਆਂ ਅੱਖਾਂ ਦੇ ਬਦਲਦੇ ਰੰਗ ਚੁੱਭਣ ਲੱਗ ਪਏ ਸਨ। ਹੁਣ ਉਹਦੇ ਕਾਲ਼ਜੇ 'ਚ ਪਹਿਲਾਂ ਜਿੰਨੀ ਧੂਹ ਨਹੀਂ ਸੀ ਪੈਂਦੀ। ਉਹਦੇ ਫੋਨ ਦਿਨੋ-ਦਿਨ ਛੋਟੇ ਹੋਣ ਲੱਗ ਪਏ ਪਰ ਉਹ ਉਹਦਾ ਫੋਨ ਫੇਰ ਵੀ ਸੁਣਦੀ ਸੀ ਤਾਂ ਕਿ ਉਸਨੂੰ ਅਹਿਸਾਸ ਨਾ ਹੋਵੇ ਕਿ ਉਹ ਉਸਨੂੰ ਨਫ਼ਰਤ ਕਰਨ ਲੱਗ ਪਈ ਹੈ।

ਬੱਸ ਸਟੈਂਡ ਦੇ ਕੋਲ਼ ਇੱਕ ਦਿਨ ਪੀਜ਼ਾ ਖਾਂਦਿਆਂ ਚੰਦਨ ਨੇ ਕਿਹਾ ਸੀ, "ਸਹਿਜ! ਤੂੰ ਮੇਰੀ ਹੈ, ਸਿਰਫ਼ ਮੇਰੀ। ਤੂੰ ਕਿਸੇ ਹੋਰ ਦੀ ਨਹੀਂ ਹੋ ਸਕਦੀ।"

ਇਹ ਗੱਲ ਸਹਿਜ ਨੇ ਗੰਭੀਰਤਾ ਨਾਲ਼ ਨਹੀਂ ਸੀ ਲਈ ਕਿ ਉਹ ਆਪਣੇ ਮਨ 'ਚ ਕਿੱਦਾਂ ਦੇ ਸੁਪਨੇ ਬੁਣਨ ਲੱਗ ਪਿਆ ਹੈ। ਇਹ ਖਾਣ-ਪੀਣ ਵਾਲ਼ੀਆਂ ਦੁਕਾਨਾਂ ਦੋ-ਦੋ ਤਿੰਨ-ਤਿੰਨ ਮੰਜ਼ਿਲੀਆਂ ਵੀ ਸਨ। ਦੋ-ਤਿੰਨ ਵਾਰ ਉਤਰਨ ਵੇਲ਼ੇ ਚੰਦਨ ਨੇ ਸਹਿਜ ਦਾ ਹੱਥ ਵੀ ਫੜ ਲਿਆ ਸੀ ਪਰ ਸਹਿਜ ਨੇ ਛੁਡਾਇਆ ਨਹੀਂ ਸੀ ਤਾਂ ਕਿ ਚੰਦਨ ਇਹ ਨਾ ਸਮਝੇ ਕਿ ਉਹ 'ਨੈਰੋ-ਮਾਈਂਡਿਡ' ਹੈ।

ਉਹ ਸਭ ਕੁਝ ਵੇਖ ਕੇ ਅਣਡਿੱਠ ਕਰ ਰਹੀ ਸੀ। ਉਹ ਇੱਕ ਦਿਨ ਥੀਏਟਰ 'ਚ ਫ਼ਿਲਮ ਵੀ ਵੇਖਣ ਚਲੇ ਗਏ। ਫ਼ਿਲਮ ਵੇਖਦਾ-ਵੇਖਦਾ ਚੰਦਨ ਆਪਣੀ ਕੁਰਸੀ ਤੋਂ ਬਾਹਰ ਵੀ ਸਹਿਜ ਵੱਲ ਛਲਕਣ ਲੱਗ ਪਿਆ ਸੀ, ਜੋ ਉਸਨੂੰ ਕਾਫ਼ੀ ਬੁਰਾ ਲੱਗਿਆ ਸੀ। ਸਹਿਜ ਨੂੰ ਯਕੀਨ ਹੋ ਗਿਆ ਸੀ ਕਿ ਉਹਦਾ ਮਨ ਸਾਫ਼ ਨਹੀਂ ਹੈ। ਸੋਚ ਰਹੀ ਸੀ ਕਿ ਉਹ ਜਿਹੜੇ ਰਸਤੇ 'ਤੇ ਉਸ ਨਾਲ਼ ਤੁਰ ਰਹੀ ਹੈ, ਲੰਬਾ ਸਮਾਂ ਨਹੀਂ ਤੁਰ ਸਕੇਗੀ ਪਰ ਅਜਿਹਾ ਮੌਕਾ ਵੀ ਨਹੀਂ ਸੀ ਆ ਰਿਹਾ ਕਿ ਉਹ ਆਪਣਾ ਰਸਤਾ ਵੱਖਰਾ ਕਰ ਲੈਂਦੀ ਪਰ ਫੇਰ ਵੀ ਉਹਦੇ ਮਨ 'ਚ ਚੰਦਨ ਪ੍ਰਤੀ ਥੋੜ੍ਹੀ-ਬਹੁਤੀ ਥਾਂ ਸੀ, ਜਿਹੜੀ ਉਹ ਖ਼ਤਮ ਕਰਨਾ ਨਹੀਂ ਸੀ ਚਾਹੁੰਦੀ। ਉਹਨੇ ਰੂਹ 'ਚੋਂ ਉਹਨੂੰ ਚਾਹਿਆ ਸੀ।

ਜਦੋਂ ਉਹ ਬਹਿਮਣ ਬੀੜ ਤੋਂ ਮੁੜੇ ਸਨ ਤਾਂ ਪਿੱਛੋਂ ਸਹਿਜ ਟੀ.ਵੀ. 'ਤੇ ਪੰਜਾਬੀ ਫ਼ਿਲਮ ਵੇਖਦੀ ਜਾਂ ਹਿੰਦੀ ਫ਼ਿਲਮ 'ਚ ਹੀਰੋ ਤੇ ਹੀਰੋਇਨ 'ਤੇ ਫ਼ਿਲਮਾਏ ਗਏ ਗੀਤ ਵੇਖਦੀ ਤਾਂ ਹੀਰੋ ਚੰਦਨ ਵਰਗਾ ਲਗਦਾ ਅਤੇ ਹੀਰੋਇਨ ਆਪਣੇ ਵਰਗੀ। ਲਗਦਾ ਕਿ ਜਿਵੇਂ ਉਹ ਆਪ ਹੋਵੇ। ਸੁਪਨੇ ਵੀ ਉਸਨੂੰ ਚੰਦਨ ਦੇ ਬਹੁਤ ਆਉਂਦੇ ਸੀ। ਉਹਨੇ ਚੰਦਨ ਨੂੰ ਦੱਸ ਵੀ ਦਿੱਤਾ ਸੀ ਆਉਣ ਵਾਲ਼ੇ ਸੁਪਨਿਆਂ ਬਾਰੇ ਪਰ ਉਹ ਹੈਰਾਨ ਸੀ ਕਿ ਚੰਦਨ ਨੇ ਕਦੇ ਨਹੀਂ ਸੀ ਦੱਸਿਆ ਕਿ ਉਸਨੂੰ ਵੀ ਕਦੇ ਕੋਈ ਸਹਿਜ ਦਾ ਸੁਪਨਾ ਆਇਆ ਹੈ।

ਹਰ ਵਾਰ ਉਹ ਵੇਖਦੀ। ਉਸਦੀਆਂ ਅੱਖਾਂ ਦਾ ਰੰਗ ਪਹਿਲਾਂ ਨਾਲ਼ੋਂ ਬਦਲਿਆ ਹੁੰਦਾ। ਉਹ ਜਿਹੜਾ ਕਦੇ ਉਹਨੂੰ ਸਕੂਲ ਦੇ ਸਾਰੇ ਮੁੰਡਿਆਂ ਨਾਲ਼ੋਂ ਲੰਬਾ ਲਗਦਾ ਸੀ, ਹੁਣ ਪਤਾ ਨਹੀਂ ਕਿਉਂ ਲੰਬਾ ਲੱਗਣੋਂ ਹਟ ਗਿਆ ਸੀ। ਉਹਦੇ ਮੂਹਰਲੇ ਦੋ ਦੰਦਾਂ ਵਿਚਲੀ ਵਿੱਥ ਵੇਖਣ ਵੇਲ਼ੇ ਮਨ 'ਚ ਪਹਿਲਾਂ ਜਿੰਨੀ ਧੂਹ ਨਹੀਂ ਸੀ ਪਾਉਂਦੀ। ਉਸਦੇ ਫੋਨ ਵੀ ਬੇਤੁਕੇ ਜਿਹੇ ਹੁੰਦੇ। ਉਸਨੂੰ ਬੇ-ਕਰਾਰੀ ਨਹੀਂ ਸੀ ਹੁੰਦੀ ਤੇ ਨਾ ਹੀ ਉਡੀਕ ਦਾ ਦਰਦ।

ਸਹਿਜ ਦਾ ਪਿਤਾ ਚੰਦਨ ਦਾ ਬੂਟਾ ਲੈਣ ਲਈ ਬੜਾ ਤਤਪਰ ਸੀ। ਉਸਦੇ ਦਫ਼ਤਰ ਇੱਕ ਪੱਤਰਕਾਰ ਆਇਆ। ਉਸਨੇ ਉਸ ਕੋਲ਼ ਗੱਲ ਕੀਤੀ ਕਿ ਇਹ ਤੁਰਦਾ-ਫਿਰਦਾ ਆਦਮੀ ਹੈ। ਸ਼ਾਇਦ ਉਸਨੂੰ ਕਿਸੇ ਰਾਹ ਪਾ ਦੇਵੇ।

ਸਹਿਜ ਦੇ ਪਿਤਾ ਦੀ ਪੋਸਟਿੰਗ ਬਠਿੰਡੇ ਸੀ। ਪੱਤਰਕਾਰ ਨੇ ਦੱਸਿਆ ਕਿ ਬਹਿਮਣ ਬੀੜ 'ਚ ਚੰਦਨ ਦੇ ਬੂਟਿਆਂ ਦੀ ਪਨੀਰੀ ਤਿਆਰ ਕੀਤੀ ਜਾਂਦੀ ਹੈ। ਸਿਫ਼ਾਰਸ਼ ਨਾਲ਼ ਹੀ ਉੱਥੋਂ ਕੋਈ ਬੂਟਾ ਮਿਲਦਾ ਹੈ।

ਫਿਰ ਜਦੋਂ ਸਹਿਜ ਦੇ ਪਿਤਾ ਨੇ ਸਹਿਜ ਦੀ ਕੀਤੀ ਗਈ ਜ਼ਿੱਦ ਬਾਰੇ ਦੱਸਿਆ ਸੀ ਤਾਂ ਪੱਤਰਕਾਰ ਦਾ ਮਨ ਪਸੀਜ ਗਿਆ ਸੀ। ਉਸਨੇ ਵਾਅਦਾ ਕਰ ਲਿਆ ਸੀ ਕਿ ਉਹ ਚੰਦਨ ਦਾ ਇੱਕ ਬੂਟਾ ਬੀੜ 'ਚੋਂ ਦਿਵਾ ਦੇਵੇਗਾ ਤੇ ਉਸਨੇ ਕੱਲ੍ਹ ਆਪਣਾ ਵਾਅਦਾ ਪੂਰਾ ਕਰ ਦਿੱਤਾ ਸੀ।

ਸਹਿਜ ਦੇ ਪਾਪਾ ਬਹੁਤ ਖ਼ੁਸ਼ ਸਨ ਕਿ ਜਦੋਂ ਉਹ ਉਸਨੂੰ ਚੰਦਨ ਦੇ ਬੂਟੇ ਬਾਰੇ ਦੱਸਣਗੇ ਤਾਂ ਕਿੰਨੀ ਖ਼ੁਸ਼ ਹੋਵੇਗੀ ਉਹ ਪਰ ਉਹ ਉਸਦੇ ਆਉਣ ਤੱਕ ਸੌਂ ਚੁੱਕੀ ਸੀ। ਉਸਨੇ ਮਾਲੀ ਨੂੰ ਫੋਨ ਕਰ ਦਿੱਤਾ ਸੀ ਕਿ ਉਹ ਹੁਣੇ ਡੇਢ ਫੁੱਟ ਡੂੰਘਾ ਟੋਆ ਪੁੱਟ ਜਾਵੇ। ਉਹ ਨਾਲ਼ ਇੱਕ ਬੂਟਾ ਲਿਆ ਰਿਹਾ ਹੈ, ਜੋ ਤੜਕੇ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਲਾਉਣਾ ਹੈ।

ਦਿਨ ਚੜ੍ਹ ਗਿਆ। ਸਹਿਜ ਦੇ ਪਾਪਾ ਤੜਕੇ ਉੱਠ ਕੇ ਸੈਰ ਕਰਨ ਜਾਂਦੇ। ਉਹ ਸੈਰ ਕਰਕੇ ਆਏ ਤਾਂ ਸਹਿਜ ਸ਼ੈਂਕ 'ਤੇ ਬੁਰਸ਼ ਕਰ ਰਹੀ ਸੀ। ਉਸਦੇ ਪਾਪਾ ਨੇ ਦਿਲ ਦੀ ਪੂਰੀ ਖ਼ੁਸ਼ੀ ਨਾਲ਼ ਉਹਨੂੰ ਵਿਸ਼ ਕੀਤਾ ਅਤੇ ਕਿਹਾ, "ਸਹਿਜ! ਮੈਂ ਤੇਰਾ ਵਾਅਦਾ ਪੂਰਾ ਕਰ ਦਿੱਤੈ। ਮਾਲੀ ਆਉਣ ਵਾਲ਼ੈ। ਆਪਾਂ ਚੰਦਨ ਦਾ ਬੂਟਾ ਲਾਵਾਂਗੇ।"

ਸਹਿਜ ਨੇ ਪਾਪਾ ਦੀ ਖ਼ੁਸ਼ੀ 'ਚ ਖ਼ੁਸ਼ੀ ਰਲ਼ਾਈ ਪਰ ਜੋ ਖ਼ੁਸ਼ੀ ਉਹਨੂੰ ਬਹਿਮਣ ਬੀੜ 'ਚੋਂ ਆਉਣ ਦੇ ਕੁਝ ਦਿਨਾਂ ਬਾਅਦ ਚੰਦਨ ਦਾ ਬੂਟਾ ਮਿਲਣ 'ਤੇ ਹੋਣੀ ਸੀ, ਉਹ ਨਹੀਂ ਹੋਈ।

ਸਹਿਜ ਨੇ ਕੁਰਲੀ ਕੀਤੀ ਅਤੇ ਹੱਥ ਧੋ ਕੇ ਰਿੰਗ 'ਚ ਲਟਕਦੇ ਤੌਲੀਏ ਨਾਲ਼ ਹੱਥ ਪੂੰਝੇ ਤਾਂ ਉਸਦੇ ਪਾਪਾ ਨੇ ਕਿਹਾ, "ਆ ਤੈਨੂੰ ਚੰਦਨ ਦਾ ਬੂਟਾ ਵਿਖਾਵਾਂ।"

ਉਹ ਆਪਣੇ ਪਾਪਾ ਦੇ ਮਗਰ-ਮਗਰ ਕਦਮ ਪੁੱਟਣ ਲੱਗੀ। ਉਹਦੇ ਪਾਪਾ ਨੇ ਚੰਦਨ ਦੇ ਬੂਟੇ ਵੱਲ ਹੱਥ ਕਰਕੇ ਕਿਹਾ, "ਆਹ ਐ ਚੰਦਨ ਦਾ ਬੂਟਾ।"

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਸਤਿਗੁਰ ਨਾਨਕ ਆ ਜਾ

ਲਾਲ ਚੰਦ ਯਮਲਾ ਜੱਟ

ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
ਜੇਲ੍ਹਾਂ ਵਿੱਚ ਜਾ ਕੇ ਦੁਖੀਆਂ ਦਾ ਤੂੰ ਦੁੱਖ ਨਿਵਾਰਿਆ
ਤੂੰ ਕਰਮ ਕਮਾਇਆ ਐਸਾ ਡੁੱਬਿਆਂ ਨੂੰ ਤਾਰਿਆ
ਤੂੰ ਆਕੜ ਭੰਨੀਂ ਦਾਤਾ ਬਾਬਰ ਸਰਕਾਰ ਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
ਪਰਬਤ ਨੂੰ ਪੰਜਾ ਲਾ ਕੇ ਤੂੰ ਡਿਗਦਾ ਅਟਕਾ ਲਿਆ
ਵਲੀਆਂ ਦੇ ਵਲ ਛਲ ਕੱਢ ਕੇ ਤੂੰ ਰਾਹੇ ਪਾ ਲਿਆ
ਤੇਰੀ ਬਾਣੀ ਦੇ ਵਿੱਚ ਬਾਬਾ ਹਰ ਬਾਤ ਵਿਚਾਰ ਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
ਔਹ ਪੰਜਾ ਤੇ ਨਨਕਾਣਾ ਨਜ਼ਰਾਂ ਤੋਂ ਦੂਰ ਨੇ
ਤੇਰੀ ਦੀਦ ਦੀ ਖ਼ਾਤਿਰ ਬਾਬਾ ਅੱਖੀਆਂ ਮਜ਼ਬੂਰ ਨੇ
'ਯਮਲੇ ਜੱਟ' ਦੀ ਤੂੰਬੀ ਤੈਨੂੰ ਵਾਜਾਂ ਮਾਰਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
ਸਤਿਗੁਰ ਨਾਨਕ ਆ ਜਾ
ਦੁਨੀਆਂ ਨੂੰ ਦੀਦ ਦਿਖਾ ਸੰਗਤ ਪਈ ਪੁਕਾਰਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ

## ਨਾਨਕ

ਡਾ. ਅਲਾਮਾ ਮੁਹੰਮਦ ਇਕਬਾਲ

ਕੌਮ ਨੇ ਪੈਗ਼ਾਮੇ ਗੌਤਮ ਕੀ ਜ਼ਰਾ ਪਰਵਾਹ ਨ ਕੀ
ਕਦਰ ਪਹਚਾਨੀ ਨ ਅਪਨੇ ਗੌਹਰੇ ਯਕ ਦਾਨਾ ਕੀ
ਆਹ ! ਬਦਕਿਸਮਤ ਰਹੇ ਆਵਾਜ਼ੇ ਹਕ ਸੇ ਬੇਖ਼ਬਰ
ਗ਼ਾਫ਼ਿਲ ਅਪਨੇ ਫਲ ਕੀ ਸ਼ੀਰੀਨੀ ਸੇ ਹੋਤਾ ਹੈ ਸ਼ਜਰ
ਆਸ਼ਕਾਰ ਉਸਨੇ ਕੀਯਾ ਜੋ ਜ਼ਿੰਦਗੀ ਕਾ ਰਾਜ਼ ਥਾ
ਹਿੰਦ ਕੋ ਲੇਕਿਨ ਖ਼ਯਾਲੀ ਫ਼ਲਸਫ਼ੇ ਪਰ ਨਾਜ਼ ਥਾ
ਸ਼ਮਏਂ-ਹਕ ਸੇ ਜੋ ਮੁਨੱਵਰ ਹੋ ਯੇ ਵੋ ਮਹਫ਼ਿਲ ਨ ਥੀ
ਬਾਰਿਸ਼ੇ ਰਹਮਤ ਹੁਈ ਲੇਕਿਨ ਜ਼ਮੀਂ ਕਾਬਿਲ ਨ ਥੀ
ਆਹ ! ਸ਼ੂਦਰ ਕੇ ਲੀਏ ਹਿੰਦੁਸਤਾਨ ਗ਼ਮ ਖ਼ਾਨਾ ਹੈ
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ
ਬ੍ਰਹਮਨ ਸ਼ਰਸ਼ਾਰ ਹੈ ਅਬ ਤਕ ਮਯੇ ਪਿੰਦਾਰ ਮੇਂ
ਸ਼ਮਏਂ ਗੌਤਮ ਜਲ ਰਹੀ ਹੈ ਮਹਫ਼ਿਲੇ ਅਗ਼ਯਾਰ ਮੇਂ
ਬੁਤਕਦਾ ਫਿਰ ਬਾਦ ਮੁੱਦਤ ਕੇ ਰੌਸ਼ਨ ਹੁਆ
ਨੂਰੇ ਇਬਰਾਹੀਮ ਸੇ ਆਜ਼ਰ ਕਾ ਘਰ ਰੌਸ਼ਨ ਹੁਆ
ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਯਾ ਖ਼੍ਵਾਬ ਸੇ

## ਹਾਲਾਤ ਦਾ ਘੇਰ

ਰਵਿੰਦਰ ਕੌਰ ਰਾਵੀ

ਇਹ ਹਾਲਾਤ ਦਾ ਕੇਹਾ ਘੇਰ ਏ
ਜੇ ਮੈਂ ਸੇਰ ਤੇ ਉਹ ਸਵਾ ਸੇਰ ਏ
ਖੁੱਲ੍ਹ ਕੇ ਕਦੇ ਹੱਸਣ ਨਹੀਂ ਦਿੰਦੇ
ਨਿਗ੍ਹਾ ਚੱਜ ਨਾਲ ਚੱਕਣ ਨਹੀਂ ਦਿੰਦੇ
ਨੀਰ ਜੋ ਇੰਨਾ ਚੋਅ ਰਿਹਾ ਏ ਲੱਗਦਾ
ਅੱਖਾਂ ਵਿੱਚ ਕਿਤੇ ਕੋਈ ਤਰੇੜ ਏ
ਇਹ ਹਾਲਾਤ ਦਾ ਕੇਹਾ ਘੇਰ ਏ
ਜੇ ਮੈਂ ਸੇਰ ਤੇ ਉਹ ਸਵਾ ਸੇਰ ਏ
ਮਹਿਲ ਬਣ ਕੇ ਢਹਿ ਜਾਂਦੇ ਨੇ
ਨੀਹਾਂ ਦੇ ਪੱਥਰ ਪਰ ਰਹਿ ਜਾਂਦੇ ਨੇ
ਜਿਨ੍ਹਾਂ ਕੋਲ ਏ ਰੱਬ ਦੀ ਬਖ਼ਸ਼ਿਸ਼
ਉਹ ਦੁਨੀਆ ਦੀਆਂ ਗੱਲਾਂ ਵੀ ਸਹਿ ਜਾਂਦੇ ਨੇ
ਰੱਬ ਦੇ ਘਰ ਹਨੇਰ ਨਹੀਂ ਹੁੰਦਾ
ਲੱਗਦੀ ਭਾਵੇਂ ਥੋੜ੍ਹੀ ਦੇਰ ਏ
ਇਹ ਹਾਲਾਤ ਦਾ ਕੇਹਾ ਘੇਰ ਏ
ਜੇ ਮੈਂ ਸੇਰ ਤੇ ਉਹ ਸਵਾ ਸੇਰ ਏ।
ਸਿੱਖਣਾ ਤੇ ਸਿੱਖ ਦੇ ਰਹਿਣਾ ਜ਼ਿਦਗੀ ਦਾ ਸਾਰ ਏਹੀ ਏ
ਕਿਸੇ ਦਾ ਗਹਿਣਾ ਏ ਚੁੱਪ ਤੇ ਕਿਸੇ ਕੋਲ ਹਥਿਆਰ ਏਹੀ ਏ
ਇੰਤਜ਼ਾਰ 'ਚ ਜੋ ਸੋਨਾ ਬਣ ਜੇ ਸੱਚਾ ਕਿਰਦਾਰ ਏਹੀ ਏ
ਕਾਲੀ ਰਾਤ ਮੁੱਕਣ ਤੋਂ ਪਿੱਛੋਂ ਆਉਂਦੀਪੱਕੀ ਸੱਜਰ ਸਵੇਰ ਏ
ਇਹ ਹਾਲਾਤ ਦਾ ਕੇਹਾ ਘੇਰ ਏ
ਜੇ ਮੈਂ ਸੇਰ ਤੇ ਉਹ ਸਵਾ ਸੇਰ ਏ।

## ਸੁਣ ਮਿੱਟੀਏ

ਹਰਮਨਪ੍ਰੀਤ ਸਿੰਘ ਮਾਨ

ਸੁਣ ਮਿੱਟੀਏ ਦੇਸ਼ ਪੰਜਾਬ ਦੀਏ
ਤੈਨੂੰ ਚੁੰਮ ਮੱਥੇ ਨਾਲ ਲਾਵਾਂ ਮੈਂ
ਰਾਤੋਂ ਦਿਨ ਨਾ ਚੜ੍ਹੇ ਉੱਡ ਵਤਨਾਂ ਨੂੰ ਜਾਵਾਂ ਮੈਂ।
ਵਿੱਚ ਮਜਬੂਰੀਆਂ ਦੇ ਅਸੀਂ ਹੋਏ ਪਰਦੇਸੀ
ਜਦੋਂ ਜਾਵਾਂ, ਭੱਜ ਗਲ਼ ਲਾਵਾਂ ਮੈਂ।
ਲੱਭੇ ਨਾ ਕੋਈ ਪਰਦੇਸ 'ਚ ਆਪਣਾ
ਕਿਹਨੂੰ ਦਿਲ ਦਾ ਦਰਦ ਸੁਣਾਵਾਂ ਮੈਂ।
ਸੁੰਨੀਆਂ ਉਡੀਕਣ ਪਿੰਡ ਦੀਆਂ ਗਲ਼ੀਆਂ
ਜਿੱਥੇ ਖੇਡਿਆ ਸੀ ਨਾਲ ਚਾਵਾਂ ਮੈਂ।
ਜਾਵਾਂਗੇ ਪਿੰਡ ਰਈਏ ਇੱਕ ਦਿਨ 'ਮਾਨਾ'
ਇਹੀ ਸੋਚ ਕੇ ਵਕਤ ਲੰਘਾਵਾਂ ਮੈਂ।
ਰਿਸ਼ਤਿਆਂ ਦੀ ਤੰਦ
ਜਦ ਪੈਸਾ ਸਿਰ ਚੜ੍ਹ ਬੋਲੇ
ਫਿਰ ਰਿਸ਼ਤਿਆਂ ਦੀ ਤੰਦ ਡੋਲੇ।
ਇੱਥੇ ਕੌਣ ਕਿਸੇ ਨੂੰ ਬੋਲੇ
ਤੇ ਇੱਥੇ ਸੁਣਦਾ ਕੋਈ ਨਾ
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।
ਜਿਹਨੂੰ ਸੀਨੇ ਨਾਲ ਸੀ ਲਾਇਆ
ਉਸ ਨੇ ਚੱਕਰ ਈ ਐਸਾ ਚਲਾਇਆ
ਉਹਨੇ ਪਲਟ ਕੇ ਰੱਖਤੀ ਕਾਇਆ
ਜ਼ੋਰ ਚੱਲੇ ਕੋਈ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।
ਜਦੋਂ ਨਫ਼ਰਤ ਦਾ ਸੱਪ ਡੰਗਦਾ
ਬੰਦਾ ਪਾਣੀ ਵੀ ਨ੍ਹੀਂ ਮੰਗਦਾ।
ਫਿਰ ਬਿਗੁਲ ਜੰਗ ਦਾ ਵੱਜਦਾ
ਕਿਤੇ ਸ਼ਾਂਤੀ ਹੋਈ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।
'ਮਾਨਾ' ਕਾਹਤੋਂ ਝੋਰਾ ਲਾਇਆ
ਆਪੇ ਵੇਖੂ ਜਿਹਨੇ ਬਣਾਇਆ।
ਜਾ ਦੁਖੜਾ ਉਹਨੂੰ ਸੁਣਾਇਆ
ਕਦੇ ਉਦਾਸ ਹੋਈਂ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।

## ਦੇਸ਼ਾਂ ਦੀ ਜੰਗ

ਹਰਪ੍ਰੀਤ ਪੱਤੋ



ਅੱਧ ਅਸਮਾਨੋਂ ਜਹਾਜ਼ ਉੱਥੇ ਬੰਬ ਸੁੱਟਣ
ਹੱਲੇ ਧਰਤੀ ਗੂੰਜੇ ਅਸਮਾਨ ਮੀਆਂ।
ਇਮਾਰਤਾਂ ਡਿੱਗੀਆਂ, ਲੋਥਾਂ ਢੇਰ ਲੱਗੇ
ਜਿਉਂ ਫ਼ਸਲ ਕੱਟੇ ਕਿਰਸਾਨ ਮੀਆਂ।
ਅੱਗੇ ਰੂਸ ਯੂਕਰੇਨ ਦੀ ਜੰਗ ਲੱਗੀ
ਹੁਣ ਇਜ਼ਰਾਈਲ ਤੇ ਲਿਬਨਾਨ ਮੀਆਂ।
ਬੈਠੇ ਲੋਕ ਕੋਸਦੇ ਉੱਥੇ ਕਿਸਮਤਾਂ ਨੂੰ
ਘਰ ਸ਼ਹਿਰ ਬਣੇ ਬੀਆਬਾਨ ਮੀਆਂ।
ਭੁੱਖਮਰੀ ਬਿਮਾਰੀਆਂ ਲਾਏ ਡੇਰੇ
ਨੱਚਣ ਭੂਤਨੇ ਜਿਉਂ ਸ਼ਮਸ਼ਾਨ ਮੀਆਂ।
ਪਸ਼ੂਆਂ ਜੀਵ ਜੰਤੂਆਂ ਦੁੱਖ ਕੌਣ ਜਾਣੇ
ਬੰਬ ਵੇਖੇ ਨਾ ਜ਼ੁਬਾਨ ਬੇਜ਼ੁਬਾਨ ਮੀਆਂ।
ਸਾਰੇ ਦੇਸ਼ ਫਿਕਰਾਂ ਵਿੱਚ ਪਏ ਡੁੱਬੇ
ਬਣ ਜਾਣ ਨਾ ਸ਼ਹਿਰ ਜਪਾਨ ਮੀਆਂ।
ਲੜਾਈ ਸਲਾਹੀ ਨਾ ਕਿਸੇ ਕੁੱਤਿਆਂ ਦੀ
ਲੜ ਮਰੇ ਕਿਉਂ ਨਿੱਤ ਇਨਸਾਨ ਮੀਆਂ।
ਸੁਲਝਾਓ ਮਸਲਾ ਕੱਢੋ ਛੇਤੀ ਹੱਲ ਕੋਈ
ਪੱਤੋ, ਹੋਵੇ ਉੱਥੇ ਅਮਨ ਅਮਾਨ ਮੀਆਂ।

## ਜ਼ੁਲਮਾਂ ਦੇ ਅੰਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਐਸੇ ਵੀ ਨੇ ਜ਼ਾਲਮ, ਇਸ ਦੁਨੀਆ ਵਿੱਚ ਵਸਦੇ,
ਜੋ ਰੋਕਦੇ ਨੇ ਹਰ ਰੋਜ਼, ਮਜ਼ਲੂਮਾਂ ਦੇ ਰਸਤੇ।
ਤੜਪ ਤੜਪ ਕੇ ਪਿਸਦੇ, ਗਰੀਬਾਂ ਨੂੰ ਦੇਖ,
ਮਾਰ ਮਾਰ ਠਹਾਕੇ ਨੇ ਉਹ, ਪੁਰਜ਼ੋਰ ਹੱਸਦੇ।
ਜ਼ੰਜੀਰਾਂ ਦੇ ਮਾਲਕ ਖੁਦ, ਹੱਥਕੜੀਆਂ ਦੇ ਰਾਖੇ,
ਪਹਿਨਾਂਦੇ ਨੇ ਮਜ਼ਲੂਮਾਂ ਨੂੰ, ਰੋਜ਼ ਕੱਸ ਕੱਸ ਕੇ।
ਵਜਾਉਂਦੇ ਨੇ ਸਾਜ਼ ਵਾਂਗ, ਪਲ ਪਲ ਵਿੱਚ ਤਾਲਾਂ,
ਦੀਵਾਨੇ ਜੋ ਚੱਲਦੇ ਨੇ, ਮੰਜ਼ਿਲਾਂ ਦੇ ਰਸਤੇ।
ਧਰਤੀ ਵੀ ਜ਼ਾਲਿਮ ਦੀ, ਤੇ ਅੰਬਰ ਵੀ ਉਸ ਦੇ,
ਆਹਾਂ ਤੇ ਦੁਆਵਾਂ ਵੀ ਨਹੀਂ, ਮਜ਼ਲੂਮਾਂ ਦੇ ਵੱਸ 'ਤੇ!
ਕਿਹੜੀਆਂ ਨੇ ਵਾੜਾਂ ਅਤੇ, ਕਿਹੜੇ ਬਾਗ਼ ਬਗੀਚੇ,
ਮਾਲੀ ਜੋ ਉਜਾੜਨ ਬੂਟੇ, ਜੜ੍ਹਾਂ ਪੱਟ ਪੱਟ ਕੇ।
ਵਸਦਾ ਏ ਰੱਬ ਜੇਕਰ, ਹਰ ਇੱਕ ਦੇ ਦਿਲ ਵਿੱਚ,
ਲੋਕ ਕਿਉਂ ਨਹੀਂ ਜ਼ਾਲਿਮਾਂ ਨੂੰ, ਹਕੀਕਤ ਇਹ ਦੱਸਦੇ?
ਕਿਉਂ ਐਸੀ ਗ਼ਲਤ ਫਹਿਮੀ, ਵਿੱਚ ਗ੍ਰਸਤ ਹੋ ਜ਼ਾਲਿਮੋਂ?
ਮੁਲਜ਼ਿਮ ਹਮੇਸ਼ਾਂ ਨਹੀਂ, ਤੁਹਾਡੇ ਜਾਲਾਂ ਵਿੱਚ ਫੱਸਦੇ।
ਪਰਤਿਆ ਜਦੋਂ ਪਾਸਾ ਤਾਂ, ਬਹੁਤ ਪਛਤਾਓਗੇ,
ਨਹੀਂ ਲੱਭਣੇ ਫੇਰ ਰਸਤੇ, ਕਿੱਥੇ ਜਾਓਗੇ ਨੱਸ ਕੇ?

## ਗ਼ਜ਼ਲ

ਰਾਕੇਸ਼ ਕੁਮਾਰ

ਯਾਦਾਂ ਦੇ ਨਾਲ ਕੁਝ ਦਰਦ ਟਿਕਾ ਲਏ।
ਜਦੋਂ ਬੀਤੇ ਪਲ ਸਾਥੀ ਆਪਣੇ ਬਣਾ ਲਏ।
ਹੋਰਾਂ ਦੇ ਰਾਹਾਂ ਉੱਤੇ ਚੱਲ ਕੇ ਕੀ ਪੁੱਜਣਾ ਸੀ,
ਮੰਜ਼ਿਲ ਲਈ ਰਾਹ ਖੁਦ ਹੀ ਬਣਾ ਲਏ।
ਕੈਨਵਸ 'ਤੇ ਤਸਵੀਰ ਨੇ ਬਿਖਰਨਾ ਹੀ ਸੀ,
ਰੰਗਾਂ ਨੇ ਆਪਣੇ ਜਦੋਂ ਦਰਦ ਦਬਾ ਲਏ।
ਹਸ਼ਰ ਬਗ਼ਾਵਤ ਦਾ ਇਹ ਹੀ ਹੋਣਾ ਸੀ,
ਦਹਿਲੀਜ਼ ਤੋਂ ਨਜ਼ਰਾਂ ਦੇ ਪਹਿਰੇ ਹਟਾ ਲਏ।
ਇਸ ਦੀ ਤਾਕਤ ਨੂੰ ਹੁਣ ਮੈਂ ਪਛਾਣ ਗਿਆ,
ਦੌਲਤ ਨੇ ਤੋੜ ਕੇ ਰਿਸ਼ਤੇ ਨਾਲ ਮਿਲਾ ਲਏ।
ਨੈਣਾਂ ਦੀ ਝੀਲ 'ਚ ਪਿਆਸਿਆਂ ਨੇ ਡੁੱਬਣਾ ਸੀ,
ਘਰ ਦੀਆਂ ਖਿੜਕੀਆਂ ਤੋਂ ਜਦੋਂ ਪਰਦੇ ਹਟਾ ਲਏ।

## ਗ਼ਜ਼ਲ

ਗੁਰਵਿੰਦਰ ਸਿੰਘ ਗੋਸਲ

ਢਾਹਿਆ ਨਾ ਕਰ ਢੇਰੀ, ਹਿੰਮਤ ਕਰਿਆ ਕਰ।
ਯਾਰ ਮਾਮੂਲੀ ਮੁਸ਼ਕਿਲ, ਤੋਂ ਨਾ ਡਰਿਆ ਕਰ।
ਸਿੱਕੇ ਦੇ ਦੋ ਪਾਸੇ, ਦੁੱਖ-ਸੁੱਖ ਜੀਵਨ ਦੇ,
ਸੁੱਖਾਂ ਵਾਂਗਰ ਦੁੱਖ ਵੀ, ਹੱਸ ਕੇ ਜਰਿਆ ਕਰ।
ਤੈਨੂੰ ਮੰਜ਼ਿਲ ਮਿਲਣੀ, ਮਿਹਨਤ ਕਰ ਕੇ ਹੀ,
ਮਿਹਨਤ ਜਾਰੀ ਰੱਖ ਤੇ, ਧੀਰਜ ਧਰਿਆ ਕਰ।
ਐਵੇਂ ਥਾਂ-ਥਾਂ ਉੱਤੇ, ਸੀਸ ਝੁਕਾਵੇਂ ਕਿਉਂ,
ਇੱਕੋ ਦਰ ਦਾ ਹੋ ਕੇ, ਤਨ-ਮਨ ਹਰਿਆ ਕਰ।
ਇੱਕ ਦਿਨ ਡੁੱਬ ਜਾਵੇਂਗਾ, ਅੱਧਵਿਚਾਲੇ ਹੀ,
ਦੋਵਾਂ ਬੇੜੀਆਂ ਵਿੱਚ, ਪੈਰ ਨਾ ਧਰਿਆ ਕਰ।
ਔਖੇ ਵੇਲੇ ਤੇਰੇ, ਕੰਮ ਨਾ ਆਏ ਜੋ,
ਯਾਦ ਉਨ੍ਹਾਂ ਨੂੰ ਕਰ ਕੇ, ਅੱਖ ਨਾ ਭਰਿਆ ਕਰ।
'ਗੋਸਲ' ਮਰਨਾ ਪੈਣੈ, ਭਾਵੇਂ ਇੱਕ ਦਿਨ ਤਾਂ,
ਐਪਰ ਇਸ ਚਿੰਤਾ ਵਿੱਚ, ਰੋਜ਼ ਨਾ ਮਰਿਆ ਕਰ।

## ਉਹ

ਜਗਜੀਤ ਗੁਰਮ

ਉਹ ਸਾਹਮਣੇ ਬੈਠੇ ਇੱਕ ਦੂਜੇ ਤੋਂ ਨਜ਼ਰ ਚੁਰਾਉਂਦੇ ਰਹੇ
ਜੋ ਕਦੇ ਇੱਕ ਦੂਜੇ ਨੂੰ ਆਪਣੀ ਜਾਨ ਤੋਂ ਵੀ ਵੱਧ ਚਾਹੁੰਦੇ ਰਹੇ।
ਉਸ ਦੇ ਨਾਲ ਦੇ ਮੇਰੀ ਜਿੱਤ ਲਈ ਕੋਸ਼ਿਸ਼ ਸਨ ਕਰਦੇ ਰਹੇ
ਮੇਰੀ ਮਦਦ ਲਈ ਆਏ ਹੋਏ ਮੈਨੂੰ ਹੀ ਹਰਾਉਂਦੇ ਰਹੇ।
ਇੱਕ ਦੂਜੇ ਨੂੰ ਬਿਨ ਪਹਿਚਾਣੇ ਤੋਂ ਲੰਘ ਗਏ ਕੋਲੋਂ ਦੀ
ਉਹ ਬਚਪਨ ਵੇਲੇ ਇਕੱਠੇ ਮੀਹਾਂ ਦੇ ਵਿੱਚ ਨਹਾਉਂਦੇ ਰਹੇ।
ਗੀਤਾਂ ਵਾਲੇ ਗੀਤਾਂ ਵਿੱਚ ਖ਼ਬਰਾਂ ਹੀ ਪੜ੍ਹਦੇ ਨੇ ਅੱਜ-ਕੱਲ੍ਹ
ਖ਼ਬਰਾਂ ਵਾਲੇ ਸਭ ਮਿਲ ਜੁਲ ਕੇ ਸੱਤਾ ਦੇ ਗੁਣ ਗਾਉਂਦੇ ਰਹੇ।
ਏਨੀ ਮਿਹਨਤ ਨਾਲ ਤਾਂ ਉਹ ਸਭਨਾਂ ਤੋਂ ਅੱਗੇ ਲੰਘ ਜਾਂਦੇ
ਜਿੰਨਾ ਮੈਨੂੰ ਪਿੱਛੇ ਖਿੱਚਣ ਲਈ ਉਹ ਜ਼ੋਰ ਲਗਾਉਂਦੇ ਰਹੇ।
ਨਾਲੇ ਕਹਿੰਦੇ ਪਿੰਡਾਂ ਦੇ ਵਿੱਚ ਆਪਣਾਪਣ ਜ਼ਿਆਦਾ ਹੁੰਦਾ
ਲੋਕੀਂ ਫਿਰ ਵੀ ਪਿੰਡਾਂ ਨੂੰ ਛੱਡ-ਛੱਡ ਸ਼ਹਿਰਾਂ ਵੱਲ ਆਉਂਦੇ ਰਹੇ।
ਅਸਲੀਅਤ ਵਿੱਚ ਤਾਂ ਉਨ੍ਹਾਂ ਨੂੰ ਮਿਲਣ ਨਾ ਦਿੱਤਾ ਲੋਕਾਂ ਨੇ
ਜੋ ਸੁਪਨੇ ਵਿੱਚ ਇੱਕ ਦੂਜੇ ਨੂੰ ਰੋਜ਼ ਮਿਲਣ ਲਈ ਆਉਂਦੇ ਰਹੇ।

# ਮਿੱਟੀ ਦੇ ਬਾਦਸ਼ਾਹ ਰਾਫੇਲ ਨਡਾਲ ਵੱਲੋਂ ਟੈਨਿਸ ਨੂੰ ਅਲਵਿਦਾ !




ਜਗਜੀਤ ਸਿੰਘ ਗਣੇਸ਼ਪੁਰ

## ਰਿਕਾਰਡਾਂ ਦੀ ਬਣਾਈ ਅਟੁੱਟ ਲੜੀ

ਟੈਨਿਸ ਕੋਰਟ ’ਤੇ ਆਪਣੀ ਬੇਮਿਸਾਲ ਦ੍ਰਿੜਤਾ ਲਈ ਜਾਣੇ ਜਾਂਦੇ ਰਾਫੇਲ ਨਡਾਲ ਦੇ ਪਿਛਲੇ ਦਿਨੀਂ ਡੇਵਿਸ ਕੱਪ ਤੋਂ ਬਾਅਦ ਟੈਨਿਸ ਕੋਰਟ ਤੋਂ ਸੰਨਿਆਸ ਲੈਣ ਦੇ ਐਲਾਨ ਨਾਲ ਟੈਨਿਸ ਪ੍ਰੇਮੀਆਂ ਦੇ ਮਨ ਮਾਯੂਸ ਹਨ। ਰਾਫੇਲ ਨਡਾਲ ਦੀ ਸ਼ੈਲੀ ਦਾ ਵਰਣਨ ਕਰਨ ਦਾ ਸਭ ਤੋਂ ਸੌਖਾ ਤਰੀਕਾ ਇਹ ਹੋਵੇਗਾ ਕਿ ਉਸ ਨੇ ਲੰਬੀਆਂ ਰੈਲੀਆਂ ਵਿੱਚ ਦਬਦਬਾ ਬਣਾਇਆ, ਆਪਣੇ ਵਿਰੋਧੀਆਂ ਦੇ ਥੱਕ ਜਾਣ ਅਤੇ ਗ਼ਲਤੀ ਕਰਨ ਦੀ ਉਡੀਕ ਕੀਤੀ, ਨਡਾਲ ਆਪਣੇ ਸ਼ਕਤੀਸ਼ਾਲੀ ਫੋਰਹੈਂਡ ਲਈ ਵੀ ਜਾਣਿਆ ਜਾਂਦਾ ਰਹੇਗਾ।

ਆਪਣੇ 20 ਸਾਲਾਂ ਤੋਂ ਵੱਧ ਚੱਲੇ ਕੈਰੀਅਰ ਦੇ ਦੌਰਾਨ ਇਸ ਸਪੈਨਿਸ਼ ਸਨਸਨੀ ਰਾਫੇਲ ਨਡਾਲ ਨੇ ਕਈ ਰਿਕਾਰਡ ਬਣਾਏ ਅਤੇ ਤੋੜੇ। ਨਡਾਲ, ਜਿਸਨੂੰ ਵਿਆਪਕ ਤੌਰ ’ਤੇ ‘ਮਿੱਟੀ ਦੇ ਬਾਦਸ਼ਾਹ’ ਵਜੋਂ ਜਾਣਿਆ ਜਾਂਦਾ ਹੈ, ਨੇ ਆਪਣੀ ਸ਼ਾਨਦਾਰ ਸਫਲਤਾ ਨਾਲ ਦੁਨੀਆਂ ਵਿੱਚ ਵਾਹ-ਵਾਹ ਖੱਟੀ। ਫ੍ਰੈਂਚ ਓਪਨ ਵਿੱਚ 2005 ਵਿੱਚ ਆਪਣਾ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਣ ਤੋਂ ਬਾਅਦ, ਸਪੈਨਿਸ਼ ਸਟਾਰ ਨੇ 21 ਹੋਰ ਗ੍ਰੈਂਡ ਸਲੈਮ ਆਪਣੇ ਨਾਮ ਕੀਤੇ। ਉਸ ਤੋਂ ਉਪਰ ਸਿਰਫ਼ ਨੋਵਾਕ ਜੋਕੋਵਿਚ ਹੈ ਜਿਸ ਦੇ ਨਾਮ 24 ਗ੍ਰੈਂਡ ਸਲੈਮ ਹਨ। ਟੈਨਿਸ ਤੋਂ ਸੰਨਿਆਸ ਲੈਣ ਦੇ ਬਾਵਜੂਦ, ਨਡਾਲ ਦੇ ਕੁਝ ਰਿਕਾਰਡ ਲੰਬੇ ਸਮੇਂ ਤੱਕ ਅਟੁੱਟ ਰਹਿ ਸਕਦੇ ਹਨ। 38 ਸਾਲਾ, ਇਹ ਸਪੇਨੀ ਖਿਡਾਰੀ 19 ਨਵੰਬਰ ਤੋਂ ਮਾਲਾਗਾ ਵਿਖੇ ਸ਼ੁਰੂ ਹੋਣ ਵਾਲੇ ਡੇਵਿਸ ਕੱਪ ਫਾਈਨਲਜ਼ ਦੌਰਾਨ ਆਖ਼ਰੀ ਵਾਰ ਘਰੇਲੂ ਦਰਸ਼ਕਾਂ ਸਾਹਮਣੇ ਸਪੇਨ ਦੀ ਨੁਮਾਇੰਦਗੀ ਕਰਦਾ ਨਜ਼ਰ ਆਵੇਗਾ।

ਨਡਾਲ ਲਗਾਤਾਰ ਸੱਟਾਂ ਕਾਰਨ ਪਿਛਲੇ ਦੋ ਸੀਜ਼ਨਾਂ ਵਿੱਚ ਮੁਸ਼ਕਿਲ ਨਾਲ ਖੇਡਿਆ।ਫਲਸਰੂਪ ਉਸ ਦੇ ਸੰਨਿਆਸ ਲੈਣ ਦੇ ਫ਼ੈਸਲੇ ਪਿਛੇ ਇਹ ਵੀ ਇੱਕ ਵੱਡਾ ਕਾਰਨ ਰਿਹਾ। ਉਸ ਨੇ 15 ਸਾਲ ਦੀ ਉਮਰ ਵਿੱਚ ਸਪੇਨ ਦੇ ਸੇਵਿਲ ਵਿੱਚ ਇੱਕ ਚੈਲੇਂਜਰ ਟੂਰਨਾਮੈਂਟ ਵਿੱਚ ਆਪਣਾ ਪਹਿਲਾ ਮੈਚ



ਜਿੱਤਿਆ। ਨਡਾਲ ਨੇ ਪਹਿਲੀ ਵਾਰ 2003 ਦੇ ਵਿੰਬਲਡਨ ਦੇ ਰੂਪ ਵਿੱਚ ਆਪਣਾ ਪਹਿਲਾ ਗ੍ਰੈਂਡ ਸਲੈਮ ਖੇਡਿਆ, ਜਿੱਥੇ ਉਹ ਤੀਜੇ ਦੌਰ ਤੱਕ ਪਹੁੰਚਿਆ। ਫਿਰ ਉਸਨੇ 2004 ਵਿੱਚ ਯੂਐਸ ਓਪਨ ਤੇ ਆਸਟ੍ਰੇਲੀਅਨ ਓਪਨ ਵਿੱਚ ਭਾਗ ਲਿਆ। ਉਹ 2005 ਵਿੱਚ ਪਹਿਲੀ ਵਾਰ ਆਪਣੇ ਪਸੰਦੀਦਾ ਰੋਲੈਂਡ ਗੈਰੋਸ ਵਿਖੇ ਖੇਡਿਆ। ਟੈਨਿਸ ਵਿੱਚ ਵੱਡੇ ਤਿੰਨਾਂ (ਬਿਗ ਥ੍ਰੀ) ਵਿੱਚੋਂ ਇੱਕ ਵਜੋਂ ਜਾਣੇ ਜਾਂਦੇ (ਨੋਵਾਕ ਜੋਕੋਵਿਚ, ਰੋਜਰ ਫੈਡਰਰ, ਅਤੇ ਰਾਫੇਲ ਨਡਾਲ), ਨਡਾਲ ਨੇ 92 ਏਟੀਪੀ (ਐਸੋਸੀਏਸ਼ਨ ਆਫ਼ ਟੈਨਿਸ ਪ੍ਰੋਫੈਸ਼ਨਲਜ਼) ਖ਼ਿਤਾਬ ਜਿੱਤੇ ਹਨ, ਜਿਨ੍ਹਾਂ ਵਿਚੋਂ 22 ਗਰੈਂਡ ਸਲੈਮ, 36 ਮਾਸਟਰਜ਼ ਖ਼ਿਤਾਬ ਅਤੇ ਇੱਕ ਓਲੰਪਿਕ ਸੋਨ ਤਗ਼ਮਾ ਸ਼ਾਮਿਲ ਹੈ, ਇਨਾਂ ਵਿੱਚੋਂ 63 ਕਲੇ ਕੋਰਟ ਵਿੱਚ ਹਨ। ਨਡਾਲ ਨੂੰ 209 ਹਫ਼ਤਿਆਂ ਲਈ ਏ.ਟੀ.ਪੀ. ਦੁਆਰਾ ਸਿੰਗਲਜ਼ ਵਿੱਚ ਵਿਸ਼ਵ ਨੰਬਰ 1 ਦਾ ਦਰਜਾ ਦਿੱਤਾ ਗਿਆ।

### ਪੂਰਾ ਨਾਂਅ ਹੈ ਰਾਫੇਲ ਨਡਾਲ ਪਰੇਰਾ

ਨਡਾਲ ਦਾ ਪੂਰਾ ਨਾਮ ਰਾਫੇਲ ਨਡਾਲ ਪਰੇਰਾ ਹੈ, ਉਸ ਦਾ ਜਨਮ 3 ਜੂਨ 1986 ਨੂੰ ਮਨਾਕੋਰ ਵਿਚ ਹੋਇਆ ਸੀ ਜੋ ਸਪੇਨ ਦੇ ਬੇਲੇਰਿਕ ਟਾਪੂਆਂ ਦਾ ਇੱਕ ਸ਼ਹਿਰ ਹੈ। ਉਸਦੇ ਮਾਤਾ-ਪਿਤਾ ਅਨਾ ਮਾਰੀਆ ਪਰੇਰਾ ਫੇਮੇਨੀਅਸ ਅਤੇ ਸੇਬੇਸਟੀਅਨ ਨਡਾਲ ਹੋਮਰ। ਉਸਦੇ ਪਿਤਾ ਇੱਕ ਵਪਾਰੀ ਹਨ ਜੋ ਇੱਕ ਬੀਮਾ, ਗਲਾਸ ਅਤੇ ਵਿੰਡੋ ਕੰਪਨੀ ਚਲਾਉਣ ਦੇ ਨਾਲ-ਨਾਲ ਇੱਕ ਰੈਸਟੋਰੈਂਟ ਦੇ ਵੀ ਮਾਲਕ ਹਨ।

ਬਚਪਨ ਵਿੱਚ ਨਡਾਲ ਨੂੰ ਉਸਦੇ ਚਾਚਾ ਟੋਨੀ ਦੁਆਰਾ ਟੈਨਿਸ ਨਾਲ ਜਾਣੂ ਕਰਵਾਇਆ ਗਿਆ ਸੀ, ਜਿਸ ਨੇ ਉਸਨੂੰ ਇਹ ਦੇਖਣ ਤੋਂ ਬਾਅਦ ਖੱਬੇ ਹੱਥ ਨਾਲ ਖੇਡਣ ਲਈ ਪ੍ਰੇਰਿਤ ਕੀਤਾ ਕਿ ਉਹ ਕਿੰਨੀ ਜ਼ੋਰਦਾਰ ਗੇਂਦ ਨੂੰ ਹਿੱਟ ਕਰ ਸਕਦਾ ਹੈ। ਉਹ 15 ਸਾਲ ਦੀ ਉਮਰ ਵਿੱਚ ਪੇਸ਼ੇਵਰ ਬਣ ਗਿਆ ਅਤੇ ਤਿੰਨ ਸਾਲ ਬਾਅਦ ਉਸ ਨੇ ਸਪੇਨ ਦੇ 2004 ਵਿੱਚ ਡੇਵਿਸ ਕੱਪ ਜਿੱਤਣ ਵਿੱਚ ਯੋਗਦਾਨ ਪਾਇਆ ਜਦੋਂ ਉਨ੍ਹਾਂ ਨੇ ਸੰਯੁਕਤ ਰਾਜ ਨੂੰ ਹਰਾਇਆ, ਨਡਾਲ ਵਿਸ਼ਵ ਦੇ ਦੂਜੇ ਨੰਬਰ ਦੇ ਖਿਡਾਰੀ ਐਂਡੀ ਰੌਡਿਕ ਨੂੰ ਹਰਾ ਕੇ ਚਰਚਾ ਵਿੱਚ ਆਇਆ।

ਅਗਲੇ ਸਾਲ, ਉਸ ਨੇ ਫ੍ਰੈਂਚ ਓਪਨ ਵਿੱਚ ਆਪਣਾ ਦਬਦਬਾ ਸ਼ੁਰੂ ਕੀਤਾ, ਫਾਈਨਲ ਵਿੱਚ ਅਰਜਨਟੀਨਾ ਦੇ ਮਾਰੀਆਨੋ ਪੁਏਰਟਾ ਨੂੰ ਹਰਾਇਆ। 2008 ਵਿੰਬਲਡਨ ਪੁਰਸ਼ ਸਿੰਗਲਜ਼ ਫਾਈਨਲ ਨੂੰ ਟੈਨਿਸ ਪ੍ਰੇਮੀ ਇਤਿਹਾਸ ਦਾ ਸਰਵਉੱਚ ਮੈਚ ਮੰਨਦੇ ਹਨ ਜਿਸ ਵਿੱਚ ਨਡਾਲ ਨੇ ਫੈਡਰਰ ਦੀ ਪਸੰਦੀਦਾ ਸਤ੍ਹਾ ’ਤੇ ਚਾਰ ਘੰਟੇ 48 ਮਿੰਟ ਚੱਲੇ ਮੈਚ ਵਿੱਚ ਉਸਨੂੰ 6-4, 6-4, 6-7(5), 6-7(8), 9-7 ਨਾਲ ਹਰਾ ਕੇ ਆਪਣਾ ਪਹਿਲਾ ਵਿੰਬਲਡਨ ਖ਼ਿਤਾਬ ਜਿੱਤਿਆ। ਇਹ ਮੈਚ ਉਨ੍ਹਾਂ ਦੀ 15 ਸਾਲਾਂ ਦੀ ਮੁਕਾਬਲੇਬਾਜ਼ੀ ਦੇ ਸਿਖ਼ਰ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

ਪਹਿਲੀ ਵਾਰ 2009 ਦਾ ਆਸਟ੍ਰੇਲੀਅਨ ਓਪਨ ਵੀ ਉਸ ਨੇ ਫੈਡਰਰ ਨੂੰ ਹੀ ਹਰਾ ਕੇ ਜਿੱਤਿਆ, 2010 ਵਿੱਚ 24 ਸਾਲ ਦੀ ਉਮਰ ਵਿੱਚ ਯੂਐਸ ਓਪਨ ਜਿੱਤਣ ਤੋਂ ਬਾਅਦ ਕੈਰੀਅਰ ਦਾ ਗੋਲਡਨ ਸਲੈਮ ਪੂਰਾ ਕਰਨ ਵਾਲਾ ਉਹ ਸਭ ਤੋਂ ਘੱਟ ਉਮਰ ਦਾ ਖਿਡਾਰੀ ਬਣਿਆ। ਦਰ-ਹਕੀਕਤ ਕਰੀਅਰ ਗੋਲਡਨ ਸਲੈਮ ਨੂੰ ਪੂਰਾ ਕਰਨ ਵਾਲੇ ਸਭ ਤੋਂ ਘੱਟ ਉਮਰ ਦੇ ਖਿਡਾਰੀ ਵਜੋਂ ਨਡਾਲ ਦਾ ਰਿਕਾਰਡ ਘੱਟੋ-ਘੱਟ ਇੱਕ ਹੋਰ ਪੀੜ੍ਹੀ ਤੱਕ ਬਣਿਆ ਰਹੇਗਾ ਕਿਉਂਕਿ ਨਾ ਤਾਂ ਕਾਰਲੋਸ ਅਲਕਾਰਜ਼ ਅਤੇ ਨਾ ਹੀ ਜੈਨਿਕ ਸਿੰਨਰ ਇਸ ਦੀ ਬਰਾਬਰੀ ਕਰ ਸਕਦੇ ਹਨ।

ਕੈਰੀਅਰ ਗੋਲਡਨ ਸਲੈਮ ਵਿੱਚ ਉਲੰਪਿਕ ਸੋਨ ਤਗ਼ਮੇ ਦੇ ਨਾਲ ਸਾਰੇ ਗ੍ਰੈਂਡ ਸਲੈਮ ਖ਼ਿਤਾਬ ਸ਼ਾਮਿਲ ਹਨ। ਇਸ ਦੇ ਨਤੀਜੇ ਵਜੋਂ ਰਾਫੇਲ ਨਡਾਲ ਉਨ੍ਹਾਂ ਤਿੰਨ ਪੁਰਸ਼ ਖਿਡਾਰੀਆਂ ਵਿੱਚ ਸ਼ਾਮਿਲ ਹਨ ਜਿਨ੍ਹਾਂ ਨੇ ਕੈਰੀਅਰ ਦਾ ਗ੍ਰੈਂਡ ਸਲੈਮ (ਚਾਰੇ ਗ੍ਰੇਡ ਸਲੇਮ ਤੇ ਉਲਪਿੰਕ ਸੋਨ ਤਗ਼ਮਾ) ਜਿੱਤਿਆ ਹੈ ਬਾਕੀ ਦੋ ਹਨ ਆਂਦਰੇ ਅਗਾਸੀ ਅਤੇ ਨੋਵਾਕ ਜੋਕੋਵਿਚ। ਨਡਾਲ ਨੇ ਬੀਜਿੰਗ ਉਲਪਿੰਕ 2008 ਵਿੱਚ ਸੋਨ ਤਗ਼ਮਾ ਚੁੰਮਿਆ ਸੀ। ਇਸ ਦੇ ਨਾਲ ਹੀ ਡਬਲਜ਼ ਵਿੱਚ ਵੀ ਉਸ ਨੇ ਸਪੇਨ ਦੇ ਮਾਰਕ ਲੋਪੇਜ਼ ਅਤੇ ਰਾਫੇਲ ਨਡਾਲ ਨੇ ਫਾਈਨਲ ਵਿੱਚ ਰੋਮਾਨੀਆ ਦੇ ਫਲੋਰਿਨ ਮਰਗੇਆ ਅਤੇ ਹੋਰਿਆ ਟੇਕਾਉ ਨੂੰ 6-2, 3-6, 6-4 ਨਾਲ ਹਰਾ ਕੇ 2016 ਦੇ ਸਮਰ ਉਲੰਪਿਕ ਰੀਓ ਡੀ ਜਨੇਰੀਓ, ਬ੍ਰਾਜ਼ੀਲ ਵਿੱਚ ਪੁਰਸ਼ ਡਬਲਜ਼ ਟੈਨਿਸ ਵਿੱਚ ਸੋਨ ਤਗ਼ਮਾ ਵੀ ਜਿੱਤਿਆ। ਨਡਾਲ ਨੇ ਆਸਟਰੇਲੀਆਈ ਓਪਨ (2008, 2022) ਅਤੇ ਵਿੰਬਲਡਨ ( 2008, 2010) ਦੋ ਵਾਰ, ਯੂ.ਐਸ ਓਪਨ: (2010, 2013, 2017, 2019) ਚਾਰ ਵਾਰ ਆਪਣੇ ਨਾਮ ਕੀਤੇ ਹਨ। ਉਸ ਨੇ ਸਪੇਨ ਲਈ ਡੇਵਿਸ ਕੱਪ (2004, 2008, 2009, 2011, 2019) ਜਿੱਤਣ ਵਿੱਚ 5 ਵਾਰ ਕਾਮਯਾਬੀ ਹਾਸਿਲ ਕੀਤੀ।

### ਨਡਾਲ ਵੱਲੋਂ ਬਣਾਏ ਰਿਕਾਰਡ

ਟੈਨਿਸ ਤੋਂ ਸੰਨਿਆਸ ਲੈਣ ਦੇ ਬਾਵਜੂਦ, ਨਡਾਲ ਦੇ ਕੁਝ ਰਿਕਾਰਡ ਲੰਬੇ ਸਮੇਂ ਤੱਕ ਅਟੁੱਟ ਰਹਿ ਸਕਦੇ ਹਨ: ਰਾਫੇਲ ਨਡਾਲ ਨੇ ਅਪਰੈਲ 2005 ਅਤੇ ਮਈ 2007 ਦੇ ਵਿਚਕਾਰ ਮਿੱਟੀ ਦੇ ਮੈਦਾਨਾਂ ’ਤੇ ਲਗਾਤਾਰ 81 ਮੈਚ ਜਿੱਤੇ। ਇਹ ਓਪਨ ਯੁੱਗ ਵਿੱਚ ਕਿਸੇ ਖਿਡਾਰੀ ਦੁਆਰਾ ਇੱਕ ਸਤਹ ’ਤੇ ਜਿੱਤ ਦੀ ਸਭ ਤੋਂ ਲੰਬੀ ਲੜੀ ਹੈ। ਮਿੱਟੀ ਦੇ ਮੈਦਾਨਾਂ ’ਤੇ ਨਡਾਲ ਦੇ ਕੁਝ ਰਿਕਾਰਡਾਂ ਵਿੱਚ ਰਿਕਾਰਡ 11 ਮੋਂਟੇ-ਕਾਰਲੋ ਮਾਸਟਰਜ਼ ਖ਼ਿਤਾਬ, 10 ਇਟਾਲੀਅਨ ਓਪਨ ਖ਼ਿਤਾਬ, ਅਤੇ 5 ਮੈਡ੍ਰਿਡ ਓਪਨ ਖ਼ਿਤਾਬ ਸ਼ਾਮਿਲ ਹਨ।

(ਬਾਕੀ ਸਫ਼ਾ 31 ’ਤੇ)

# ਆਈ ਲੀਗ ’ਚ ਫਸਣਗੇ ਸਿੰਗ

## ਅੱਡੀ ਚੋਟੀ ਦਾ ਜ਼ੋਰ ਲਾਉਣਗੇ ਖਿਡਾਰੀ

ਗੁਰਨਿੰਦਰ ਸਿੰਘ ਧਨੌਲਾ






ਆਈ ਲੀਗ ਮੁਲਕ ਦੀ ਇੱਕ ਬਿਹਤਰੀਨ ਫੁੱਟਬਾਲ ਲੀਗ ਹੈ। ਜਿਸ ਵਿੱਚ ਦੇਸ਼ ਦੇ ਚੋਟੀ ਦੇ ਫੁੱਟਬਾਲ ਕਲੱਬ ਖੇਡਦੇ ਹਨ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਇਸ ਦੇ ਮੈਚ ਹੁੰਦੇ ਹਨ। ਪਿਛਲੇ ਸਾਲ ਇਸ ਲੀਗ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਗਿਣਤੀ ਵੱਧ ਗਈ ਸੀ। ਇਸ ਲੀਗ ਵਿੱਚ ਨਾਮਧਾਰੀ ਫੁੱਟਬਾਲ ਕਲੱਬ ਭੈਣੀ ਸਾਹਿਬ ਨੇ ਖੇਡਣਾ ਸ਼ੁਰੂ ਕੀਤਾ ਸੀ । ਇਸ ਵਾਰ ਮੁੜ ਨਾਮਧਾਰੀ ਫੁੱਟਬਾਲ ਕਲੱਬ ਭੈਣੀ ਸਾਹਿਬ ਇਸ ਲੀਗ ਵਿੱਚ ਖੇਡ ਰਿਹਾ ਹੈ। ਇਸ ਵਾਰ ਮੁੜ ਪੰਜਾਬ ਵਿੱਚ ਆਈ ਲੀਗ ਦੇ ਮੈਚ ਹੋ ਰਹੇ ਹਨ। ਇਸ ਲੀਗ ਦੀ ਸ਼ੁਰੂਆਤ 22 ਨਵੰਬਰ ਤੋਂ ਰਹੀ ਹੈ।

ਪੰਜਾਬ ਵਿੱਚ ਹੋਣ ਵਾਲੇ ਮੁਕਾਬਲੇ 23 ਨਵੰਬਰ ਤੋਂ ਸ਼ੁਰੂ ਹੋ ਰਹੇ ਹਨ। 23 ਨਵੰਬਰ ਨੂੰ ਪਹਿਲਾਂ ਮੁਕਾਬਲਾ ਨਾਮਧਾਰੀ ਫੁੱਟਬਾਲ ਕਲੱਬ ਅਤੇ ਦਿੱਲੀ ਫੁੱਟਬਾਲ ਕਲੱਬ ਵਿਚਕਾਰ ਹੋਵੇਗਾ। 30 ਨਵੰਬਰ ਨੂੰ ਰਾਜਸਥਾਨ ਯੂਨਾਈਟਿਡ ਫੁੱਟਬਾਲ ਕਲੱਬ ਅਤੇ ਨਾਮਧਾਰੀ ਫੁੱਟਬਾਲ ਕਲੱਬ ਭੈਣੀ ਸਾਹਿਬ ਖੇਡਣਗੇ। 3 ਦਸੰਬਰ ਨੂੰ ਡੈਪੋ ਸਪੋਰਟਸ ਕਲੱਬ ਗੋਆ ਤੇ ਨਾਮਧਾਰੀ ਕਲੱਬ ਭੈਣੀ ਸਾਹਿਬ ਆਹਮੋ-ਸਾਹਮਣੇ ਹੋਣਗੇ। 8 ਦਸੰਬਰ ਨੂੰ ਆਈਜੋਲ ਫੁੱਟਬਾਲ ਕਲੱਬ ਅਤੇ ਨਾਮਧਾਰੀ ਫੁੱਟਬਾਲ ਕਲੱਬ ਦਾ ਫ਼ਸਵਾਂ ਮੁਕਾਬਲਾ ਹੋਵੇਗਾ। 15 ਦਸੰਬਰ ਨੂੰ ਰੀਅਲ ਕਸ਼ਮੀਰ ਅਤੇ ਨਾਮਧਾਰੀ ਫੁੱਟਬਾਲ ਕਲੱਬ ਦਾ ਮੈਚ ਹੋਵੇਗਾ। 13 ਜਨਵਰੀ ਨੂੰ ਇੰਟਰ ਕਾਂਸ਼ੀ ਤੇ ਭੈਣੀ ਸਾਹਿਬ ਖੇਡਣਗੇ।

25 ਜਨਵਰੀ ਨੂੰ ਸਿਲੌਂਗ ਲਜੌਂਗ ਐਫ਼ਸੀ ਅਤੇ ਨਾਮਧਾਰੀ ਕਲੱਬ ਭੈਣੀ ਸਾਹਿਬ ਦਾ ਮੁਕਾਬਲਾ ਹੋਵੇਗਾ। 28 ਜਨਵਰੀ ਨੂੰ ਸ੍ਰਿਨਦੀ ਡੈਕਨ ਐਫ਼ ਸੀ ਤੇ ਨਾਮਧਾਰੀ ਕਲੱਬ ਭੈਣੀ ਸਾਹਿਬ ਖੇਡਣਗੇ। 24 ਫਰਵਰੀ ਨੂੰ ਨਾਮਧਾਰੀ ਕਲੱਬ ਤੇ ਚਰਚਿਲ ਬ੍ਰਦਰਜ਼ ਵਿਚਕਾਰ ਮੁਕਾਬਲਾ ਹੋਵੇਗਾ। 17 ਮਾਰਚ ਨੂੰ ਗੋਕੂਲਮ ਕੇਰਲਾ ਐਫ਼ਸੀ ਤੇ ਨਾਮਧਾਰੀ ਕਲੱਬ ਦਾ ਆਈ ਲੀਗ ਫੁੱਟਬਾਲ ਦੇ ਮੈਚ ਹੋਵੇਗਾ। ਇਸ ਤੋਂ ਬਾਅਦ ਐਸਸੀ ਬੈਂਗਲੂਰੂ ਦਾ ਮੁਕਾਬਲਾ ਨਾਮਧਾਰੀ ਕਲੱਬ ਨਾਲ ਹੋਵੇਗਾ

# ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਦੀ ਜ਼ਿੰਦਗੀ, ਹਕੀਕਤ ਤੇ ਤਲਖ ਸੱਚਾਈਆਂ ਨਾਲ ਜੁੜੀ ਫ਼ਿਲਮ

# 'ਆਪਣੇ ਘਰ ਬਿਗਾਨੇ'

ਹਰਜਿੰਦਰ ਸਿੰਘ ਜਵੰਦਾ

ਪੰਜਾਬੀ ਸਿਨੇਮਾ ਲਈ ਬਹਾਰ ਦਾ ਮੌਸਮ ਚੱਲ ਰਿਹਾ ਹੈ। ਪੰਜਾਬੀ ਫ਼ਿਲਮਾਂ ਇੱਕ ਤੋਂ ਬਾਅਦ ਇੱਕ ਆਪਾਰ ਸਫ਼ਲਤਾ ਹਾਸਲ ਕਰ ਰਹੀਆਂ ਹਨ। ਇਹ ਫ਼ਿਲਮਾਂ ਨਾ ਸਿਰਫ਼ ਮਨੋਰੰਜਨ ਕਰ ਰਹੀਆਂ ਬਲਕਿ ਦਰਸ਼ਕਾਂ ਨੂੰ ਜ਼ਿੰਦਗੀ ਨਾਲ ਜੋੜਦਿਆਂ ਵੱਡਾ ਸੁਨੇਹਾ ਵੀ ਦੇ ਰਹੀਆਂ ਹਨ। ਇਹ ਫ਼ਿਲਮ 'ਆਪਣੇ ਘਰ ਬਿਗਾਨੇ' ਰਜਨੀ ਅਤੇ ਅਰਦਾਸ ਵਰਗੀਆਂ ਸਾਰਥਿਕ ਫ਼ਿਲਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਦਰਸ਼ਕਾਂ ਦਾ ਦਿਲ ਜਿੱਤਣ ਦਾ ਦਮ ਰੱਖਦੀ ਹੈ।15 ਨਵੰਬਰ ਨੂੰ ਰਿਲੀਜ ਹੋਈ ਇਸ ਫ਼ਿਲਮ ਦਾ ਟਾਈਟਲ ਹੀ ਆਪਣੇ ਆਪ ਵਿੱਚ ਬਹੁਤ ਕੁਝ ਬਿਆਨ ਕਰ ਰਿਹਾ ਹੈ। ਨਾਮਵਾਰ ਕਾਮੇਡੀਅਨ, ਲੇਖਕ ਤੇ ਅਦਾਕਾਰ ਬਲਰਾਜ ਸਿਆਲ ਦੀ ਲਿਖੀ ਅਤੇ ਉਹਨਾਂ ਵੱਲੋਂ ਹੀ ਡਾਇਰੈਕਟ ਕੀਤੀ ਗਈ ਇਸ ਫ਼ਿਲਮ ਵਿੱਚ ਰੌਸ਼ਨ ਪ੍ਰਿੰਸ, ਕੁਲਰਾਜ ਰੰਧਾਵਾ, ਯੋਗਰਾਜ ਸਿੰਘ, ਰਾਣਾ ਰਣਬੀਰ, ਪ੍ਰੀਤ ਔਜਲਾ, ਬਲਰਾਜ ਸਿਆਲ, ਅਰਮਾਨ ਔਜਲਾ, ਸੁਖਵਿੰਦਰ ਰਾਜ ਬੁੱਟਰ ਸਮੇਤ ਕਈ ਨਾਮੀ ਚਿਹਰਿਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਕੈਨੇਡਾ ਦੀ ਖ਼ੂਬਸੂਰਤ ਲੋਕੇਸ਼ਨਾਂ 'ਤੇ ਕੜਾਕੇ ਦੀ ਠੰਡ ਵਿੱਚ ਫ਼ਿਲਮਾਈ ਇਸ ਫ਼ਿਲਮ ਵਿੱਚ ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਦੀ ਬਾਤ ਪਾਈ ਗਈ ਹੈ। 'ਗੈਂਗ ਆਫ਼ ਫ਼ਿਲਮ ਮੇਕਰਸ' ਦੇ ਬੈਨਰ ਹੇਠ ਬਣੀ ਨਿਰਮਾਤਾ ਪਰਮਜੀਤ ਸਿੰਘ,



ਆਕਾਸ਼ਦੀਪ ਤੇ ਗਗਨਦੀਪ ਚਾਲੀ ਦੀ ਇਸ ਫ਼ਿਲਮ ਦੇ ਕਰੇਟਿਵ ਨਿਰਦੇਸ਼ਕ ਦਵਿੰਦਰ ਸਿੰਘ ਹਨ। ਇਹ ਫ਼ਿਲਮ ਆਮ ਪੰਜਾਬੀ ਫ਼ਿਲਮਾਂ ਤੋਂ ਬਿਲਕੁਲ ਵੱਖਰੇ ਕਿਸਮ ਦੀ ਫ਼ਿਲਮ ਹੈ ਜੋ ਹਰ ਉਮਰ ਵਰਗ ਦੇ ਦਰਸ਼ਕਾਂ ਦੇ ਦਿਲਾਂ ਨੂੰ ਟੁੰਬੇਗੀ। ਦਾਦੇ ਅਤੇ ਪੋਤੇ ਦੇ ਖ਼ੂਬਸੂਰਤ ਅਤੇ ਸਦੀਵੀਂ ਰਿਸ਼ਤੇ ਸੁਆਲੇ ਬੁਣੀ ਗਈ ਇਹ ਫ਼ਿਲਮ ਤੇਜ਼ੀ ਨਾਲ ਬਦਲ ਰਹੇ ਅਜੋਕੇ ਰਿਸ਼ਤਿਆਂ ਦੀ ਕਹਾਣੀ ਹੈ। ਵਕਤ ਨਾਲ ਬੇਸ਼ੱਕ ਸਾਡੇ ਘਰ ਪੱਕੇ ਹੋ ਗਏ ਹਨ ਪਰ ਰਿਸ਼ਤੇ ਕੱਚੇ ਹੋ ਗਏ ਹਨ। ਫ਼ਿਲਮ ਦੇ ਲੇਖਕ ਤੇ ਨਿਰਦੇਸ਼ਕ ਬਲਰਾਜ ਸਿਆਲ ਮੁਤਾਬਕ ਬਤੌਰ ਨਿਰਦੇਸ਼ਕ ਇਹ ਉਹਨਾਂ ਦੀ ਪਹਿਲੀ ਫ਼ਿਲਮ ਹੈ।ਇਹ ਫ਼ਿਲਮ ਰਿਸ਼ਤਿਆਂ ਵਿੱਚ ਤੇਜ਼ੀ ਨਾਲ ਆ ਰਹੇ ਬਦਲਾਅ ਦੀ ਕਹਾਣੀ ਹੈ। ਫ਼ਿਲਮ ਦੇ ਬਹੁਤ ਸਾਰੇ ਪਾਤਰ ਦਰਸ਼ਕਾਂ ਨੂੰ ਆਪਣੇ ਆਲੇ-ਦੁਆਲੇ ਦੇ ਹੀ ਲੱਗਣਗੇ। ਕੋਈ ਕਿਸੇ ਤੋਂ ਬਿਨਾਂ ਖੁਸ਼ ਨਹੀਂ ਰਹਿ ਸਕਦਾ ਤੇ ਕੋਈ ਕਿਸੇ ਦੇ ਨਾਲ ਹੁੰਦਿਆਂ ਵੀ ਖੁਸ਼ ਨਹੀਂ ਹੈ। ਸੁਆਰਥ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਖਤਮ ਕਰ ਰਿਹਾ ਹੈ। ਇਹ ਫ਼ਿਲਮ ਸਾਡੇ ਸਮਾਜ, ਸਾਡੇ ਆਸ-ਪਾਸ ਅਤੇ ਸਾਡੇ ਆਪਣਿਆਂ ਦੀ ਕਹਾਣੀ ਹੈ। ਫ਼ਿਲਮ ਵਿੱਚ ਮੁੱਖ ਭੂਮਿਕਾ ਨਿਭਾ ਰਹੇ ਦਿੱਗਜ ਅਦਾਕਾਰ ਯੋਗਰਾਜ ਸਿੰਘ ਮੁਤਾਬਕ ਰਜਨੀ ਫ਼ਿਲਮ ਤੋਂ ਬਾਅਦ ਦਰਸ਼ਕ ਇਸ ਵਿੱਚ ਉਹਨਾਂ ਨੂੰ ਇੱਕ ਵੱਖਰੇ ਤੇ ਦਮਦਾਰ ਕਿਰਦਾਰ ਵਿੱਚ ਦੇਖਣਗੇ। ਇਹ ਫ਼ਿਲਮ ਦੇਖਦਿਆਂ ਤੁਹਾਨੂੰ ਪਤਾ ਲੱਗੇਗਾ ਕਿ ਬਜ਼ੁਰਗਾਂ ਨੂੰ ਘਰ ਦਾ ਤਾਲਾ ਕਿਉਂ ਕਿਹਾ ਜਾਂਦਾ ਹੈ। ਇਸ ਫ਼ਿਲਮ ਨੂੰ ਦਾਦੇ-ਪੋਤੇ ਦੇ ਰਿਸ਼ਤੇ ਦੀ ਕਹਾਣੀ ਵਾਲੀ ਫ਼ਿਲਮ ਵੀ ਕਿਹਾ ਜਾ ਸਕਦਾ ਹੈ।ਰਿਸ਼ਤਿਆਂ ਦੀ ਭੰਨ-ਤੋੜ ਵਿੱਚ ਪਿਸ ਰਹੇ ਇੱਕ ਨੰਨੇ ਬੱਚੇ ਦਾ ਦਰਦ ਤੁਹਾਨੂੰ ਸੋਚਣ ਲਈ ਮਜਬੂਰ ਕਰੇਗਾ ਕਿ ਕੀ ਅਸੀਂ ਜ਼ਿੰਦਗੀ ਜਿਓ ਰਹੇ ਹਾਂ ਜਾਂ ਕੱਟ ਰਹੇ ਹਾਂ। ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ ਨੇ ਇਸ ਫ਼ਿਲਮ ਵਿੱਚ ਇੱਕ ਅਜਿਹੇ ਪੁੱਤ ਦੀ ਭੂਮਿਕਾ ਨਿਭਾਈ ਜੋ ਆਪਣੇ ਪਰਿਵਾਰ ਨੂੰ ਬੇਹੱਦ ਪਿਆਰ ਕਰਦਾ ਹੈ ਪਰ ਹਾਲਾਤ ਵਕਤੀ ਤੌਰ 'ਤੇ ਉਸਨੂੰ ਆਪਣੇ ਪਿਤਾ ਦੇ ਵਿਰੋਧ 'ਚ ਖੜਾ ਕਰ ਦਿੰਦੇ ਹਨ। ਉਹ ਇਸ ਨਾਲ ਵਿੱਚੋਂ ਕਿਵੇਂ ਨਿਕਲਦਾ ਹੈ। ਘਰ ਚਲਾਉਣ ਲਈ ਉਸਨੂੰ ਕੀ-ਕੀ ਪਾਪੜ ਵੇਲਣੇ ਪੈਂਦੇ ਹਨ। ਕਿਵੇਂ ਉਹ ਰਿਸ਼ਤਿਆਂ ਵਿੱਚ ਤਾਲਮੇਲ ਰੱਖਦਾ ਹੈ ਇਹ ਇਸ ਫ਼ਿਲਮ ਦਾ ਦਿਲਚਸਪ ਪੱਖ ਹੈ। ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਦਾ ਸੰਗੀਤ ਵੀ ਖ਼ੂਬਸੂਰਤ ਤੇ ਦਿਲ ਟੁੰਬਵਾਂ ਹੈ। ਫ਼ਿਲਮ ਦਾ ਮਿਊਜ਼ਿਕ ਗੋਲਡ ਬੁਆਏਜ, ਜੱਸੀ ਕਟਿਆਲ ਅਤੇ ਗੁਰਮੋਹ ਨੇ ਤਿਆਰ ਕੀਤਾ ਹੈ। ਫ਼ਿਲਮ ਲਈ ਗੀਤ ਅਬੀਰ, ਗੁਰਜੀਤ ਖੋਸਾ, ਵਿੰਦਰ ਨੱਥੂਮਾਜਰਾ ਨੇ ਲਿਖੇ ਹਨ। ਇਹਨਾਂ ਗੀਤਾਂ ਨੂੰ ਨਿੰਜਾ, ਨਵਰਾਜ ਹੰਸ, ਕਮਲ ਖਾਨ, ਮਾਸ਼ਾ ਅਲੀ, ਸਿਮਰਨ ਚੌਧਰੀ ਅਤੇ ਅੰਬਰ ਵਸ਼ਿਸ਼ਟ ਨੇ ਦਿੱਤੀ ਹੈ। ਇਸ ਫ਼ਿਲਮ ਤੋਂ ਆਸਾਂ ਹਨ ਕਿ ਇਹ ਫ਼ਿਲਮ ਪੰਜਾਬੀ ਸਿਨਮਾ ਦੀ ਸ਼ਾਨ ਵਿੱਚ ਹੋਰ ਵਾਧਾ ਕਰੇਗੀ।

## 'ਦਿ ਫ਼ੈਬਲ' ਲੀਡਜ਼ ਇੰਟਰਨੈਸ਼ਨਲ ਫ਼ੈਸਟੀਵਲ 'ਚ ਸਰਵੋਤਮ ਫ਼ਿਲਮ




ਮੁੰਬਈ/ਏ.ਟੀ.ਨਿਊਜ਼: ਮਨੋਜ ਬਾਜਪਾਈ ਦੀ ਫ਼ਿਲਮ 'ਦਿ ਫ਼ੈਬਲ' ਨੇ ਬਰਤਾਨੀਆ ਵਿੱਚ 38ਵੇਂ ਲੀਡਜ਼ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਵਿੱਚ ਸਰਵੋਤਮ ਫ਼ਿਲਮ ਦਾ ਐਵਾਰਡ ਜਿੱਤਿਆ ਹੈ। ਇਸ ਫ਼ਿਲਮ ਦੇ ਲੇਖਕ ਤੇ ਨਿਰਦੇਸ਼ਕ ਰਾਮ ਰੈੱਡੀ ਹਨ ਤੇ ਇਸ ਫ਼ਿਲਮ ਨੇ ਕੰਸਟੈਲੇਸ਼ਨ ਫ਼ੀਚਰ ਫ਼ਿਲਮ ਵਰਗ ਮੁਕਾਬਲੇ ਵਿੱਚ ਪੁਰਸਕਾਰ ਜਿੱਤਿਆ ਹੈ। ਬਾਜਪਾਈ ਨੇ ਕਿਹਾ ਕਿ ਉਨ੍ਹਾਂ ਨੂੰ ਲੀਡਜ਼ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ 'ਚ ਫ਼ਿਲਮ 'ਦਿ ਫ਼ੈਬਲ' ਨੂੰ ਮਿਲੇ ਸਨਮਾਨ 'ਤੇ ਮਾਣ ਹੈ। ਉਨ੍ਹਾਂ ਕਿਹਾ, 'ਇਸ ਫ਼ਿਲਮ 'ਚ ਡਾਇਰੈਕਟਰ ਰਾਮ ਰੈੱਡੀ, ਪ੍ਰਤਾਪ ਰੈੱਡੀ, ਜੂਹੀ ਅਗਰਵਾਲ, ਗੁਨੀਤ ਮੋਂਗਾ ਕਪੂਰ ਤੇ ਅਚਿਨ ਜੈਨ ਨਾਲ ਕੰਮ ਕਰਨਾ ਸ਼ਾਨਦਾਰ ਤਜਰਬਾ ਰਿਹਾ। ਰੈੱਡੀ ਦੀ ਕਹਾਣੀ ਕਹਿਣ ਦੀ ਸ਼ੈਲੀ ਤੇ ਯਥਾਰਥਵਾਦ ਨੇ ਇਸ ਫ਼ਿਲਮ ਨੂੰ ਹੋਰ ਸ਼ਾਨਦਾਰ ਬਣਾ ਦਿੱਤਾ।' ਬਾਜਪਾਈ ਨੇ ਕਿਹਾ, 'ਮੇਰੇ ਸਹਾਇਕ ਕਲਾਕਾਰ ਪ੍ਰਿਯੰਕਾ ਬੋਸ, ਦੀਪਕ ਡੋਬਰਿਆਲ ਤੇ ਤਿਲੋਤਮਾ ਸ਼ੋਮ ਨੇ ਇਸ ਫ਼ਿਲਮ 'ਚ ਸ਼ਾਨਦਾਰ ਅਦਾਕਾਰੀ ਕੀਤੀ ਹੈ।' ਇਸ ਫ਼ਿਲਮ ਭਾਰਤ ਦੇ ਹਿਮਾਲਿਆ ਖਿੱਤੇ 'ਚ ਫ਼ਿਲਮਾਈ ਗਈ ਹੈ, ਜੋ ਅਜਿਹੇ ਪਰਿਵਾਰ ਦੀ ਕਹਾਣੀ ਹੈ, ਜੋ ਬਾਗ ਵਿੱਚ ਰਹਿੰਦਾ ਹੈ ਜਿਨ੍ਹਾਂ ਦਾ ਸ਼ਾਂਤੀਪੂਰਨ ਜੀਵਨ ਰਹੱਸਮਈ ਘਟਨਾਵਾਂ ਨਾਲ ਪ੍ਰਭਾਵਿਤ ਹੁੰਦਾ ਹੈ। ਇਸ ਫ਼ਿਲਮ ਵਿੱਚ ਦੇਵ ਦਾ ਕਿਰਦਾਰ ਮਨੋਜ ਬਾਜਪਾਈ ਨੇ ਨਿਭਾਇਆ ਹੈ। ਫ਼ਿਲਮ ਦੀ ਕਾਰਜਕਾਰੀ ਨਿਰਮਾਤਾ ਗੁਨੀਤ ਮੋਂਗਾ ਕਪੂਰ ਨੇ ਕਿਹਾ ਕਿ ਉਹ ਫ਼ਿਲਮ ਨੂੰ ਸਰਵੋਤਮ ਫ਼ਿਲਮ ਦਾ ਐਵਾਰਡ ਮਿਲਣ 'ਤੇ ਬਹੁਤ ਉਤਸ਼ਾਹਿਤ ਹੈ।

# ਲੰਬੀ ਹੇਕ ਵਾਲੀ ਲੋਕ ਗਾਇਕਾ

# ਗੁਰਮੀਤ ਬਾਵਾ





ਸੁਖਵਿੰਦਰ ਸਿੰਘ ਮੁੱਲਾਂਪੁਰ
9914184794

ਗੁਰਮੀਤ ਕੌਰ ਬਾਵਾ ਦਾ ਜਨਮ 18 ਫ਼ਰਵਰੀ 1944 ਨੂੰ ਸ੍ਰ. ਉੱਤਮ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਕੁਖੋਂ ਪੱਕਾ ਪਿੰਡ ਕੋਠਾ(ਅਲੀਵਾਲ)ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਇਹ ਤਿੰਨ ਭੈਣਾਂ ਅਤੇ ਇੱਕ ਭਰਾ ਸਨ। ਗੁਰਮੀਤ ਬਾਵਾ ਅਜੇ ਛੋਟੀ ਉਮਰ ਵਿੱਚ ਹੀ ਸੀ ਜਦ ਇਸ ਦੀ ਮਾਤਾ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ ਸੀ ਇਸ ਦਾ ਪਾਲਣ ਪੋਸਣ ਵੱਡੀਆਂ ਭੈਣਾਂ ਦੇ ਸਹਿਯੋਗ ਨਾਲ ਹੋਇਆ। ਗੁਰਮੀਤ ਬਾਵਾ ਦੱਸਿਆ ਕਰਦੀ ਸੀ ਮੈਂ ਵੱਡੀਆਂ ਭੈਣਾ ਦੇ ਸਹਿਯੋਗ ਨਾਲ ਵਿਦਿਆ ਹਾਸਲ ਕੀਤੀ ਉਸ ਟਾਇਮ ਕੁੜੀਆਂ ਨੂੰ ਘਰ ਤੋਂ ਬਾਹਰ ਪੜ੍ਹਨ ਨਹੀਂ ਭੇਜਿਆ ਜਾਂਦਾ ਸੀ ਮੈਂ ਤਿੰਨਾਂ ਪਿੰਡਾਂ ਵਿਚੋਂ ਪਹਿਲੀ ਕੁੜੀ ਸੀ ਜੋ ਦਸ ਜਮਾਤਾਂ ਪਾਸ ਕਰਨ ਤੋਂ ਬਾਅਦ ਜੇ.ਬੀ.ਟੀ ਕਰਕੇ ਅਧਿਆਪਕ ਲੱਗ ਗਈ ਇਸ ਕੰਮ ਵਿੱਚ ਮੇਰੇ ਪਿਤਾ ਦਾ ਬਹੁਤ ਵੱਡਾ ਸਹਿਯੋਗ ਸੀ।

5 ਜੂਨ 1968 ਨੂੰ ਇਸ ਦੀ ਸ਼ਾਦੀ ਕਿਰਪਾਲ ਸਿੰਘ ਬਾਵਾ ਨਾਲ ਹੋਈ ਜੋ ਡੇਰਾ ਬਾਬਾ ਨਾਨਕ ਦਾ ਰਹਿਣ ਵਾਲਾ ਬੇਦੀ ਪਰਿਵਾਰ ਵਿਚੋਂ ਸੀ। ਇਕ ਵਾਰ ਗੁਰਮੀਤ ਬਾਵਾ ਅਤੇ ਕਿਰਪਾਲ ਬਾਵਾ, ਗੁਰਮੀਤ ਬਾਵਾ ਦੇ ਪਿੰਡ ਉਸ ਦੇ ਪਿਤਾ ਕੋਲ ਬੈਠੇ ਸਨ ਪਿਤਾ ਨੇ ਕਿਰਪਾਲ ਸਿੰਘ ਨੂੰ ਕਿਹਾ ਬਾਵਾ ਗਾ ਕੇ ਸੁਣਾਉ ਬਸ ਉਸ ਦਿਨ ਤੋਂ ਹੀ ਇਸ



ਪਰਿਵਾਰ ਦਾ ਨਾਮ ਬਾਵਾ ਪੈ ਗਿਆ ਅਤੇ ਇਸ ਨੇ ਆਪਣੇ ਨਾਮ ਨਾਲੋ ਬੇਦੀ ਸ਼ਬਦ ਹਟਾ ਲਿਆ। ਕਿਰਪਾਲ ਬਾਵਾ ਗੁਰਮੀਤ ਬਾਵਾ ਨਾਲ ਵਿਆਹ ਕਰਵਾਉਣ ਤੋਂ ਬਾਅਦ ਅੰਮ੍ਰਿਤਸਰ ਰਹਿਣ ਲੱਗ ਪਿਆ ਹੁਣ ਇਸ ਪਰਿਵਾਰ ਦਾ ਘਰ ਫੇਅਰਲੈਂਡ ਕਲੋਨੀ ਫਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ ਵਿਖੇ ਸਥਿਤ ਹੈ। ਕਿਰਪਾਲ ਬਾਵਾ ਐਮ. ਏ. ਬੀ ਐਡ ਅਧਿਆਪਕ ਸੀ ਉਹ ਵੀ ਗਾਇਕ ਹੋਣ ਕਰਕੇ ਦੋਵੇ ਨੌਕਰੀ ਤਿਆਗ ਕੇ ਗਾਇਕੀ ਵੱਲ ਹੋ ਤੁਰੇ ਗੁਰਮੀਤ ਬਾਵਾ ਦੇ ਗਾਇਕੀ ਖੇਤਰ ਵਿੱਚ ਉਸਤਾਦ ਕਿਰਪਾਲ ਬਾਵਾ ਸਨ। ਇਹਨਾਂ ਨੇ ਡਿਊਟ ਗੀਤ ਵੀ ਗਾਏ ਪਰ ਪੰਜਾਬੀ ਸਭਿਆਚਾਰ ਦੀ ਰੱਜ ਕੇ ਸੇਵਾ ਕੀਤੀ।

ਇਹਨਾਂ ਦੇ ਘਰ ਤਿੰਨ ਧੀਆਂ ਲਾਚੀ ਬਾਵਾ,ਗਲੋਰੀ ਬਾਵਾ ਅਤੇ ਸਿਮਰਤ ਬਾਵਾ ਨੇ ਜਨਮ ਲਿਆ ਇਹਨਾਂ ਨੇ ਆਪਣੇ ਫਰਜ ਪੂਰੇ ਕਰਦਿਆਂ ਬੱਚਿਆਂ ਨੂੰ ਵਧੀਆ ਸਿੱਖਿਆ ਹਾਸਲ ਕਰਵਾਈ। ਗੁਰਮੀਤ ਬਾਵਾ ਆਪਣੇ ਦਿਲ ਵਿੱਚ ਆਪਣੀ ਧੀ ਲਾਚੀ ਬਾਵਾ ਦਾ ਦਰਦ ਸਮੋਈ ਬੈਠੀ ਸੀ ਜਿਸ ਦਾ ਇਕ ਨਾਮੁਰਾਦ ਬਿਮਾਰੀ ਨਾਲ ਦਿਹਾਂਤ ਹੋ ਗਿਆ ਸੀ ਲਾਚੀ ਬਾਵਾ ਵਧੀਆ ਗਾਇਕਾ ਸੀ।

ਜਦ ਜਲੰਧਰ ਦੂਰਦਰਸ਼ਨ ਸ਼ੁਰੂ ਹੋਇਆ ਤਾਂ ਉੱਥੇ ਸਭ ਤੋਂ ਪਹਿਲਾਂ ਗੁਰਮੀਤ ਬਾਵਾ ਨੇ ਗੀਤ ਗਾਇਆ। ਦਿੱਲੀ ਦੂਰਦਰਸ਼ਨ 'ਤੇ ਵੀ ਕਲਾਕਾਰ ਵਜੋਂ ਗੁਰਮੀਤ ਬਾਵਾ ਦੀ ਚੋਣ ਹੋਈ। ਗੁਰਮੀਤ ਬਾਵਾ ਜੁਗਨੀ, ਸੁਹਾਗ, ਘੋੜੀਆਂ, ਸਿਠਣੀਆ, ਲੋਕ ਗਥਾਵਾਂ ਆਦਿ ਗਾਉਣ ਕਰਕੇ ਦੇਸ਼ ਵਿਦੇਸ਼ ਵਿੱਚ ਜਾਣੀ ਜਾਂਦੀ ਸੀ।

1965 ਦੀ ਭਾਰਤ ਪਾਕਿਸਤਾਨ ਜੰਗ ਤੋਂ ਬਾਅਦ ਫੌਜ ਕੋਲ ਫੌਜੀਆਂ ਦੇ ਮੰਨੋਰੰਜਨ ਲਈ ਕੋਈ ਕਲਾਕਾਰ ਨਹੀਂ ਸੀ। ਇਸ ਕਰਕੇ ਸਰਕਾਰ ਨੇ ਵੱਖ ਵੱਖ ਕਲਾਕਾਰਾਂ ਦੀ ਚੋਣ ਕੀਤੀ ਇਹਨਾਂ ਵਿੱਚ ਗੁਰਮੀਤ ਬਾਵਾ ਦਾ ਨਾਮ ਮੁੱਖ ਸੀ। ਗੁਰਮੀਤ ਬਾਵਾ ਨੇ ਪੰਜ ਛੇ ਫ਼ਿਲਮਾਂ ਵਿੱਚ ਗੀਤ ਗਾਏ ਸਭ ਤੋਂ ਪਹਿਲਾਂ ਇਸ ਨੇ ਸਰਪੰਚ ਫ਼ਿਲਮ ਵਿੱਚ ਗੀਤ ਗਾਇਆ। ਗੁਰਮੀਤ ਬਾਵਾ ਦੀ ਗਾਇਕੀ ਦੇ ਸੰਗੀਤ ਵਿੱਚ ਹਰਮੋਨੀਅਮ, ਅਲਗੋਜੇ, ਚਿਮਟਾ,ਢੋਲਕੀ,ਘੜਾ ਆਦਿ ਵਰਤੇ ਜਾਂਦੇ ਸਨ। ਗੁਰਮੀਤ ਬਾਵਾ 45 ਸੈਕਿੰਡ ਦੀ ਹੇਕ ਲਾ ਲੈਂਦੀ ਜੋ ਇਕ ਰਿਕਾਰਡ ਸੀ। ਇਸ ਦਾ ਸਭ ਤੋਂ ਪਹਿਲਾ ਗੀਤ ਤਵੇ 'ਤੇ ਰਿਕਾਰਡ ਹੋ ਕੇ ਆਇਆ 'ਮੈਂ ਜੱਟੀ ਪੰਜਾਬ ਦੀ ਮੇਰੀਆਂ ਰੀਸਾ ਕੌਣ ਕਰੇ' ਇਸ ਤਵੇ ਦੀ ਤੇਰਾਂ ਹਜ਼ਾਰ ਰਿਕਾਰਡ ਤੋੜ ਵਿੱਕਰੀ ਹੋਈ। ਗੁਰਮੀਤ ਬਾਵਾ ਨੇ ਗਾਇਕੀ ਦੇ ਦਮ 'ਤੇ ਲਗਭਗ 25 ਮੁਲਕਾਂ ਦੇ ਟੂਰ ਲਾਏ ਸਭ ਤੋਂ ਪਹਿਲਾ ਟੂਰ ਰਸ਼ੀਆ ਦਾ ਸੀ। ਗੁਰਮੀਤ ਬਾਵਾ ਨੇ ਆਪਣੀ ਗਾਇਕੀ ਕਰਕੇ ਬਹੁਤ ਐਵਾਰਡ ਪ੍ਰਾਪਤ ਕੀਤੇ। ਬਾਵਾ ਨੂੰ 1991 ਵਿੱਚ ਪੰਜਾਬ ਸਰਕਾਰ ਦੁਆਰਾ ਰਾਜ ਪੁਰਸਕਾਰ, ਪੰਜਾਬ ਨਾਟਕ ਅਕਾਦਮੀ ਦੁਆਰਾ ਸੰਗੀਤ ਪੁਰਸਕਾਰ, 2002 ਵਿੱਚ ਮੱਧ ਪ੍ਰਦੇਸ ਸਰਕਾਰ ਦੁਆਰਾ ਰਾਸ਼ਟਰੀ ਦੇਵੀ ਅਹਿਲਿਆ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 2008 ਵਿੱਚ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਸਰਕਾਰ ਵੱਲੋਂ ਇਸ ਨੂੰ ਸ਼੍ਰੋਮਣੀ ਗਾਇਕਾ ਐਵਾਰਡ ਨਾਲ ਸਨਮਾਨਿਆ ਗਿਆ। ਭਾਰਤੀ ਸੰਗੀਤ ਨਾਟਕ ਅਕਾਡਮੀ ਵੱਲੋਂ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਆ ਗਿਆ। ਪੰਜਾਬ ਕਲਾ ਪ੍ਰੀਸਦ ਵਲੋਂ ਪੰਜਾਬ ਗੌਰਵ ਪੁਰਸਕਾਰ ਮਿਲਿਆ। ਗੁਰਮੀਤ ਬਾਵਾ ਨੂੰ ਮਰਨ ਉਪਰੰਤ ਦੇਸ਼ ਦੇ ਦੂਜੇ ਸਰਵਉੱਚ ਨਾਗਰਿਕ ਪੁਰਸਕਾਰ ਪਦਮ ਭੂਸ਼ਣ ਨਾਲ ਨਿਵਾਜ਼ਿਆ ਗਿਆ।

2019 ਵਿੱਚ ਗੁਰਮੀਤ ਬਾਵਾ ਨੂੰ ਨਿਊਜ਼ੀਲੈਂਡ ਦੀ ਪਾਰਲੀਮੈਂਟ 'ਚ ਪੰਜਾਬੀ ਸਪੋਟਸ ਐਂਡ ਕਲਚਰ ਕਲੱਬ ਵਲੋਂ ਸਨਮਾਨ ਮਿਲਿਆ।

ਗੁਰਮੀਤ ਬਾਵਾ ਨੇ 55 ਸਾਲ ਗਾਇਕੀ ਦੇ ਖੇਤਰ ਵਿੱਚ ਸਰੋਤਿਆਂ ਦੀ ਰੱਜ ਕੇ ਸੇਵਾ ਕੀਤੀ। 77 ਸਾਲ ਦੀ ਉਮਰ ਭੋਗ ਕੇ 21 ਨਵੰਬਰ 2021 ਨੂੰ ਆਪਣੇ ਪਰਿਵਾਰ, ਰਿਸ਼ਤੇਦਾਰ ਅਤੇ ਚਹੁੰਣ ਵਾਲੇ ਸਰੋਤਿਆਂ ਨੂੰ ਅਲਵਿਦਾ ਕਹਿ ਗਈ। ਹਰ ਸਟੇਜ 'ਤੇ ਜੁਗਨੀ ਲੰਬੀ ਹੇਕ ਨਾਲ ਗਾਉਣ ਵਾਲੀ ਗੁਰਮੀਤ ਬਾਵਾ- ਆਈ ਜਵਾਨੀ ਹਰ ਕੋਈ ਵਹਿੰਦਾ ਜਾਂਦੀ ਕਿਸੇ ਨਾ ਡਿੱਠੀ,

ਕੀ ਮੁਨਿਆਦ ਹੈ ਬੰਦਿਆ ਤੇਰੀ ਆਖਰ ਹੋਣਾ ਮਿੱਟੀ

ਇਹ ਤੁਕਾ ਸੱਚ ਕਰ ਗਈ। ਉਸ ਦੀ ਗਾਇਕੀ ਦਾ ਸੱਭਿਆਚਾਰਕ ਕੀਮਤੀ ਖ਼ਜ਼ਾਨਾ ਸਾਡੇ ਕੋਲ ਹੈ ਜਿਸ ਨੂੰ ਸੁਣ ਕੇ ਮਨ ਨੂੰ ਸਕੂਨ ਮਿਲਦਾ ਹੈ।

## ਇਤਿਹਾਸ 'ਚ ਪਹਿਲੀ ਵਾਰ ਬਰਤਾਨਵੀ ਸੰਸਦ 'ਚ ਸਿੱਖ

ਜੀ.ਐਸ.ਸੀ. ਦੇ ਸਕੱਤਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਲਾਰਡ ਸਿੰਘ ਦਾ ਇਹ ਮਾਣ-ਸਨਮਾਨ ਉਨ੍ਹਾਂ ਵੱਲੋਂ ਜੀਵਨ ਭਰ ਦੇ ਸਮਰਪਣ, ਬਰਤਾਨਵੀ ਸਮਾਜ, ਸਿੱਖ ਕੌਮ ਅਤੇ ਧਰਮਾਂ ਦੀ ਆਪਸੀ ਸਾਂਝ ਤੇ ਸਦਭਾਵ ਪ੍ਰਤੀ ਦੇ ਉਨ੍ਹਾਂ ਵੱਲੋਂ ਨਿਭਾਈ ਵਿਲੱਖਣ ਭੂਮਿਕਾ ਦਾ ਸਬੂਤ ਹੈ। ਕੌਂਸਲ ਦੇ ਕਾਰਜਕਾਰੀ ਮੈਂਬਰ, ਮਲੇਸ਼ੀਆ ਤੋਂ ਜਗੀਰ ਸਿੰਘ ਨੇ ਕਿਹਾ ਕਿ ਯੂ. ਕੇ. ਦੀ ਸੰਸਦ ਅਤੇ ਧਰਮਾਂਤਰ ਸਦਭਾਵਨਾ ਮੁਹਿੰਮ ਵਿੱਚ ਲਾਰਡ ਸਿੰਘ ਦਾ ਯੋਗਦਾਨ ਭਵਿੱਖ ਦੀਆਂ ਪੀੜ੍ਹੀਆਂ ਲਈ ਹਮੇਸ਼ਾਂ ਪ੍ਰੇਰਣਾਸਰੂਪ ਰਹੇਗਾ। ਜੀ.ਐਸ.ਸੀ. ਦੇ ਕਾਰਜਕਾਰੀ ਮੈਂਬਰ, ਯੂ.ਕੇ. ਤੋਂ ਸਤਨਾਮ ਸਿੰਘ ਪੂਨੀਆ ਨੇ ਕਿਹਾ ਕਿ 'ਬੈਰੋਨ ਸਿੰਘ ਆਫ ਵਿੰਬਲਡਨ' ਦੀ ਉਪਾਧੀ ਰੱਖਣ ਵਾਲੇ ਲਾਰਡ ਸਿੰਘ ਨੇ ਇਸ ਪ੍ਰਾਪਤੀ ਨਾਲ ਇੱਕ ਹੋਰ ਮੀਲ ਦਾ ਪੱਥਰ ਸਥਾਪਿਤ ਕੀਤਾ ਹੈ। ਉਨ੍ਹਾਂ ਨੇ ਮੁਲਕ ਵਿੱਚ ਸਿੱਖੀ ਕਦਰਾਂ-ਕੀਮਤਾਂ ਨੂੰ ਉੱਚਾ ਚੁੱਕਿਆ ਹੈ ਅਤੇ ਬਰਤਾਨਵੀ ਸੰਸਦ ਵਿੱਚ ਵੀ ਸਾਰੀਆਂ ਪਾਰਟੀਆਂ ਤੋਂ ਸਨਮਾਨ ਤੇ ਪਿਆਰ ਹਾਸਲ ਕੀਤਾ ਹੈ। ਸਿੱਖ ਪ੍ਰਚਾਰ ਕਮੇਟੀ ਦੇ ਚੇਅਰਮੈਨ ਰਜਿੰਦਰ ਸਿੰਘ ਨੇ ਇਸ ਸਨਮਾਨ ਨੂੰ ਸਾਰੀ ਸਿੱਖ ਕੌਮ ਲਈ ਇੱਕ ਇਤਿਹਾਸਕ ਪ੍ਰਾਪਤੀ ਦੱਸਦੇ ਹੋਏ ਕਿਹਾ ਕਿ ਇਹ ਬਹੁਤ ਮਾਣ ਹੋਵੇਗਾ ਜਦੋਂ ਇੱਕ ਗੁਰਸਿੱਖ ਦਾ ਚਿੱਤਰ ਸਥਾਈ ਤੌਰ 'ਤੇ ਯੂ.ਕੇ. ਸੰਸਦ ਦੀ ਕੰਧ ਉੱਪਰ ਨੂੰ ਸ਼ੋਭਿਤ ਹੋਇਆ ਸਭਨਾਂ ਨੂੰ ਪ੍ਰੇਰਿਤ ਕਰਦਾ ਰਹੇਗਾ ਜਦੋਂ ਇਤਿਹਾਸ ਰਚਣ ਵਾਲੇ ਦੋ ਸਿੱਖ ਆਗੂ ਕੱਠੇ ਹੋਏ -ਯੂਕੇ ਦੇ ਹੇਠਲੇ ਸਦਨ (ਹਾਊਸ ਆਫ ਕਾਮਨਜ਼) ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਯੂਕੇ ਦੇ ਉਪਰਲੇ ਸਦਨ (ਹਾਊਸ ਆਫ ਲਾਰਡਜ਼) ਦੇ ਪਹਿਲੇ ਦਸਤਾਰਧਾਰੀ ਸਿੱਖ ਲਾਰਡ ਇੰਦਰਜੀਤ ਸਿੰਘ ਨਾਲ ਮੁਲਾਕਾਤ ਕੀਤੀ। ਇਹ ਇੱਕ ਇਤਿਹਾਸਕ ਪਲ ਸੀ ਜਦੋਂ ਦੋਵੇਂ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਲਾਰਡ ਸਿੰਘ ਦੇ ਚਿੱਤਰ ਦੀ ਘੁੰਡ ਚੁਕਾਈ ਸਮਾਰੋਹ ਮੌਕੇ ਇਕੱਠੇ ਹੋਏ, ਜਿਸਨੂੰ ਯੂਕੇ ਸੰਸਦ ਵਿੱਚ ਸਥਾਪਿਤ ਕੀਤਾ ਗਿਆ ਹੈ। ਉਸ ਮੌਕੇ ਪਰਿਵਾਰ ਅਤੇ ਦੋਸਤਾਂ ਦਾ ਸਵਾਗਤ ਕਰਦੇ ਹੋਏ, ਉਨ੍ਹਾਂ ਨੇ ਬਰਤਾਨਵੀ ਸਮਾਜ ਅਤੇ ਯੂਕੇ ਵਿੱਚ ਸਿੱਖਾਂ ਨਾਲ ਸੰਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਵਰਨਣਯੋਗ ਹੈ ਕਿ ਲੇਬਰ ਪਾਰਟੀ ਦੇ ਨੇਤਾ ਤਨਮਨਜੀਤ ਸਿੰਘ ਢੇਸੀ (46) ਸਾਲ 2017 ਤੋਂ ਸਲੋਹ ਸੰਸਦੀ ਹਲਕੇ ਤੋਂ ਤਿੰਨ ਵਾਰ ਸੰਸਦ ਮੈਂਬਰ ਚੁਣੇ ਜਾ ਚੁੱਕੇ ਹਨ।

ਲਾਰਡ ਇੰਦਰਜੀਤ ਸਿੰਘ (92), ਸੀਬੀਈ, ਸਾਲ 2011 ਤੋਂ ਹਾਊਸ ਆਫ ਲਾਰਡਜ਼ ਦੇ ਮੈਂਬਰ ਹਨ। ਉਹ ਸਭ ਮਹੱਤਵਪੂਰਨ ਮੌਕਿਆਂ 'ਤੇ ਸਿੱਖਾਂ ਦੀ ਪ੍ਰਤੀਨਿਧਿਤਾ ਕਰਦੇ ਆ ਰਹੇ ਹਨ, ਜਿਸ ਵਿੱਚ ਰਾਜਕੁਮਾਰਾਂ ਦੀਆਂ ਸ਼ਾਦੀਆਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਮਹਾਰਾਜਾ ਚਾਰਲਜ਼ ਤੀਜੇ ਦੇ ਰਾਜਤਿਲਕ ਸਮਾਰੋਹ ਵਿੱਚ ਇੱਕ ਵਿਲੱਖਣ ਮੌਕਾ ਮਿਲਿਆ, ਜਦੋਂ ਉਨ੍ਹਾਂ ਨੇ ਮਹਾਰਾਜੇ ਨੂੰ ਦਸਤਾਨੇ ਭੇਟ ਕੀਤੇ, ਜੋ ਉਨ੍ਹਾਂ ਦੇ ਰਾਜ ਵਿੱਚ ਵਸਦੇ ਲੋਕਾਂ ਪ੍ਰਤੀ ਨਰਮਦਿਲੀ ਅਤੇ ਬਿਹਤਰ ਸੋਚਵਿਚਾਰ ਦਾ ਪ੍ਰਤੀਕ ਸਨ।

***

## ਬਾਦਲ ਅਕਾਲੀ ਦਲ ਵੱਲੋਂ

ਇਹ ਲਾਈਨ ਵੀ ਅਖ਼ਤਿਆਰ ਕੀਤੀ ਗਈ ਕਿ ਅਕਾਲ ਤਖ਼ਤ ਵੱਲੋਂ ਸਿਰਫ਼ ਧਾਰਮਿਕ ਸਜ਼ਾ ਹੀ ਲਾਈ ਜਾ ਸਕਦੀ ਹੈ ਅਤੇ ਜੇ ਕਿਸੇ ਤਰ੍ਹਾਂ ਦੀ ਰਾਜਨੀਤਕ ਸਜ਼ਾ ਲਾਈ ਗਈ ਤਾਂ ਇਸ ਨਾਲ ਦਿੱਕਤਾਂ ਪੈਦਾ ਹੋ ਸਕਦੀਆਂ ਹਨ। ਪਾਰਟੀ ਅੰਦਰ ਲਗਾਤਾਰ ਦਵੰਦ ਦੀ ਸਥਿਤੀ ਬਣੀ ਹੋਈ ਹੈ। ਸਿੰਘ ਸਾਹਿਬਾਨ ਲਈ ਵੀ ਫ਼ੈਸਲਾ ਲੈਣਾ ਔਖਾ ਹੋਇਆ ਪਿਆ ਹੈ।

ਅਕਾਲੀ ਦਲ ਨੇ ਚੁੱਕੇ ਪੰਜਾਬ ਦੇ ਮੁੱਦੇ

ਪ੍ਰੈਸ ਕਾਨਫ਼ਰੰਸ ਦੌਰਾਨ ਡਾ. ਦਲਜੀਤ ਸਿੰਘ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਦੌਰਾਨ ਵਰਕਿੰਗ ਕਮੇਟੀ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਸੂਬੇ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਅਤੇ ਕੇਂਦਰ ਸਰਕਾਰ ਰਲ ਕੇ ਚੰਡੀਗੜ੍ਹ 'ਤੇ ਪੰਜਾਬ ਦਾ ਅਧਿਕਾਰ ਖੋਹਣਾ ਚਾਹੁੰਦੀਆਂ ਹਨ। ਕਮੇਟੀ ਨੇ ਪੰਜਾਬ ਦੇ ਰਾਜਪਾਲ ਤੇ ਯੂ.ਟੀ. ਪ੍ਰਸ਼ਾਸਕ ਵੱਲੋਂ ਚੰਡੀਗੜ੍ਹ ਵਿੱਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਥਾਂ ਅਲਾਟ ਕਰਨ ਦੇ ਫ਼ੈਸਲੇ 'ਤੇ ਟਾਲ-ਮਟੋਲ ਵਾਲਾ ਜਵਾਬ ਦੇਣ ਦਾ ਵੀ ਨੋਟਿਸ ਲਿਆ, ਜਿਸ ਵਿੱਚ ਉਨ੍ਹਾਂ ਕਿਹਾ ਹੈ ਕਿ ਹਾਲੇ ਤੱਕ ਜ਼ਮੀਨ ਦੀ ਅਲਾਟਮੈਂਟ ਦਾ ਫ਼ੈਸਲਾ ਨਹੀਂ ਲਿਆ ਗਿਆ। ਪਾਰਟੀ ਨੇ ਕਿਹਾ ਕਿ ਪ੍ਰਸ਼ਾਸਕ ਨੂੰ ਸਪੱਸ਼ਟ ਕਹਿਣਾ ਚਾਹੀਦਾ ਹੈ ਕਿ ਉਹ ਜ਼ਮੀਨ ਅਲਾਟ ਨਹੀਂ ਕਰਨਗੇ ਤੇ ਪੰਜਾਬ ਵਿੱਚ ਚੱਲ ਰਹੀਆਂ ਜ਼ਿਮਨੀ ਚੋਣਾਂ ਕਾਰਨ ਟਾਲ-ਮਟੋਲ ਵਾਲੇ ਜਵਾਬ ਨਹੀਂ ਦੇਣੇ ਚਾਹੀਦੇ।

ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਸ. ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕਮੇਟੀ ਨੇ 'ਆਪ' ਸਰਕਾਰ ਵੱਲੋਂ ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਵਾਸਤੇ 'ਇਤਰਾਜ਼ ਨਹੀਂ' ਸਰਟੀਫ਼ਿਕੇਟ ਜਾਰੀ ਨਾ ਕਰਨ ਦੀ ਵੀ ਨਿਖੇਧੀ ਕੀਤੀ। ਇਸ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਵਿੱਚ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ 'ਆਪ' ਸਰਕਾਰ ਨੇ ਪਹਿਲਾਂ ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਵਾਅਦਾ ਕੀਤਾ ਪਰ ਬਾਅਦ ਵਿੱਚ ਮੁਕਰ ਗਈ, ਜਿਸ ਕਾਰਨ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ, ਕਿਉਂਕਿ 'ਆਪ' ਸਰਕਾਰ ਨੇ ਸੱਤ ਵਾਰ ਉਨ੍ਹਾਂ ਦੀ ਰਿਹਾਈ ਤੋਂ ਨਾਂਹ ਕੀਤੀ। ਉਨ੍ਹਾਂ ਕਿਹਾ ਕਿ ਕਮੇਟੀ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਨ ਦੀ ਤਜਵੀਜ਼ ਦਾ ਵੀ ਜ਼ੋਰਦਾਰ ਵਿਰੋਧ ਕੀਤਾ ਤੇ ਕਿਹਾ ਕਿ ਲੋਕਤੰਤਰ ਦਾ ਕਤਲ ਕੀਤਾ ਜਾ ਰਿਹਾ ਹੈ, ਜਿਸ ਨੂੰ ਅਕਾਲੀ ਦਲ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ।

ਸੁਖਬੀਰ ਨੂੰ ਬਚਾਉਣ ਲਈ ਅਕਾਲੀ ਦਲ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਵਿੱਚ ਨਾ ਪਵੇ: ਵਡਾਲਾ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਸੁਖਬੀਰ ਬਾਦਲ ਦੇ ਅਸਤੀਫ਼ੇ ਬਾਰੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬੁਲਾਈ ਗਈ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੋਚੀ-ਸਮਝੀ ਸਾਜ਼ਿਸ਼ ਤੇ ਮੀਟਿੰਗ ਦੀ ਕਾਰਵਾਈ ਨੂੰ ਡਰਾਮਾ ਕਰਾਰ ਦਿੱਤਾ। ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਜਦੋਂ ਅਕਾਲ ਤਖ਼ਤ ਸਾਹਿਬ ਨੇ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਸੀ, ਉਸੇ ਦੌਰਾਨ ਸੁਖਬੀਰ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਅਸਤੀਫ਼ੇ ਦੇ ਮੁੱਦੇ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਉਹ ਅਜਿਹਾ ਕਰਕੇ ਅਕਾਲ ਤਖ਼ਤ ਸਾਹਿਬ ਨੂੰ ਸਿੱਧਾ ਚੈਲਿੰਜ ਕਰ ਰਹੇ ਹਨ। ਜਥੇਦਾਰ ਵਡਾਲਾ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਬਚਾਉਣ ਲਈ ਸਾਜ਼ਿਸ਼ ਰਚੀ ਜਾ ਰਹੀ ਹੈ। ਜੋ ਅਕਾਲੀ ਦਲ ਵੱਲੋਂ ਜ਼ਿਲ੍ਹਾ ਪ੍ਰਧਾਨਾਂ ,ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਮੀਟਿੰਗ ਬੁਲਾਈ ਜਾ ਰਹੀ ਹੈ। ਇਸ ਦੇ ਅਰਥ ਇਹੀ ਹਨ ਕਿ ਬਾਦਲ ਪਰਿਵਾਰ ਦਾ ਬੋਲਬਾਲਾ ਕਾਇਮ ਰਖਿਆ ਜਾਵੇ ਤੇ ਅਕਾਲ ਤਖ਼ਤ ਤੇ ਸਿੱਖ ਪੰਥ ਨੂੰ ਚੁਣੌਤੀ ਦਿੱਤੀ ਜਾਵੇ। ਵਰਕਿੰਗ ਕਮੇਟੀ ਅਤੇ ਦੂਸਰੇ ਲੀਡਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅੱਜ ਪੰਜਾਬ ਸੁਖਬੀਰ ਸਿੰਘ ਬਾਦਲ ਤੋਂ ਅਸਤੀਫ਼ਾ ਚਾਹੁੰਦਾ ਹੈ। ਇਸ ਗੱਲ ਨੂੰ ਲਮਕਾ ਕੇ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਇੱਕ ਵਿਅਕਤੀ ਪਾਰਟੀ ਤੇ ਪੰਥਕ ਪਰੰਪਰਾਵਾਂ ਤੋਂ ਵੱਡਾ ਹੈ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪੰਥਕ ਜ਼ਿੰਮੇਵਾਰੀ

ਸਿੱਖ ਪੰਥ ਦੀਆਂ ਜਥੇਬੰਦੀਆਂ ਛੋਟੇ ਛੋਟੇ ਜਥੇ ਬਣਾਉਣ ਤੇ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਪੱਤਰ ਲਿਖਣ ਤੇ ਜਥੇਦਾਰ ਨੂੰ ਲਗਾਤਾਰ ਸੌਂਪਣ ਤੇ ਮੀਡੀਆ ਵਿੱਚ ਖਬਰ ਦੇਣ ਕਿ ਅਕਾਲ ਤਖ਼ਤ ਸਾਹਿਬ ਇਹ ਫ਼ੈਸਲਾ ਜਲਦ ਕਰਨ। ਗਿਆਨੀ ਗੁਰਬਚਨ ਸਿੰਘ, ਦਲਜੀਤ ਸਿੰਘ ਚੀਮਾ, ਗੁਰਮੁਖ ਸਿੰਘ, ਗਿਆਨੀ ਇਕਬਾਲ ਸਿੰਘ, ਪ੍ਰੋਫ਼ੈਸਰ ਪ੍ਰੇਮ ਸਿੰਘ ਚੰਦੂਮਾਜਰਾ ਆਦਿ ਨੂੰ ਸੁਖਬੀਰ ਸਿੰਘ ਬਾਦਲ ਦੇ ਕੇਸ ਵਿੱਚ ਅਕਾਲ ਤਖ਼ਤ ਸਾਹਿਬ ਉੱਪਰ ਤਲਬ ਕੀਤਾ ਜਾਵੇ ਜੋ ਸੌਦਾ ਸਾਧ ਦੇ ਕੇਸ ਵਿੱਚ ਦੋਸ਼ੀ ਹਨ ਤੇ ਇਸ ਸੱਚ ਨੇੜੇ ਪਹੁੰਚ ਕੇ ਦੋਸ਼ੀਆਂ ਨੂੰ ਸਜਾਵਾਂ ਲਗਾਈਆਂ ਜਾਣ। ਇਸ ਮਾਮਲੇ ਬਾਰੇ ਸਿੱਖ ਪੰਥ ਦਾ ਨੁਮਾਇੰਦਾ ਇਕੱਠ ਤੁਰੰਤ ਸੱਦਿਆ ਜਾਵੇ ਕਿਉਂਕਿ ਇਸ ਮਾਮਲੇ ਵਿੱਚ ਸੁਖਬੀਰ ਸਿੰਘ ਬਾਦਲ ਇਕੱਲਾ ਦੋਸ਼ੀ ਨਹੀਂ ਹੈ। ਸਿੰਘ ਸਾਹਿਬਾਨ ਨੂੰ ਚਾਹੀਦਾ ਹੈ ਕਿ ਪੰਥ ਪ੍ਰਵਾਨਿਤ ਤਾਲਮੇਲ ਕਮੇਟੀ ਦਾ ਐਲਾਨ ਕਰਕੇ ਅਕਾਲੀ ਦਲ ਪੁਨਰ ਸਿਰਜਿਆ ਜਾਵੇ। ਯਾਦ ਰਹੇ ਕਿ ਅਕਾਲੀ ਦਲ ਦੀ ਸਥਾਪਨਾ ਅਕਾਲ ਤਖ਼ਤ ਸਾਹਿਬ ਤੋਂ ਹੋਈ ਸੀ।

***

## ਸੁਖਬੀਰ ਬਾਦਲ ਦੀ ਗੁਪਤ ਸਿਆਸੀ

ਤਾਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂਆਂ ਅਤੇ ਉਮੀਦਵਾਰਾਂ ਦੀ ਹੱਤਿਆਵਾਂ ਹੋਣ ਕਰ ਕੇ ਇਸ ਨੂੰ ਚੋਣਾਂ ਦਾ ਬਾਈਕਾਟ ਕਰਨਾ ਪਿਆ ਸੀ। ਇਸ ਤੋਂ ਕਰੀਬ 32 ਸਾਲਾਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਪਹਿਲੀ ਵਾਰ ਕਿਸੇ ਚੋਣ ਵਿੱਚ ਹਿੱਸਾ ਨਾ ਲੈਣ ਦਾ ਫ਼ੈਸਲਾ ਕੀਤਾ ਹੈ। ਪਰ 1992 ਦੌਰਾਨ ਅਕਾਲੀ ਦਲ ਮਜਬੂਤ ਰਿਹਾ ਸੀ ਤੇ ਉਸਨੇ ਖਾੜਕੂਆਂ ਦੇ ਦਬਾਅ ਕਾਰਨ ਚੋਣਾਂ ਦਾ ਬਾਈਕਾਟ ਕੀਤਾ ਸੀ।

ਸ਼੍ਰੋਮਣੀ ਅਕਾਲੀ ਦਲ ਨੇ ਦਲੀਲ ਦਿੱਤੀ ਸੀ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਕਰ ਕੇ ਉਹ ਕੋਈ ਜਨਤਕ ਸਰਗਰਮੀ ਨਹੀਂ ਕਰ ਸਕਦੇ ਜਿਸ ਕਰ ਕੇ ਪਾਰਟੀ 'ਜਰਨੈਲ' ਬਾਝੋਂ ਚੋਣ ਮੈਦਾਨ ਵਿੱਚ ਉਤਰਨ ਦੇ ਅਸਮਰੱਥ ਹੈ। ਇਉਂ ਇਹ ਚੁਣਾਵੀ ਮੈਦਾਨ ਛੱਡ ਦਿੱਤਾ ਗਿਆ। ਆਮ ਰਾਏ ਇਹੀ ਬਣ ਰਹੀ ਸੀ ਕਿ ਅਕਾਲੀ ਦਲ ਨੂੰ ਇਉਂ ਮੈਦਾਨ ਛੱਡਣ ਦੀ ਥਾਂ ਆਪਣੀ ਹੋਂਦ ਜ਼ਾਹਿਰ ਕਰਨੀ ਚਾਹੀਦੀ ਸੀ। ਇੱਕ ਹੋਰ ਰਾਏ ਇਹ ਵੀ ਸੀ ਕਿ ਪਾਰਟੀ ਆਗੂਆਂ ਨੂੰ ਆਪਣੀ ਮਾੜੀ ਕਾਰਗੁਜ਼ਾਰੀ ਦੇ ਖ਼ੌਫ਼ ਨੇ ਵੀ ਚੋਣ ਮੈਦਾਨ ਤੋਂ ਦੂਰ ਰਹਿਣ ਲਈ ਮਜਬੂਰ ਕੀਤਾ। ਪਾਰਟੀ ਦੀ ਭਾਈਵਾਲ ਰਹੀ ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਵਿੱਚ ਵੋਟ ਫ਼ੀਸਦ ਦੇ ਹਿਸਾਬ ਨਾਲ ਸੂਬੇ ਦੀ ਤੀਜੀ ਵੱਡੀ ਧਿਰ ਬਣ ਗਈ।

****

## ਟਰੰਪ ਦੀ ਜਿੱਤ ਤੋਂ ਬਾਅਦ ਕਈ

ਯੂ.ਐਸ.ਏ. ਟੂਡੇ ਨੇ ਰਿਪੋਰਟ ਅਨੁਸਾਰ ਬਹੁਤ ਸਾਰੇ ਪ੍ਰਵਾਸੀ ਇੱਕ ਅਜਿਹੇ ਦੇਸ਼ ਵਿੱਚ ਜਾਣਾ ਚਾਹੁੰਦੇ ਹਨ ਜੋ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਨਾਲ ਮੇਲ ਖਾਂਦਾ ਹੋਵੇ, ਵਿਸ਼ਵਵਿਆਪੀ ਸਿਹਤ ਦੇਖਭਾਲ ਦਾ ਪ੍ਰਬੰਧ ਹੋਵੇ। ਅਮਰੀਕਨ ਸੰਯੁਕਤ ਰਾਜ ਅਮਰੀਕਾ ਦੀ ਨਫਰਤੀ ਤੇ ਧਰੁਵੀਕਰਨ ਵਾਲੀ ਸਿਆਸਤ ਕਾਰਨ ਰਾਜਨੀਤਿਕ ਮਾਹੌਲ ਤੋਂ ਦੂਰ ਕਿਤੇ ਵਸਣਾ ਚਾਹੁੰਦੇ ਹਨ।

ਟਰੰਪ ਦੇ ਰਾਸ਼ਟਰਪਤੀ ਬਣਨ ਕਾਰਨ ਬਹੁਤ ਸਾਰੇ ਲੋਕਾਂ ਵਿੱਚ ਨਿਰਾਸ਼ਾ ਦੀ ਭਾਵਨਾ ਪੈਦਾ ਕੀਤੀ ਹੈ ਜੋ ਸੋਚਦੇ ਹਨ ਕਿ ਉਹ ਟਰੰਪ ਦੀਆਂ ਨੀਤੀਆਂ ਤੋਂ ਸਿੱਧੇ ਪ੍ਰਭਾਵਿਤ ਹੋਣਗੇ। ਨੌਕਰੀਆਂ ਤੋਂ ਛਾਂਟੀ, ਤਰੱਕੀ ਦੀ ਘਾਟ ਅਤੇ ਰੋਜ਼ੀ-ਰੋਟੀ ਕਮਾਉਣ ਵਿੱਚ ਮੁਸ਼ਕਿਲ ਕਾਰਨ ਲੋਕ ਅਮਰੀਕਾ ਨੂੰ ਅਲਵਿਦਾ ਕਹਿਣ ਲਈ ਮਜਬੂਰ ਹਨ।

ਸਿੰਡੀ ਸ਼ੀਹਾਨ ਨਾਮ ਦੀ ਇੱਕ ਔਰਤ ਅਮਰੀਕਾ ਵਿੱਚ ਵੱਧਦੇ ਧਰੁਵੀਕਰਨ ਅਤੇ ਵੰਡ ਕਾਰਨ ਇਸ ਅਕਤੂਬਰ ਵਿੱਚ ਸਿਸਲੀ ਚਲੀ ਗਈ ਸੀ। ਜਦੋਂ ਉਨ੍ਹਾਂ ਨੂੰ ਵਾਪਸ ਆਉਣ ਦੀ ਯੋਜਨਾ ਬਾਰੇ ਪੁੱਛਿਆ ਗਿਆ, ਤਾਂ ਉਸਨੇ ਕਿਹਾ ਕਿ ਇਹ ਅਸੰਭਵ ਹੈ। ਉਸਨੇ ਯੂ.ਐਸ.ਏ. ਟੂਡੇ ਨੂੰ ਦੱਸਿਆ, 'ਟਰੰਪ ਦਾ ਇੱਕ ਹੋਰ ਕਾਰਜਕਾਲ ਮੈਨੂੰ ਸਵੀਕਾਰ ਨਹੀਂ ਹੈ।'

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਜੇਨ ਬਰਨੇਟ, ਜੋ ਐਕਸਪੈਟਸੀ ਨਾਂ ਦੀ ਕੰਪਨੀ ਚਲਾਉਂਦੀ ਹੈ, ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਵਿਦੇਸ਼ ਜਾਣ ਦੇ ਚਾਹਵਾਨ ਅਮਰੀਕੀਆਂ ਦੀ ਮਦਦ ਕਰਦੀ ਹੈ। ਉਸਨੇ ਕਿਹਾ ਕਿ ਰਾਸ਼ਟਰਪਤੀ ਨਤੀਜਿਆਂ ਦੀ ਘੋਸ਼ਣਾ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਹੀ ਉਸ ਦੀ ਸਾਈਟ ਨੂੰ ਇੱਕ ਮਹੀਨੇ ਦਾ ਟ੍ਰੈਫ਼ਿਕ ਪ੍ਰਾਪਤ ਹੋਇਆ ਕਿ ਅਮਰੀਕਨ ਦੇਸ ਛੱਡਣ ਦੇ ਚਾਹਵਾਨ ਹਨ।

ਰਿਪੋਰਟ ਅਨੁਸਾਰ 2004 ਵਿੱਚ ਜਾਰਜ ਡਬਲਯੂ ਬੁਸ਼ ਦੇ ਮੁੜ ਚੁਣੇ ਜਾਣ, 2020 ਵਿੱਚ ਜੋ ਬਾਈਡੇਨ ਦੀ ਚੋਣ ਅਤੇ 2016 ਵਿੱਚ ਟਰੰਪ ਦੀ ਪਹਿਲੀ ਚੋਣ ਤੋਂ ਬਾਅਦ ਵਿਦੇਸ਼ ਜਾਣ ਵਿੱਚ ਇਸ ਤਰ੍ਹਾਂ ਦਿਲਚਸਪੀ ਵਧੀ ਹੈ। ਪਰ ਅੰਕੜੇ ਦਰਸਾਉਂਦੇ ਹਨ ਕਿ ਸਿਰਫ਼ ਕੁਝ ਹੀ ਅਮਰੀਕੀਆਂ ਨੇ ਅਸਲ ਵਿੱਚ ਇਹ ਕਦਮ ਚੁੱਕੇ ਹਨ।

***

## ਹੱਤਿਆ ਮਾਮਲੇ ਵਿੱਚ ਉਮਰ ਕੈਦ ਕਟ

ਸੁਣਵਾਈ ਨਹੀਂ ਹੋਈ ਕਿਉਂਕਿ ਸਰਕਾਰੀ ਵਕੀਲਾਂ ਨੇ ਉਸ ਦੇ ਨਿਰਦੋਸ਼ ਹੋਣ ਸਬੰਧੀ ਸਾਰੇ ਸਬੂਤ ਪੇਸ਼ ਨਹੀਂ ਕੀਤੇ ਤੇ ਨਾ ਹੀ ਉਸ ਦੇ ਆਪਣੇ ਵਕੀਲਾਂ ਨੇ ਮਾਮਲੇ ਦੀ ਪ੍ਰਭਾਵੀ ਢੰਗ ਨਾਲ ਪੈਰਵਾਈ ਕੀਤੀ ਹੈ। ਇਸ ਫੈਸਲੇ

ਉਪਰੰਤ ਹੈਨੇਪਿਨ ਕਾਊਂਟੀ ਅਟਾਰਨੀ ਮੈਰੀ ਮੋਰੀਆਰਟੀ ਨੇ ਕਿਹਾ ਹੈ ਕਿ ਕੁਇਨਟਾਨਾ ਵੱਲੋਂ ਜੇਲ੍ਹ ਵਿੱਚ ਬਿਤਾਏ 16 ਸਾਲ ਵਾਪਿਸ ਨਹੀਂ ਲਿਆਂਦੇ ਜਾ ਸਕਦੇ, ਇਸ ਲਈ ਸਾਨੂੰ ਅਫਸੋਸ ਹੈ। ਰਿਹਾਈ ਉਪਰੰਤ ਕੁਇਨਟਾਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਤਾਂ ਹੋਣਾ ਹੀ ਸੀ,ਮੈਂ ਜੇਲ੍ਹ ਤੋਂ ਬਾਹਰ ਆ ਕੇ ਖੁਸ਼ ਹਾਂ।

***

## ਅਮਰੀਕਾ 'ਚੋਂ ਲੱਖਾਂ ਗ਼ੈਰ ਕਾਨੂੰਨੀ ਪ੍ਰਵਾਸੀਆਂ

ਕਿਹਾ ਕਿ ਟਰੰਪ ਪ੍ਰਸ਼ਾਸਨ ਅਪਰਾਧਿਕ ਰਿਕਾਰਡ ਵਾਲੇ 425,000 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਹਿਲਾਂ ਦੇਸ਼ ਨਿਕਾਲਾ ਦੇਣ ਲਈ ਜਨਤਕ ਸੁਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਨੂੰ ਤਰਜੀਹ ਦੇਵੇਗਾ। ਇਸ ਕੋਸ਼ਿਸ਼ ਦੀ ਮਨੁੱਖੀ ਅਧਿਕਾਰਾਂ ਦੇ ਵਕੀਲਾਂ ਦੁਆਰਾ ਨਿੰਦਾ ਕੀਤੀ ਗਈ ਹੈ ਅਤੇ ਲੱਖਾਂ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀਆਂ ਨੂੰ ਦੇਸ਼ ਵਿੱਚੋਂ ਕੱਢਣ ਲਈ ਰਾਸ਼ਟਰਪਤੀ ਵਜੋਂ ਟਰੰਪ ਦੀ ਸ਼ਕਤੀ ਦੀ ਸੰਭਾਵਨਾ ਅਤੇ ਸੀਮਾਵਾਂ ਬਾਰੇ ਸਵਾਲ ਖੜ੍ਹੇ ਕੀਤੇ ਹਨ।

ਅਮਰੀਕਨ ਇਮੀਗ੍ਰੇਸ਼ਨ ਕੌਂਸਲ ਦੇ ਸੀਨੀਅਰ ਫੈਲੋ ਐਰੋਨ ਰੀਚਲਿਨ-ਮੇਲਨਿਕ ਨੇ ਕਿਹਾ ਕਿ ਯੂ.ਐਸ ਕਾਨੂੰਨ ਦੇ ਤਹਿਤ ਰਾਸ਼ਟਰਪਤੀ ਰਾਸ਼ਟਰੀ ਐਮਰਜੈਂਸੀ ਘੋਸ਼ਿਤ ਕਰ ਸਕਦੇ ਹਨ ਅਤੇ ਸਿਰਫ਼ ਖਾਸ ਸਥਿਤੀਆਂ ਵਿੱਚ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਕਰ ਸਕਦੇ ਹਨ। ਰਿਚਲਿਨ-ਮੇਲਨਿਕ ਨੇ ਟਰੰਪ ਦੀਆਂ ਟਿੱਪਣੀਆਂ ਦੇ ਜਵਾਬ ਵਿੱਚ ਸੋਸ਼ਲ ਮੀਡੀਆ 'ਤੇ ਲਿਖਿਆ ਅਤੇ ਡਿਪੋਰਟ ਕਰਨ ਲਈ ਫ਼ੌਜ ਦੀ ਵਰਤੋਂ ਕਰਨਾ ਉਨ੍ਹਾਂ ਖਾਸ ਚੀਜ਼ਾਂ ਵਿੱਚੋਂ ਇੱਕ ਨਹੀਂ ਹੈ। ਜਦੋਂ ਕਿ ਟਰੰਪ ਮਹੀਨਿਆਂ ਤੋਂ ਦੇਸ਼ ਨਿਕਾਲੇ ਨੂੰ ਰੋਕਣ ਦਾ ਵਾਅਦਾ ਕਰ ਰਿਹਾ ਹੈ ਕਿਉਂਕਿ ਉਸਨੇ ਆਪਣੀ ਸਫਲ ਮੁੜ-ਚੋਣ ਮੁਹਿੰਮ ਦੌਰਾਨ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਧਿਆਨ ਦਿੱਤਾ ਸੀ, ਉਸਨੇ ਇਸ ਬਾਰੇ ਕੁਝ ਵੇਰਵਿਆਂ ਦੀ ਪੇਸ਼ਕਸ਼ ਕੀਤੀ ਹੈ ਕਿ ਉਹ ਜਨਵਰੀ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਨੂੰ ਕਿਵੇਂ ਲਾਗੂ ਕਰਨਾ ਚਾਹੁੰਦੇ ਹਨ। ਅੰਦਾਜ਼ਨ 11 ਮਿਲੀਅਨ ਤੋਂ 13 ਮਿਲੀਅਨ ਗੈਰ-ਦਸਤਾਵੇਜ਼ੀ ਨਿਵਾਸੀ ਅਮਰੀਕਾ ਵਿੱਚ ਰਹਿੰਦੇ ਹਨ। ਅਮਰੀਕਨ ਇਮੀਗ੍ਰੇਸ਼ਨ ਕੌਂਸਲ ਦੁਆਰਾ ਇੱਕ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਹੈ ਕਿ ਪ੍ਰਤੀ ਸਾਲ ਇੱਕ ਮਿਲੀਅਨ ਲੋਕਾਂ ਦੁਆਰਾ ਦੇਸ਼ ਨਿਕਾਲੇ ਵਿੱਚ ਵਾਧਾ ਮੌਜੂਦਾ ਦਰ ਤੋਂ ਲਗਭਗ ਚਾਰ ਗੁਣਾ ਮਤਲਬ ਇੱਕ ਦਹਾਕੇ ਵਿੱਚ 967.9 ਬਿਲੀਅਨ ਡਾਲਰ ਖਰਚੇ ਜਾਣਗੇ।

***

## ਅੰਗਾਂ ਦੀ ਤਸਕਰੀ

ਅੰਗ ਟਰਾਂਸਪਲਾਂਟ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਅੰਗਦਾਨ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਵਾਲੀ ਕਮੇਟੀ ਸਹੀ ਢੰਗ ਨਾਲ ਜਾਂਚ ਕਰੇ ਤਾਂ ਗੈਰ-ਕਾਨੂੰਨੀ ਦਸਤਾਵੇਜ਼ਾਂ ਦਾ ਕਾਰੋਬਾਰ ਕਰਨ ਵਾਲੇ ਫੜੇ ਜਾ ਸਕਦੇ ਹਨ। 'ਐਚ.ਐਨ.ਏ. ਟਾਈਪਿੰਗ' ਦੀ ਚੰਗੀ ਤਰ੍ਹਾਂ ਜਾਂਚ ਕਰਨ ਨਾਲ, ਗੈਰ-ਕਾਨੂੰਨੀ ਕਾਗ਼ਜ਼ਾਂ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਮਤਲਬ ਸਾਫ਼ ਹੈ, ਜੇਕਰ ਜਾਂਚ ਅਧਿਕਾਰੀ ਅਤੇ ਡਾਕਟਰ ਚਾਹੁਣ ਤਾਂ ਮਨੁੱਖੀ ਅੰਗਾਂ ਦੀ ਤਸਕਰੀ ਦੇ ਧੰਦੇ ਨੂੰ ਰੋਕਿਆ ਜਾ ਸਕਦਾ ਹੈ। ਅੰਕੜੇ ਦੱਸਦੇ ਹਨ ਕਿ ਜਿਨ੍ਹਾਂ ਦੇਸ਼ਾਂ ਵਿੱਚ ਅੱਤਵਾਦ ਜਾਂ ਯੁੱਧ ਦੀ ਸਥਿਤੀ ਸੀ/ਹੈ, ਉੱਥੇ ਮਨੁੱਖੀ ਤਸਕਰੀ ਵੱਡੇ ਪੱਧਰ 'ਤੇ ਹੁੰਦੀ ਹੈ। ਅੱਤਵਾਦੀ ਗਿਰੋਹਾਂ, ਅੰਤਰਰਾਸ਼ਟਰੀ ਤਸਕਰਾਂ ਅਤੇ ਨਵੇਂ ਗੈਂਗਾਂ ਰਾਹੀਂ ਮਨੁੱਖੀ ਤਸਕਰੀ ਵੀ ਤੇਜ਼ੀ ਨਾਲ ਵਧੀ, ਖਾਸ ਕਰਕੇ 2005 ਤੋਂ 2015 ਤੱਕ। ਅੱਜ ਵੀ ਇਹ ਗਿਰੋਹ ਸਰਗਰਮ ਹਨ ਅਤੇ ਵੱਡੇ ਪੱਧਰ 'ਤੇ ਮਨੁੱਖੀ ਅੰਗਾਂ ਦੀ ਤਸਕਰੀ ਕਰਕੇ ਪੈਸੇ ਲੁੱਟਣ 'ਚ ਲੱਗੇ ਹੋਏ ਹਨ। ਮਨੁੱਖੀ ਅੰਗਾਂ ਦੀ ਤਸਕਰੀ ਨੂੰ ਰੋਕਣ ਲਈ ਸਰਕਾਰ, ਪੁਲਿਸ, ਪ੍ਰਸ਼ਾਸਨ, ਹਸਪਤਾਲਾਂ ਦੀਆਂ ਮੈਨੇਜ਼ਮੈਂਟਾਂ ਨੂੰ ਰਲਮਿਲ ਕੇ ਸਾਂਝੇ ਉਪਰਾਲੇ ਕਰਨੇ ਚਾਹੀਦੇ ਹਨ ਅਤੇ

ਡਾਕਟਰਾਂ, ਨਰਸਾਂ, ਦਲਾਲਾਂ, ਪੁਲਿਸ ਅਤੇ ਤਸਕਰ ਗਿਰੋਹਾਂ ਦੇ ਬਣੇ ਨੈੱਟਵਰਕ ਨੂੰ ਤੋੜਨਾ ਚਾਹੀਦਾ ਹੈ। ਇਸ ਤੋਂ ਇਲਾਵਾ ਆਮ ਲੋਕਾਂ ਨੂੰ ਵੀ ਧੋਖੇ ਨਾਲ ਉਹਨਾਂ ਦੇ ਅੰਗ ਕੱਢੇ ਜਾਣ ਅਤੇ ਮਨੁੱਖੀ ਅੰਗਾਂ ਦੀ ਤਸਕਰੀ ਤੋਂ ਬਚਾਓ ਲਈ ਜਾਗਰੂਕ ਕਰਨਾ ਚਾਹੀਦਾ ਹੈ।

****

## ਗੁਰੂ ਨਗਰੀ ਅੰਮ੍ਰਿਤਸਰ ਵਿੱਚ

ਇਸ ਦੇ ਗੁਆਂਢ ਹੀ 1863 ਵਿੱਚ ਸਰਕਟ ਹਾਊਸ ਬਣਿਆ, ਅੱਜ ਦਾ ਸਰਕਟ ਹਾਊਸ ਵੀ ਇਸੇ ਥਾਂ ਉੱਪਰ ਹੈ, ਬੇਸ਼ੱਕ ਇਮਾਰਤਾਂ ਢਹਿੰਦੀਆਂ ਅਤੇ ਉਸਰਦੀਆਂ ਰਹੀਆਂ ਹਨ। ਅੰਮ੍ਰਿਤਸਰ ਸ਼ਹਿਰ ਦੀਆਂ ਪੁਰਾਣੀਆਂ ਸੜਕਾਂ ਦੇ ਨਾਂਅ ਅੱਜ ਵੀ ਅੰਗਰੇਜ਼ਾਂ ਦੇ ਨਾਂਵਾਂ ਉੱਪਰ ਹੀ ਹਨ। 1849 ਈ. ਤੋਂ ਛੇਤੀ ਪਿਛੋਂ ਪਿੰਡ ਗੁੰਮਟਾਲਾ ਦੀ ਜ਼ਮੀਨ ਖਰੀਦ ਕੇ ਇਥੇ ਛਾਉਣੀ ਬਣਾਈ ਗਈ। ਕਿਲ੍ਹਾ ਗੋਬਿੰਦਗੜ੍ਹ ਤਾਂ ਪਹਿਲਾਂ ਹੀ ਬਣਿਆ ਹੋਇਆ ਸੀ। ਕਿਲ੍ਹੇ ਅਤੇ ਛਾਉਣੀ ਨੂੰ ਮਿਲਾਉਣ ਲਈ ਇਕ ਸੜਕ ਕੱਢੀ ਗਈ, ਜਿਸ ਨੂੰ ਮੈਕਲੋਡ ਰੋਡ ਜਾਂ ਕਿਲ੍ਹਾ ਰੋਡ ਦਾ ਨਾਂਅ ਦਿੱਤਾ ਗਿਆ। ਮੈਕਲੋਡ ਰੋਡ ਤੋਂ ਬਿਨਾਂ ਟੇਲਰ ਰੋਡ, ਕਪੂਰ ਰੋਡ, ਲਾਰੈਂਸ ਰੋਡ ਅਤੇ ਐਲਬਰਟਾ ਰੋਡ ਅੱਜ ਵੀ ਉਸੇ ਜਲਵੇ ਨਾਲ ਕਾਇਮ ਹਨ। ਅੰਗਰੇਜ਼ਾਂ ਦੁਆਰਾ ਬਣਾਏ ਗਏ ਪੁਰਾਣੇ ਰੇਲਵੇ ਸਟੇਸ਼ਨ ਦੇ ਖੰਡਰ ਅੱਜ ਵੀ ਕਿਲ੍ਹਾ ਗੋਬਿੰਦਗੜ੍ਹ ਦੀ ਪੱਛਮ ਵਾਲੀ ਬਾਹੀ ਵੱਲ ਵੇਖੇ ਜਾ ਸਕਦੇ ਹਨ।

ਬਿਮਾਰੀਆਂ ਦੇ ਇਲਾਜ ਲਈ 1904 ਈ. ਵਿੱਚ ਵਿਕਟੋਰੀਆ ਜੁਬਲੀ ਹਸਪਤਾਲ ਖੁੱਲ੍ਹਾ। ਇਸ ਹਸਪਤਾਲ ਬਾਰੇ ਦਿਲਚਸਪ ਗੱਲ ਇਹ ਹੈ ਕਿ ਇਸ ਦੇ ਦੋਵਾਂ ਨਾਂਵਾਂ (ਵੀ. ਅਤੇ ਜੇ.) ਦੀ ਸਰਲੀਕਰਨ ਕਰਕੇ ਇਸ ਨੂੰ ਵਿਜੈ ਹਸਪਤਾਲ ਬਣਾ ਦਿੱਤਾ ਗਿਆ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਅਸਲੀ ਜਾਂ ਮੂਲ ਨਾਂਅ ਦਾ ਤਾਂ ਆਮ ਲੋਕਾਂ ਨੂੰ ਪਤਾ ਨਹੀਂ ਸੀ ਅਤੇ ਦੂਜਾ ਇਹ ਬੋਲੀ ਵੀ ਮੁਸ਼ਕਿਲ ਸੀ। 'ਵਿਜੈ' ਸ਼ਬਦ ਪੰਜਾਬੀਆਂ ਦੇ ਸ਼ਬਦ ਕੋਸ਼ ਵਿੱਚ ਪਹਿਲਾਂ ਹੀ ਮੌਜੂਦ ਸੀ, ਇਸ ਲਈ ਵਿਕਟੋਰੀਆ ਜੁਬਲੀ (ਵੀ.ਜੇ.) ਨੂੰ ਵਿਜੈ ਨਾਂਅ ਵਿੱਚ ਰੂਪਾਂਤਰਿਕ ਕਰ ਦਿੱਤਾ ਗਿਆ। ਇਸ ਥਾਂ 'ਤੇ ਅੱਜ ਪਹਿਲੀਆਂ ਸਰਕਾਰਾਂ ਵੱਲੋਂ ਕਾਇਮ ਅਰਬਨ ਹਾਟ ਚੱਲ ਰਹੀ ਹੈ। ਇਮਾਰਤ ਪੁਰਾਣੀ ਹੀ ਹੈ।

ਰਾਮਬਾਗ਼ ਬੇਸ਼ੱਕ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਵਿੱਚ ਬਣਿਆ, ਜਿਥੇ ਉਹ ਗਰਮੀਆਂ ਵਿੱਚ (ਸਮਰ ਪੈਲੇਸ) ਠਹਿਰਦਾ ਸੀ, ਪਰ 1860 ਵਿੱਚ ਸ਼ਹਿਰ ਦੀ ਹਿਫ਼ਾਜ਼ਤ ਲਈ ਬਣਾਈ ਗਈ ਖੰਦਕ ਨੂੰ ਪੂਰ ਕੇ ਇਸ ਦਾ ਵਿਸਤਾਰ ਕੀਤਾ ਗਿਆ। ਹੈਨਰੀ ਕੋਪ ਦੀ ਨਿਗਰਾਨੀ ਵਿੱਚ ਰਾਮ ਬਾਗ਼ ਨੂੰ ਨਵੇਂ ਸਿਰਿਓਂ ਵਿਓਂਤਿਆ ਗਿਆ ਅਤੇ ਹੋਰ ਸੁੰਦਰ ਬਣਾਇਆ ਗਿਆ। 1880 ਈ. ਤੱਕ ਇਹ ਬਾਗ਼ ਪਹਿਲਾਂ ਨਾਲੋਂ ਵਧੇਰੇ ਦਿਲਕਸ਼ ਅਤੇ ਖ਼ੂਬਸੂਰਤ ਬਣ ਚੁੱਕਾ ਸੀ। ਅੰਗਰੇਜ਼ ਅਫ਼ਸਰਾਂ ਨੇ ਆਪਣੀਆਂ ਸ਼ਾਮਾਂ ਅਤੇ ਰਾਤਾਂ ਨੂੰ ਰੰਗੀਨ ਬਣਾਉਣ ਲਈ ਇਥੇ ਕਈ ਕਲੱਬ ਖੋਲ੍ਹ ਲਏ ਜੋ ਅੱਜ ਵੀ ਉਨ੍ਹਾਂ ਹੀ ਨਾਂਵਾਂ ਨਾਲ ਮਸ਼ਹੂਰ ਹਨ, ਜਿਵੇਂ ਸਰਵਿਸ ਕਲੱਬ ਅਤੇ ਲੰਬਸਡਨ ਕਲੱਬ ਆਦਿ।

ਅੰਮ੍ਰਿਤਸਰ ਸ਼ਹਿਰ ਵਿੱਚ ਅੰਗਰੇਜ਼ਾਂ ਵੱਲੋਂ ਬਣਾਈਆਂ ਗਈਆਂ ਇਮਾਰਤਾਂ, ਸਮਾਰਕਾਂ, ਗਿਰਜਾਘਰ ਅਤੇ ਸਕੂਲ ਅੱਜ ਵੀ ਵੇਖੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਕਈ ਤਾਂ ਵਰਤੋਂ ਵਿੱਚ ਹਨ ਅਤੇ ਕਈ ਖਸਤਾ ਹਾਲਤ ਵਿੱਚ ਹਨ। ਨਵੀਆਂ ਬਣੀਆਂ ਇਮਾਰਤਾਂ ਜਾਂ ਤਾਂ ਢਾਹ ਕੇ ਪਹਿਲਾਂ ਵਾਲੀ ਥਾਂ ਉੱਪਰ ਹੀ ਬਣੀਆਂ ਹਨ ਜਾਂ ਉਨ੍ਹਾਂ ਦੇ ਨੇੜੇ-ਤੇੜੇ। ਬਸਤੀਵਾਦੀ ਯੁੱਗ ਦੀਆਂ ਇਨ੍ਹਾਂ ਨਿਸ਼ਾਨੀਆਂ ਦੀ ਉਮਰ ਹੋਰ ਪਤਾ ਨਹੀਂ ਕਿੰਨੀ ਲੰਮੀ ਹੈ ? ਬਹਰਹਾਲ ਇਹ ਅੰਮ੍ਰਿਤਸਰ ਸ਼ਹਿਰ ਦੀ ਵਿਰਾਸਤ, ਇਤਿਹਾਸ ਅਤੇ ਸੱਭਿਆਚਾਰ ਦਾ ਹਿੱਸਾ ਜ਼ਰੂਰ ਹਨ।

***

## ਵੱਡੇ ਕਾਰਪੋਰੇਟ ਘਰਾਣੇ ਪ੍ਰਧਾਨ ਮੰਤਰੀ ਮੋਦੀ

ਗੌਤਮ ਅਡਾਨੀ ਦੀ ਮਹਾਰਾਸ਼ਟਰ ਵਿੱਚ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਦੀ ਸਰਕਾਰ ਬਣਾਉਣ ਬਾਰੇ ਹੋਈ ਮੀਟਿੰਗ 'ਚ ਸ਼ਾਮਲ ਹੋਣ ਦੇ ਇੰਕਸ਼ਾਫ਼ ਨੇ ਕਾਂਗਰਸ ਤੇ ਦੂਜੀਆਂ ਸਿਆਸੀ ਪਾਰਟੀਆਂ ਦੇ ਇਸ ਦੋਸ਼ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਵੱਡੇ ਕਾਰਪੋਰੇਟ ਘਰਾਣੇ ਭਾਜਪਾ, ਖਾਸਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਘਿਓ-ਖਿਚੜੀ ਹਨ।

## 'ਰਹਿਣ ਦਿਉ ਪਾਪਾ'

"ਇਹ ਦੂਜਾ ਬੂਟਾ ਕਾਹਦੈ ?" ਸਹਿਜ ਨੇ ਪੁੱਛਿਆ।

"ਇਹ ਅਰਹਰ ਦਾ ਬੂਟਾ ਐ। ਇਹ ਚੰਦਨ ਦੇ ਬੂਟੇ ਦੇ ਨਾਲ਼ ਲਾਉਣਾ ਪਵੇਗਾ। ਜਿਉਂ-ਜਿਉਂ ਚੰਦਨ ਦਾ ਬੂਟਾ ਜੜ੍ਹ ਲਾਉਂਦਾ ਜਾਵੇਗਾ, ਅਰਹਰ ਦਾ ਬੂਟਾ ਸੁੱਕਣ ਲੱਗ ਪਵੇਗਾ। ਚੰਦਨ ਦਾ ਬੂਟਾ ਵਧਣੇ ਪੈ ਜਾਵੇਗਾ ਅਤੇ ਅਰਹਰ ਦਾ ਬੂਟਾ ਸੁੱਕ ਜਾਵੇਗਾ।"

ਸੁਣ ਕੇ ਸਹਿਜ ਇਕਦਮ ਉਦਾਸ ਹੋ ਗਈ, "ਪਾਪਾ! ਇਹ ਕੀ ਗੱਲ ਹੋਈ ? ਜਿਹੜਾ ਹਰਾ ਹੀ ਕਿਸੇ ਦੀ ਬਲੀ ਲੈ ਕੇ ਹੋਵੇਗਾ, ਅੱਗੇ ਜਾ ਕੇ ਕੀ ਕਰੇਗਾ ? ਆਪਾਂ ਨਹੀਂ ਲਾਉਣਾ ਇਹ। ਸੁੱਟ ਦਿਉ ਪਰ੍ਹਾਂ। ਰਹਿਣ ਦਿਉ ਪਾਪਾ।"

"ਬੇਟਾ ਇਉਂ ਨਹੀਂ ਕਰੀਦਾ। ਮੈਂ ਮਸਾਂ ਲੈ ਕੇ ਆਇਆਂ। ਓਦੇਂ ਤੂੰ ਟੂਰ ਤੋਂ ਆਈ ਕਾਹਲ਼ੀ ਪਈ ਹੋਈ ਸੀ। ਮੈਂ ਤਾਂ ਗੁਆਚ-ਗੁਆਚ ਕੇ ਭਾਲ਼ ਕੇ ਲਿਆਇਆਂ ਇਹਨੂੰ। ਐਂ ਨਾ ਕਰ।"

ਏਨੇ ਨੂੰ ਮਾਲੀ ਨੇ ਗੇਟ ਅੱਗੇ ਸਾਈਕਲ ਖੜ੍ਹਾਇਆ ਤੇ ਹੌਲ਼ੀ-ਹੌਲ਼ੀ ਤੁਰਿਆ ਆ ਰਿਹਾ ਸੀ।

ਸਹਿਜ ਦੇ ਪਾਪਾ ਨੇ ਚੰਦਨ ਦਾ ਬੂਟਾ ਚੁੱਕਿਆ ਤੇ ਸਹਿਜ ਨੂੰ ਇਸ਼ਾਰਾ ਕਰਕੇ ਅਰਹਰ ਦਾ ਬੂਟਾ ਚੁੱਕਣ ਲਈ ਕਿਹਾ ਪਰ ਉਹਨੇ ਅਰਹਰ ਦਾ ਬੂਟਾ ਨਹੀਂ ਚੁੱਕਿਆ ਤੇ ਕਹਿੰਦੀ, "ਰਹਿਣ ਦਿਉ ਪਾਪਾ। ਆਪਾਂ ਨਹੀਂ ਲਾਉਣਾ ਇਹ। ਕੋਈ ਹੋਰ ਲਾਵਾਂਗੇ। ਲਾਉਣਾ ਨਹੀਂ ਬਸ ਇਹ। ਮੈਂ ਕਹਿ ਦਿੱਤਾ ਬਸ। ਮੈਨੂੰ ਬੁਰਾ ਲੱਗਿਆ ਕਰੂ। ਮੈਥੋਂ ਨਹੀਂ ਵੇਖਿਆ ਜਾਣਾ ਇਹ।"

ਸਹਿਜ ਦਾ ਪਾਪਾ ਉਹਦੀ ਜ਼ਿੱਦ 'ਤੇ ਖਿਝਣ ਲੱਗਿਆ। ਸੋਚਣ ਲੱਗਿਆ, 'ਬੜੀ ਜ਼ਿੱਦੀ ਕੁੜੀ ਐ।'

ਮਾਲੀ ਕੋਲ਼ ਆ ਗਿਆ ਸੀ। ਸਹਿਜ ਬੈੱਡ-ਰੂਮ 'ਚ ਚਲੀ ਗਈ। ਉਹਨੇ ਮੋਬਾਈਲ ਚੁੱਕ ਕੇ ਚੰਦਨ ਦਾ ਨੰਬਰ ਡਿਲੀਟ ਕਰ ਦਿੱਤਾ।

****

## ਡਿਜੀਟਲ ਤਕਨੀਕ ਦੀ ਵਰਤੋਂ ਕਰਨ ਵਾਲੇ

ਇਸ 'ਚ ਜ਼ਿਕਰਯੋਗ ਹੈ ਕਿ ਸਾਲ 2023 'ਚ 81.5 ਕਰੋੜ ਭਾਰਤੀ ਲੋਕਾਂ ਦਾ ਆਧਾਰ, ਪੈਨ ਅਤੇ ਪਾਸਪੋਰਟ ਦਾ ਸਾਰਾ ਡਾਟਾ ਡਾਰਕ ਵੈੱਬਸਾਈਟ 'ਪਾਨ0001' ਨਾਂਅ ਦੀ ਫਾਈਲ ਬਣਾ ਕੇ 80000 ਡਾਲਰ 'ਚ ਵੇਚਣ 'ਤੇ ਲਾ ਦਿੱਤਾ ਗਿਆ ਸੀ। ਸਤੰਬਰ 2024 ਵਿੱਚ ਸਰਕਾਰ ਨੇ ਦੋ ਵੈੱਬਸਾਈਟਾਂ ਬੰਦ ਕੀਤੀਆਂ ਹਨ, ਜਿਨ੍ਹਾਂ 'ਤੇ ਪੈਨ, ਆਧਾਰ ਦਾ ਡਾਟਾ ਲੀਕ ਹੋ ਰਿਹਾ ਸੀ।

ਕਾਨੂੰਨ ਵਿੱਚ ਸੁਧਾਰ: ਅਸੀਂ ਡਿਜੀਟਲ ਇੰਡੀਆ ਦਾ ਕੰਮ 8 ਸਾਲ ਪਹਿਲਾਂ ਸ਼ੁਰੂ ਕੀਤਾ ਸੀ ਪਰ ਕਾਨੂੰਨ 2000 ਵਾਲਾ ਆਈ.ਟੀ. ਐਕਟ ਹੀ ਹੈ, ਜਿਸ 'ਚ ਵੱਡੇ ਪੱਧਰ 'ਤੇ ਬਦਲਾਅ ਦੀ ਜ਼ਰੂਰਤ ਸੀ। ਇਸ ਵਾਰ ਮਾਨਸੂਨ ਇਜਲਾਸ 'ਚ ਡਿਜੀਟਲ ਪਰਸਨਲ ਡਾਟਾ ਬਿੱਲ 2023 ਪਾਸ ਕੀਤਾ ਗਿਆ ਸੀ। ਹਾਲਾਂਕਿ ਛੋਟੇ-ਮੋਟੇ ਸੁਧਾਰ ਆਰ.ਬੀ.ਆਈ. ਕਰਦੀ ਹੈ, ਜਿਵੇਂ ਕਿ ਓ.ਟੀ.ਪੀ. ਲਾਉਣੇ, ਦੋ ਫੈਕਟਰ ਵਾਲੀ ਪ੍ਰਮਾਣਿਕਤਾ ਲਗਾਉਣੀ ਆਦਿ ਹਨ, ਖਾਸ ਕਰਕੇ ਈ. ਕਾਮਰਸ ਲਈ। ਇਸ ਵੇਲੇ ਬਹੁਤੇ ਸਾਈਬਰ ਕ੍ਰਾਈਮ ਦੀ ਰੋਕਥਾਮ ਕਰਨ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਸਿਖਲਾਈ ਦੀ ਵੱਡੇ ਪੱਧਰ 'ਤੇ ਲੋੜ ਹੈ, ਕਿਉਂਕਿ ਇਸ ਵੇਲੇ ਉਹ ਪ੍ਰਾਈਵੇਟ ਅਦਾਰਿਆਂ ਦੀ ਮਦਦ ਨਾਲ ਚਲਦੇ ਹਨ। ਇਕ ਖੋਜ ਸੈੱਲ ਹੋਵੇ, ਜੋ ਇਨ੍ਹਾਂ ਨਵੀਆਂ ਠੱਗੀਆਂ ਦੇ ਤਰੀਕਿਆਂ ਦਾ ਅਧਿਐਨ ਕਰਕੇ ਉਨ੍ਹਾਂ ਨੂੰ ਬੰਦ ਕਰੇ।

ਇਹ ਸੈੱਲ ਡਿਜੀਟਲ ਲਿਟਰੇਸੀ ਦੇ ਪ੍ਰੋਗਰਾਮ ਤਹਿਤ ਲੋਕਾਂ ਨੂੰ ਡਿਜੀਟਲ ਤਕਨੀਕ ਦੀ ਵਰਤੋਂ ਸਿਖਾਉਣ ਦੇ ਨਾਲ-ਨਾਲ, ਜੋ ਨਵੇਂ ਢੰਗ-ਤਰੀਕੇ ਠੱਗੀ ਦੇ ਵਰਤੇ ਜਾਂਦੇ ਹਨ, ਉਨ੍ਹਾਂ ਤੋਂ ਵੀ ਜਾਣੂ ਕਰਵਾਇਆ ਜਾਵੇ। ਕਾਨੂੰਨ ਬਣਾ ਕੇ ਠੱਗਾਂ ਨੂੰ ਸਖ਼ਤ ਸਜ਼ਾ ਵੀ ਦੁਆਈ ਜਾਵੇ।

***

## ਗਲੇਸ਼ੀਅਰਾਂ ਦੇ ਪਿਘਲਣ ਤੋਂ

ਅਤੇ ਅਨਾਜ ਦੀ ਪੈਦਾਵਾਰ ਵਿੱਚ ਵੱਡੀ ਘਾਟ ਆਵੇਗੀ ਜਿਸ ਦੇ ਨਤੀਜੇ ਵਜੋਂ ਅਕਾਲ ਪੈਣ ਵਰਗੀ ਸਥਿਤੀ ਵੀ ਆ ਸਕਦੀ ਹੈ। ਪਾਣੀ ਅਤੇ ਅਨਾਜ ਦੀ ਕਮੀ ਦੇ ਨਾਲ ਨਾਲ ਊਰਜਾ (ਬਿਜਲੀ) ਦਾ ਸੰਕਟ ਵੀ ਪੈਦਾ ਹੋ ਸਕਦਾ ਹੈ। ਭਾਰਤ ਦੇ ਤਿੰਨ ਪਾਸੇ ਸਮੁੰਦਰ ਲੱਗਦਾ ਹੈ, ਗਲੇਸ਼ੀਅਰਾਂ ਦੇ ਪਿਘਲਣ ਕਾਰਨ ਸਮੁੰਦਰ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਦੇਸ਼ ਦੇ ਤੱਟਵਰਤੀ ਰਾਜਾਂ ਅਤੇ ਕੇਂਦਰੀ ਸ਼ਾਸ਼ਿਤ ਰਾਜਾਂ ਦੇ ਜਿਹੜੇ ਖੇਤਰ ਸਮੁੰਦਰ ਦੇ ਕਿਨਾਰਿਆਂ ਨਾਲ ਲਗਦੇ ਹਨ ਉਨ੍ਹਾਂ ਦਾ ਵੱਡਾ ਹਿੱਸਾ ਸਮੁੰਦਰ ਵਿੱਚ ਸਮਾ ਜਾਵੇਗਾ। ਸਮੁੰਦਰ ਦੇ ਜਲ ਪੱਧਰ ਦੇ ਉੱਚਾ ਹੋਣ ਕਾਰਨ ਸਮੁੰਦਰੀ ਆਫ਼ਤਾਂ ਦੀ ਆਮਦ ਦੀ ਗਿਣਤੀ ਵਿੱਚ ਵੀ ਵਾਧਾ ਹੋ ਜਾਵੇਗਾ।

ਗਲੇਸ਼ੀਅਰਾਂ ਨੂੰ ਪਿਘਲਣ ਤੋਂ ਰੋਕਣਾ ਭਾਵੇਂ ਅਜੋਕੀ ਹਾਲਤ ਵਿੱਚ ਸੰਭਵ ਨਹੀਂ ਹੈ, ਪਰ ਇਨ੍ਹਾਂ ਦੇ ਪਿਘਲਣ ਦੀ ਰਫ਼ਤਾਰ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ। ਭਾਵੇਂ ਗਲੇਸ਼ੀਅਰਾਂ ਦੇ ਪਿਘਲਣ ਦੀ ਸਮੱਸਿਆ ਸਿੱਧੇ ਤੌਰ ਉੱਤੇ ਤਾਪਮਾਨ ਦੇ ਵਾਧੇ ਨਾਲ ਸੰਬੰਧਿਤ ਹੈ, ਪਰ ਉੱਤਰਾਖੰਡ ਸਰਕਾਰ ਨੂੰ ਚਾਹੀਦਾ ਹੈ ਕਿ ਰਾਜ ਵਿੱਚ ਅਜਿਹੀਆਂ ਗਤੀਵਿਧੀਆਂ ਕਰਨ ਤੋਂ ਗੁਰੇਜ਼ ਕਰੇ ਜੋ ਸਥਾਨਕ ਤਾਪਮਾਨ ਵਿੱਚ ਵਾਧਾ ਕਰਦੀਆਂ ਹਨ। ਰਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਆਰਥਿਕ ਵਿਕਾਸ ਦੇ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉਸ ਖੇਤਰ ਦੀ ਭੂਗੋਲਿਕ ਸਥਿਤੀ ਦੀ ਭੂ-ਵਿਗਿਆਨੀਆਂ ਤੋਂ ਜਾਂਚ ਕਰਾਵੇ, ਗਲੇਸ਼ੀਅਰਾਂ ਅਤੇ ਦਰਿਆਵਾਂ ਦੇ ਸਰੋਤਾਂ ਦੀ ਨਿਗਰਾਨੀ ਰੱਖੇ ਅਤੇ ਕੁਦਰਤੀ ਸਰੋਤਾਂ ਨਾਲ ਘੱਟ ਤੋਂ ਘੱਟ ਛੇੜਛਾੜ ਕਰੇ। ਜੰਗਲਾਂ ਦੀ ਕਟਾਈ ਤੋਂ ਬਾਅਦ ਨਵੇਂ ਦਰਖ਼ਤ ਸਥਾਨਕ ਕਿਸਮਾਂ ਦੇ ਹੀ ਲਗਾਉਣੇ ਚਾਹੀਦੇ ਹਨ। ਸੰਵੇਦਨਸ਼ੀਲ ਖੇਤਰਾਂ ਵਿੱਚ ਕਿਸੇ ਵੀ ਉਸਾਰੀ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਸੈਰ-ਸਪਾਟਾ ਵਿਭਾਗ ਦੇ ਅਧਿਕਾਰੀਆਂ ਨੂੰ ਸੈਲਾਨੀਆਂ ਦੀ ਗਿਣਤੀ ਨਿਸ਼ਚਤ ਕਰ ਦੇਣੀ ਚਾਹੀਦੀ ਹੈ ਤਾਂ ਕਿ ਕਿਸੇ ਵੀ ਗਤੀਵਿਧੀ ਨਾਲ ਸਥਾਨਕ ਤਾਪਮਾਨ ਵਿੱਚ ਵਾਧਾ ਨਾ ਹੋਵੇ।

***

## ਮਿੱਟੀ ਦੇ ਬਾਦਸ਼ਾਹ

ਨਡਾਲ ਨੇ ਕਲੇ ਕੋਰਟਸ 'ਤੇ 89.43% ਜਿੱਤ ਪ੍ਰਤੀਸ਼ਤ ਦੇ ਨਾਲ ਆਪਣੇ ਕਰੀਅਰ ਦੀ ਸਮਾਪਤੀ ਕੀਤੀ, ਜੋ ਓਪਨ ਯੁੱਗ ਵਿੱਚ ਕਿਸੇ ਵੀ ਹੋਰ ਖਿਡਾਰੀ ਨਾਲੋਂ ਬਿਹਤਰ ਹੈ।

ਰੋਲੈਂਡ ਗੈਰੋਸ 'ਤੇ ਨਡਾਲ ਦਾ ਦਬਦਬਾ ਮਾਈਕਲ ਫੇਲਪਸ ਅਤੇ ਉਸੈਨ ਬੋਲਟ ਦੀ ਉਲੰਪਿਕ ਕੀਰਤੀਮਾਨ ਨਾਲ ਕੀਤਾ ਜਾ ਸਕਦਾ ਹੈ। ਫਰੈਂਚ ਓਪਨ 'ਚ ਖੇਡੇ ਗਏ ਸੈੱਟਾਂ 'ਚ ਜਿੱਤ ਦਾ 277-27 ਦਾ ਰਿਕਾਰਡ ਵੀ ਨਡਾਲ ਦੇ ਨਾਮ ਹੈ। ਕਲੇਅ-ਕੋਰਟ 'ਤੇ 2005 ਤੋਂ ਦਬਦਬਾ ਰਿਹਾ: ਅੰਕੜੇ ਇਸ ਗੱਲ ਦੀ ਸ਼ਾਹਦੀ ਭਰਦੇ ਹਨ: ਫ੍ਰੈਂਚ ਓਪਨ: 2005, 2006, 2007, 2008, 2010, 2011, 2012, 2013, 2014, 2017, 2018, 2019, 2020, 2022 (14), ਮੋਂਟੇ ਕਾਰਲੋ ਮਾਸਟਰਜ਼: 2005, 2006, 2007, 2008, 2009, 2010, 2011, 2012, 2016, 2017, 2018 (11), ਰੋਮ ਮਾਸਟਰਜ਼: 2005, 2006, 2007, 2009, 2010, 2012, 2013, 2018, 2019, 2021 (10), ਮੈਡ੍ਰਿਡ ਓਪਨ: 2010, 2013, 2014, 2017 (4), ਬਾਰਸੀਲੋਨਾ ਓਪਨ: 2005, 2006, 2007, 2008, 2009, 2011, 2012, 2013, 2016, 2017, 2018, 2021 (12)।

**ਖੇਡ ਕਲਾ ਦਾ ਲੋਹਾ ਮਨਵਾਇਆ**

ਰਾਫੇਲ ਨਡਾਲ ਲਾਲ ਮਿੱਟੀ ਦਾ ਨਿਰਵਿਵਾਦ ਬਾਦਸ਼ਾਹ ਹੈ। ਸਪੈਨਿਸ਼ ਖਿਡਾਰੀ ਨੇ ਟੂਰਨਾਮੈਂਟ 'ਤੇ ਪੂਰੀ ਤਰ੍ਹਾਂ ਦਬਦਬਾ ਬਣਾਉਂਦੇ ਹੋਏ ਰਿਕਾਰਡ 14 ਵਾਰ ਫ੍ਰੈਂਚ ਓਪਨ ਜਿੱਤਿਆ ਹੈ। ਨਡਾਲ ਦਾ ਰੋਲੈਂਡ ਗੈਰੋਸ 'ਤੇ ਸ਼ਾਨਦਾਰ ਰਿਕਾਰਡ ਹੈ, ਜਿਸ ਨੇ ਸਿਰਫ਼ ਚਾਰ ਵਾਰ ਹਾਰਦੇ ਹੋਏ 112 ਮੈਚ ਜਿੱਤੇ ਹਨ। ਸਪੈਨਿਸ਼ ਸਟਾਰ ਦੀ ਪੈਰਿਸ ਵਿੱਚ ਜਿੱਤ ਦੀ ਪ੍ਰਤੀਸ਼ਤਤਾ 97% ਹੈ, ਇਹ ਇੱਕ ਰਿਕਾਰਡ ਜਿਸ ਨੂੰ ਤੋੜਨਾ ਬਹੁਤ ਮੁਸ਼ਕਿਲ ਹੈ। ਨਡਾਲ ਨੇ 2005 ਵਿੱਚ ਆਪਣਾ ਪਹਿਲਾ ਫ੍ਰੈਂਚ ਓਪਨ ਖ਼ਿਤਾਬ ਜਿੱਤਿਆ ਅਤੇ 2008 ਤੱਕ ਆਪਣੇ ਖ਼ਿਤਾਬ ਦਾ ਬਚਾਅ ਕਰਦੇ ਰਹੇ। 2009 ਵਿੱਚ ਪੈਰਿਸ ਵਿੱਚ ਚੌਥੇ ਦੌਰ ਵਿੱਚ ਹਾਰਨ ਤੋਂ ਬਾਅਦ, ਨਡਾਲ ਨੇ 2010 ਤੋਂ 2014 ਤੱਕ ਦੁਬਾਰਾ ਫ੍ਰੈਂਚ ਓਪਨ ਜਿੱਤ ਕੇ ਵਾਪਸੀ ਕੀਤੀ। ਫਿਰ ਬਿਨਾਂ ਜਿੱਤੇ ਦੋ ਸਾਲ ਲੰਘ ਗਏ। ਪਰ 2017 ਤੋਂ 2020 ਤੱਕ ਲਗਾਤਾਰ ਚਾਰ ਸਾਲ ਰੋਲੈਂਡ ਗੈਰੋਸ ਨੂੰ ਜਿੱਤ ਕੇ ਰਫਾਲ ਨੇ ਰੋਲੈਂਡ ਗੈਰੋਸ ਦੇ ਬਾਦਸ਼ਾਹ ਵਜੋਂ ਆਪਣਾ ਤਾਜ ਮੁੜ ਪ੍ਰਾਪਤ ਕੀਤਾ। ਨਡਾਲ ਦੀ ਆਖ਼ਰੀ ਫਰੈਂਚ ਓਪਨ ਜਿੱਤ 2022 ਵਿੱਚ ਹੋਈ ਸੀ, ਜੋ ਕਿ ਉਸ ਦੇ ਕੈਰੀਅਰ ਦਾ ਆਖ਼ਰੀ ਗ੍ਰੈਂਡ ਸਲੈਮ ਖ਼ਿਤਾਬ ਵੀ ਸੀ। ਉਸ ਦੀ ਰੋਲੈਂਡ ਗੈਰੋਸ ਵਿਖੇ 2021 ਵਿੱਚ ਉਸਦੇ ਚਰਚਿਤ ਫੋਰਹੈਂਡ ਨੂੰ ਮਾਰਦੇ ਹੋਏ ਉਸ ਦੀ ਇੱਕ ਧਾਤੂ ਦੀ ਮੂਰਤੀ ਵੀ ਬਣਾਈ ਗਈ। 14 ਫਾਈਨਲ ਮੁਕਾਬਲਿਆਂ ਨੂੰ ਜਿੱਤਣ ਲਈ ਉਸਨੂੰ ਕਦੇ ਵੀ ਪੰਜ ਸੈੱਟਾਂ ਵਿੱਚ ਮੈਚ ਨਹੀਂ ਜਾਣ ਦਿੱਤਾ, ਚਾਰ ਵਾਰ ਫਾਈਨਲ ਵਿੱਚ ਫੈਡਰਰ ਅਤੇ ਤਿੰਨ ਵਾਰ ਜੋਕੋਵਿਚ ਨੂੰ ਹਰਾ ਕੇ ਆਪਣੀ ਖੇਡ ਕਲਾ ਦਾ ਲੋਹਾ ਮਨਵਾਇਆ।

**ਮਿੱਟੀ ਦਾ ਟੈਨਿਸ ਕੋਰਟ**

ਕਲੇਅ ਕੋਰਟ ਟੈਨਿਸ ਕੋਰਟ ਦੀਆਂ ਕਿਸਮਾਂ ਵਿੱਚੋਂ ਇੱਕ ਹੈ ਜਿਸ ਉੱਤੇ ਟੈਨਿਸ ਦੀ ਖੇਡ ਖੇਡੀ ਜਾਂਦੀ ਹੈ। ਮਿੱਟੀ ਦਾ ਟੈਨਿਸ ਕੋਰਟ ਲਾਲ ਇੱਟਾਂ ਦੀ ਧੂੜ, ਪੀਸਿਆ ਚਿੱਟਾ ਚੂਨਾ, ਕੋਲੇ ਦੀ ਰਹਿੰਦ-ਖੂੰਹਦ, ਬੱਜਰੀ ਹੋਰ ਸਮੂਹਾਂ ਦੀ ਨੀਂਹ 'ਤੇ ਬਣਾਏ ਗਏ ਹਨ, ਜਿਸ ਦੇ ਉੱਪਰ ਮਿੱਟੀ ਦੇ ਪਤਲੇ ਕਣਾਂ ਦੀ ਇੱਕ ਪਤਲੀ ਪਰਤ ਹੁੰਦੀ ਹੈ। ਉੱਤਰੀ ਅਮਰੀਕਾ, ਏਸ਼ੀਆ-ਪ੍ਰਸ਼ਾਂਤ ਜਾਂ ਬ੍ਰਿਟੇਨ ਦੇ ਮੁਕਾਬਲੇ ਮਹਾਂਦੀਪੀ ਯੂਰਪ ਅਤੇ ਲਾਤੀਨੀ ਅਮਰੀਕਾ ਵਿੱਚ ਮਿੱਟੀ ਦੀਆਂ ਕੋਰਟ ਵਧੇਰੇ ਆਮ ਹਨ। ਇੱਕਮਾਤਰ ਗਰੈਂਡ ਸਲੈਮ ਟੂਰਨਾਮੈਂਟ ਜੋ ਮਿੱਟੀ ਦੇ ਮੈਦਾਨਾਂ ਦੀ ਵਰਤੋਂ ਕਰਦਾ ਹੈ ਉਹ ਹੈ ਫ੍ਰੈਂਚ ਓਪਨ।

***

## ਸੁਖਬੀਰ ਬਾਦਲ ਦੇ ਅੜੀਅਲ ਰਵਈਏ ਕਾਰਨ

ਕੀਤੀ ਸੀ ਅਤੇ ਇਹੀ ਬੇਨਤੀ ਪ੍ਰਕਾਸ਼ ਸਿੰਘ ਬਾਦਲ ਨੂੰ ਕੀਤੀ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਪਾਸੇ ਕਰ ਕੇ ਖ਼ੁਦ ਕਮਾਨ ਅਪਣੇ ਹੱਥ ਵਿਚ ਲੈਣ, ਪਰ ਉਸ ਵੇਲੇ ਦਿਤੀ ਗਈ ਸਲਾਹ ਨੂੰ ਨਹੀ ਮੰਨਿਆ ਗਿਆ ਹੈ ਤੇ ਜਦੋਂ ਅਕਾਲੀ ਦਲ ਬੁਰੀ ਤਰ੍ਹਾਂ ਹਾਸ਼ੀਏ 'ਤੇ ਜਾ ਚੁੱਕਾ ਹੈ ਹੁਣ ਅਸਤੀਫ਼ਾ ਦਿਤਾ ਹੈ।

ਢੀਂਡਸਾ ਨੇ ਮੁੜ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅੱਜ ਪੂਰਾ ਪੰਜਾਬ ਅਪਣੇ ਹੱਕ ਹਕੂਕਾਂ ਦੀ ਤਰਜਮਾਨੀ ਕਰਨ ਵਾਲੀ ਜਮਾਤ ਸ਼੍ਰੋਮਣੀ ਅਕਾਲੀ ਦਲ ਵਲ ਵੇਖ ਰਿਹਾ ਹੈ, ਮੌਜੂਦਾ ਸਿਆਸੀ ਅਤੇ ਪੰਥਕ ਹਾਲਾਤ ਨੂੰ ਵੇਖਦੇ ਹੋਏ ਜਥੇਦਾਰ ਸ੍ਰੀ ਅਕਾਲ ਤਖ਼ਤ ਸਿਰਮੌਰ ਜਮਾਤ ਨੂੰ ਬਲ ਪੂਰਵਕ ਸੇਧ ਦੇਣ ਲਈ ਦਖ਼ਲ ਦੇਣ ਅਤੇ ਨਵੀਂ ਭਰਤੀ ਕਰਵਾ ਕੇ ਅਜਿਹੇ ਪ੍ਰਧਾਨ ਦੀ ਤਲਾਸ਼ ਨੂੰ ਪੂਰਾ ਕੀਤਾ ਜਾਵੇ ਜਿਹੜਾ ਸਾਰੀ ਲੀਡਰਸ਼ਿਪ ਨੂੰ ਨਾਲ ਲੈ ਕੇ ਚਲਣ ਦੇ ਸਮਰੱਥ ਹੋਵੇ ਅਤੇ ਅਗਲੀ ਸਿਆਸੀ ਲੜਾਈ ਲੜਨ ਦੀ ਯੋਗਤਾ ਰਖਦਾ ਹੈ।

***

## ਚੰਡੀਗੜ੍ਹ ਬਾਰੇ ਪੰਜਾਬ ਦੀਆਂ ਰਾਜਸੀ ਪਾਰਟੀਆਂ

ਪਰ ਇੱਥੇ ਇਸ ਫ਼ੈਸਲੇ ਵੇਲੇ 60 ਫ਼ੀਸਦੀ ਦੇ ਅਲਿਖਤ ਹਿੱਸੇਦਾਰ ਮੰਨੇ ਜਾਂਦੇ ਪੰਜਾਬ ਨੂੰ ਪੁੱਛਿਆ ਤੱਕ ਨਹੀਂ ਗਿਆ। ਇਵੇਂ ਹੀ ਪੰਜਾਬ ਦਾ ਚੰਡੀਗੜ੍ਹ 'ਤੇ ਦਾਅਵਾ ਕਮਜ਼ੋਰ ਕਰਨ ਲਈ ਹੀ ਪੰਜਾਬ ਯੂਨੀਵਰਸਿਟੀ ਦੀਆਂ ਸੈਨਟ ਚੋਣਾਂ ਲਟਕਾਉਣਾ ਅਤੇ ਉਸ ਦਾ ਕੁਲਪਤੀ (ਚਾਂਸਲਰ) ਉਪ-ਰਾਸ਼ਟਰਪਤੀ ਨੂੰ ਲਾਉਣਾ ਵੀ ਇਸੇ ਹੀ ਸਾਜ਼ਿਸ਼ ਦਾ ਹਿੱਸਾ ਸਮਝਿਆ ਜਾ ਰਿਹਾ ਹੈ। ਨਹੀਂ ਤਾਂ ਪੰਜਾਬ ਯੂਨੀਵਰਸਿਟੀ ਨਾਲ ਇਸ ਵੇਲੇ ਹਰਿਆਣਾ ਦਾ ਤਾਂ ਇੱਕ ਵੀ ਕਾਲਜ ਨਹੀਂ ਜੁੜਿਆ ਹੋਇਆ।

**ਕੀ ਹੈ ਤਾਜ਼ਾ ਮਾਮਲਾ ਚੰਡੀਗੜ੍ਹ ਬਾਰੇ**

ਹੁਣ ਹਰਿਆਣਾ ਸਰਕਾਰ ਨੇ ਚੰਡੀਗੜ੍ਹ ਵਿੱਚ 10 ਏਕੜ ਜ਼ਮੀਨ ਉੱਤੇ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਨੂੰ 12 ਏਕੜ ਜ਼ਮੀਨ ਪੰਚਕੂਲਾ ਵਿੱਚ ਦੇਣ ਬਾਰੇ ਕਿਹਾ ਸੀ ਪਰ ਪੰਚਕੂਲਾ ਵਾਲੀ ਜ਼ਮੀਨ ਈਕੋ ਸੈਂਸਟਿਵ ਹੋਣ ਕਰ ਕੇ ਮਾਮਲਾ ਭਖ ਗਿਆ ਸੀ। ਕੇਂਦਰੀ ਵਾਤਾਵਰਣ, ਜੰਗਲਾਤ ਤੇ ਜਲਵਾਯੂ ਤਬਦੀਲੀ ਮੰਤਰਾਲੇ ਨੇ ਪੰਚਕੂਲਾ ਦੀ ਇਸ ਜ਼ਮੀਨ ਨੂੰ ਵਾਤਾਵਰਨ ਪੱਖੋਂ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਜ਼ਮੀਨ ਦੀ ਅਦਲਾ-ਬਦਲੀ ਦਾ ਰਾਹ ਸਾਫ਼ ਹੋ ਗਿਆ ਪਰ ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ , ਅਕਾਲੀ ਦਲ ਸੁਧਾਰ ਲਹਿਰ, ਸ਼੍ਰੋਮਣੀ ਕਮੇਟੀ, ਆਮ ਆਦਮੀ ਪਾਰਟੀ, ਕਾਂਗਰਸ ਦੇ ਆਗੂਆਂ ਨੇ ਵੀ ਹਰਿਆਣਾ ਨੂੰ ਚੰਡੀਗੜ੍ਹ ਵਿੱਚ ਵਿਧਾਨ ਸਭਾ ਲਈ ਜ਼ਮੀਨ ਦੇਣ ਦੀ ਤਜਵੀਜ਼ ਦਾ ਤਿੱਖਾ ਵਿਰੋਧ ਕੀਤਾ ਸੀ। ਇਹ ਗੱਲ ਆਖੀ ਸੀ ਕਿ ਕੇਂਦਰ ਦੀ ਇਹ ਪਹਿਲਕਦਮੀ ਪੰਜਾਬ ਦੇ ਹਿੱਤਾਂ ਤੇ ਹੱਕਾਂ ਉੱਪਰ ਵੱਡਾ ਹਮਲਾ ਹੈ।

ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਾਫ਼ ਤੌਰ 'ਤੇ ਕਿਹਾ ਸੀ ਕਿ ਕੇਂਦਰ ਦੀ ਇਸ ਕਾਰਵਾਈ ਨਾਲ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਢਾਹ ਲੱਗੇਗੀ ਤੇ ਇਸ ਤਰ੍ਹਾਂ ਦੇ ਪੰਜਾਬ ਵਿਰੋਧੀ ਰੁਖ਼ ਨਾਲ ਰਾਜ ਦੇ ਲੋਕਾਂ ਨੂੰ ਨੁਕਸਾਨ ਝੱਲਣਾ ਪੈ ਸਕਦਾ ਹੈ। ਜਾਖੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਅਤੇ ਇਸ ਨੂੰ ਰੱਦ ਕਰਵਾਉਣ ਲਈ ਨਿੱਜੀ ਤੌਰ 'ਤੇ ਦਖਲ ਦੇਣ ਦੀ ਅਪੀਲ ਕੀਤੀ ਸੀ।

ਹੁਣ ਹਰਿਆਣਾ ਦੀ ਨਵੀਂ ਵਿਧਾਨ ਸਭਾ ਇਮਾਰਤ ਲਈ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਨੂੰ ਲੈ ਕੇ ਚੱਲ ਰਹੇ ਵਿਵਾਦ ਵਿੱਚ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਦਾ ਬਿਆਨ ਸਾਹਮਣੇ ਆਇਆ ਹੈ। ਇਸ ਸਬੰਧੀ ਰਾਜਪਾਲ ਨੇ ਕਿਹਾ ਹੈ ਕਿ ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਲਈ ਕੋਈ ਜ਼ਮੀਨ ਅਲਾਟ ਨਹੀਂ ਕੀਤੀ ਗਈ ਹੈ। ਰਾਜਪਾਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਇੱਕ ਪ੍ਰਸਤਾਵ ਲੰਬੇ ਸਮੇਂ ਤੋਂ ਪੈਂਡਿੰਗ ਹੈ। ਫ਼ੈਸਲਾ ਹੋਣ ਤੱਕ ਕੁਝ ਨਹੀਂ ਕਿਹਾ ਜਾ ਸਕਦਾ।

ਯਾਦ ਰਹੇ ਕਿ ਕੁਝ ਦਿਨ ਪਹਿਲਾਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਦੇ ਰਾਜਪਾਲ ਕਟਾਰੀਆ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਨੇ ਵਿਧਾਨ ਸਭਾ ਭਵਨ ਲਈ ਹਰਿਆਣਾ ਨੂੰ ਜ਼ਮੀਨ ਅਲਾਟ ਕਰਨ ਦੇ ਕਦਮ ਦਾ ਵਿਰੋਧ ਕੀਤਾ ਸੀ ਅਤੇ ਮੰਗ ਪੱਤਰ ਸੌਂਪਿਆ ਸੀ। ਵਿੱਤ ਮੰਤਰੀ ਨੇ ਕਿਹਾ ਸੀ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਅਸੀਂ ਹਰਿਆਣਾ ਨੂੰ ਇੱਕ ਇੰਚ ਵੀ ਜ਼ਮੀਨ ਨਹੀਂ ਦੇਵਾਂਗੇ। ਚੰਡੀਗੜ੍ਹ 'ਤੇ ਪੰਜਾਬ ਦਾ ਕੰਟਰੋਲ ਹੈ। ਅਸੀਂ ਆਪਣੇ ਹੱਕਾਂ ਲਈ ਲੜਾਂਗੇ। ਚੰਡੀਗੜ੍ਹ ਦੀ ਜ਼ਮੀਨ ਹਰਿਆਣਾ ਨੂੰ ਅਲਾਟ ਕਰਨਾ ਗ਼ਲਤ ਹੈ। ਇਹ ਪੰਜਾਬ ਦੇ 3 ਕਰੋੜ ਲੋਕਾਂ ਦੀਆਂ ਭਾਵਨਾਵਾਂ ਦੀ ਉਲੰਘਣਾ ਹੈ।

ਉਨ੍ਹਾਂ ਦੀ ਇਸ ਗੱਲ 'ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਸਰਕਾਰ 'ਤੇ ਪਲਟਵਾਰ ਕਰਦਿਆਂ ਕਿਹਾ ਸੀ ਕਿ ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੋਵਾਂ ਦਾ ਹਿੱਸਾ ਹੈ। ਚੰਡੀਗੜ੍ਹ 'ਤੇ ਵੀ ਹਰਿਆਣਾ ਦਾ ਹੱਕ ਹੈ। ਸੀ.ਐਮ. ਸੈਣੀ ਨੇ ਕਿਹਾ ਸੀ ਕਿ ਅਸੀਂ ਚੰਡੀਗੜ੍ਹ ਵਿੱਚ ਵਿਧਾਨ ਸਭਾ ਕਿਉਂ ਨਹੀਂ ਬਣਾ ਸਕਦੇ ? ਸੈਣੀ ਨੇ ਸਤਲੁਜ-ਯਮੁਨਾ ਲਿੰਕ ਨਹਿਰੀ ਪਾਣੀ ਦਾ ਮੁੱਦਾ ਪੰਜਾਬ ਸਰਕਾਰ ਕੋਲ ਉਠਾਉਂਦਿਆਂ ਕਿਹਾ ਸੀ ਕਿ ਪੰਜਾਬ ਨੇ ਹਰਿਆਣਾ ਦਾ ਪਾਣੀ ਰੋਕ ਕੇ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਇਆ ਹੈ।

ਯਾਦ ਰਹੇ ਕਿ 1966 ਵਿੱਚ ਜਦੋਂ ਪੰਜਾਬ ਦਾ ਮੁੜ ਗਠਨ ਕਰ ਕੇ ਨਵਾਂ ਸੂਬਾ ਹਰਿਆਣਾ ਬਣਾਇਆ ਗਿਆ ਸੀ, ਚੰਡੀਗੜ੍ਹ ਦੇ ਮੁੱਦੇ ਨੂੰ ਉਦੋਂ ਤੋਂ ਹੀ ਲਟਕਾ ਕੇ ਰੱਖਿਆ ਹੋਇਆ ਹੈ। ਹਾਲਾਂ ਕਿ ਚੰਡੀਗੜ੍ਹ ਅਣਵੰਡੇ ਪੰਜਾਬ ਦੀ ਰਾਜਧਾਨੀ ਸੀ ਅਤੇ ਮੁੜ ਗਠਨ ਵੇਲੇ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਹਰਿਆਣਾ ਨੂੰ ਨਵੀਂ ਰਾਜਧਾਨੀ ਤਿਆਰ ਕਰਨ ਲਈ ਪੰਜ ਸਾਲ ਦੀ ਮੋਹਲਤ ਦਿੱਤੀ ਗਈ ਸੀ।

ਨਵੀਂ ਵਿਧਾਨ ਸਭਾ ਬਾਰੇ ਹਰਿਆਣਾ ਦੀ ਲੋੜ ਤਾਂ ਸਮਝ ਪੈਂਦੀ ਹੈ ਪਰ ਇਸ ਤੱਥ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਚੰਡੀਗੜ੍ਹ ਦੇ ਦਰਜੇ ਨੂੰ ਲੈ ਕੇ ਵਿਵਾਦ ਵਾਲੀ ਸਥਿਤੀ ਬਣੀ ਹੋਈ ਹੈ। ਇਸ ਮੌਕੇ ਚੰਡੀਗੜ੍ਹ ਦੇ ਦਰਜੇ ਨਾਲ ਕਿਸੇ ਵੀ ਤਰ੍ਹਾਂ ਦੀ ਛੇੜ-ਛਾੜ ਸੰਵਿਧਾਨਕ ਅਤੇ ਇਖ਼ਲਾਕੀ ਤੌਰ 'ਤੇ ਸਹੀ ਨਹੀਂ ਆਖੀ ਜਾ ਸਕਦੀ। ਉਂਞ ਗ਼ੌਰਤਲਬ ਹੈ ਚੰਡੀਗੜ੍ਹ ਪ੍ਰਸ਼ਾਸਨ ਜੋ ਪੰਜਾਬ ਦੇ ਰਾਜਪਾਲ ਦੇ ਅਧੀਨ ਹੈ, 6 ਜੂਨ, 2022 ਨੂੰ ਹੀ ਹਰਿਆਣਾ ਨੂੰ 10 ਏਕੜ ਜ਼ਮੀਨ ਦੇਣ ਲਈ 3 ਥਾਂਵਾਂ 'ਤੇ ਪੇਸ਼ਕਸ਼ ਕਰ ਚੁੱਕਾ ਸੀ। ਕੋਈ ਪੁੱਛੇ ਕਿ ਪੰਜਾਬ ਦੇ ਗਵਰਨਰ ਦਾ ਫ਼ਰਜ਼ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨਾ ਹੈ ਕਿ ਨਹੀਂ ?

1966 ਵਿੱਚ ਪੰਜਾਬੀ ਪਿੰਡਾਂ ਨੂੰ ਉਜਾੜ ਕੇ ਬਣਿਆ 100 ਫ਼ੀਸਦੀ ਪੰਜਾਬੀ ਬੋਲਦਾ ਚੰਡੀਗੜ੍ਹ, ਪਰਵਾਸੀਆਂ ਦੀ ਵਸੋਂ ਨਾਲ 1971 ਦੀ ਮਰਦਮ-ਸ਼ੁਮਾਰੀ ਵਿੱਚ ਹੀ 59.33 ਫ਼ੀਸਦੀ ਹਿੰਦੀ ਬੋਲੀ ਵਸੋਂ ਵਾਲਾ ਇਲਾਕਾ ਬਣਾ ਦਿੱਤਾ ਗਿਆ ਸੀ। 2011 ਦੀ ਮਰਦਮਸ਼ੁਮਾਰੀ ਵਿੱਚ ਤਾਂ ਇੱਥੇ 78 ਫ਼ੀਸਦੀ ਹਿੰਦੀ ਬੋਲਦੇ ਸਨ। ਪਰ ਸਾਡਾ ਅੰਦਾਜ਼ਾ ਹੈ ਜਿਸ ਤੇਜ਼ੀ ਨਾਲ ਇੱਥੇ ਪ੍ਰਵਾਸੀ ਅਫ਼ਸਰ, ਕਰਮਚਾਰੀ ਤੇ ਮਜ਼ਦੂਰ ਵਸਾਏ ਗਏ ਹਨ, ਹੁਣ ਹੋਣ ਵਾਲੀ ਨਵੀਂ ਮਰਦਮਸ਼ੁਮਾਰੀ ਵਿੱਚ ਚੰਡੀਗੜ੍ਹ ਵਿੱਚ 90 ਫ਼ੀਸਦੀ ਲੋਕ ਆਪਣੀ ਮਾਤ ਭਾਸ਼ਾ ਹਿੰਦੀ ਜਾਂ ਗ਼ੈਰ-ਪੰਜਾਬੀ ਲਿਖਵਾਉਣਗੇ। ਕੀ ਦੁਨੀਆਂ ਦੇ ਕਿਸੇ ਹੋਰ ਖ਼ਿੱਤੇ ਵਿੱਚ ਏਨੀ ਤੇਜ਼ੀ ਨਾਲ ਭਾਸ਼ਾ ਦਾ ਤਵਾਜ਼ਨ ਬਦਲਿਆ ਹੈ ਕਦੇ ?

ਇਸ ਤੋਂ ਸਪਸ਼ਟ ਹੈ ਕਿ ਭਾਜਪਾ ਦੀ ਪੰਜਾਬ ਅਤੇ ਸਿੱਖਾਂ ਪ੍ਰਤੀ ਅਸਲ ਤੇ ਲੁਕੀ ਹੋਈ ਰਣਨੀਤੀ ਇਹੀ ਹੈ ਕਿ ਪੰਜਾਬ ਤੇ ਸਿੱਖ ਪੰਥ ਨੂੰ ਖੁਆਰ ਕੀਤਾ ਜਾਵੇ ,ਨਿਆਂ ਨਾ ਕੀਤਾ ਜਾਵੇ।

***

## ਅਮਰੀਕਾ 'ਚ ਜਾਨਲੇਵਾ ਬਣੀ

ਖਰੀਦੀਆਂ ਗਈਆਂ ਜੈਵਿਕ ਗਾਜਰਾਂ ਦੀ ਵਰਤੋਂ ਦੀ ਮਿਤੀ 14 ਅਗਸਤ ਤੋਂ 23 ਅਕਤੂਬਰ ਤੱਕ ਸੀ। ਜਦੋਂ ਕਿ ਵਾਪਸ ਮੰਗਵਾਈਆਂ ਗਈਆਂ ਬੇਬੀ ਗਾਜਰਾਂ ਦੀ ਵਰਤੋਂ ਮਿਤੀ 11 ਸਤੰਬਰ ਤੋਂ 12 ਨਵੰਬਰ ਤੱਕ ਸੀ। ਕੈਲੀਫ਼ੋਰਨੀਆ ਸਥਿਤ ਗ੍ਰੀਮਵੇ ਫਾਰਮਜ਼ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ ਕੰਪਨੀ ਆਪਣੀ ਖੇਤੀ ਅਤੇ ਵਾਢੀ ਦੇ ਅਭਿਆਸਾਂ ਦੀ ਸਮੀਖਿਆ ਕਰ ਰਹੀ ਹੈ ਤੇ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਪਹਿਲਾਂ ਇਹ ਕੰਪਨੀ ਇੱਕ ਪਰਿਵਾਰ ਦੀ ਮਲਕੀਅਤ ਸੀ। 2020 ਵਿੱਚ ਇਸਨੂੰ ਪ੍ਰਾਈਵੇਟ ਇਕੁਇਟੀ ਫਰਮ ਟੀਸ ਰਿਵਰ ਇਨਵੈਸਟਮੈਂਟਸ ਨੂੰ ਵੇਚ ਦਿੱਤਾ ਗਿਆ ਸੀ।

****

## ਭਾਰਤ 'ਤੇ ਟੈਰਿਫ ਲਗਾਉਣ ਨਾਲ

ਅਤੇ ਬਹੁਤ ਸਾਰੀਆਂ ਭਾਰਤੀ ਕੰਪਨੀਆਂ ਅਮਰੀਕਾ ਵਿੱਚ ਵਿਸਥਾਰ ਕਰ ਰਹੀਆਂ ਹਨ, ਇਸ ਲਈ ਸਾਡੇ ਦੇਸ਼ ਜਿੰਨਾ ਮਿਲ ਕੇ ਕੰਮ ਕਰਦੇ ਹਨ, ਓਨਾ ਹੀ ਮਜ਼ਬੂਤ ਹੁੰਦਾ ਹੈ।"

ਉਨ੍ਹਾਂ ਕਿਹਾ, "ਭਾਰਤ ਸਭ ਤੋਂ ਵੱਡੇ ਲੋਕਤੰਤਰਾਂ ਵਿਚੋਂ ਇੱਕ ਹੈ ਅਤੇ ਅਮਰੀਕਾ ਅਤੇ ਭਾਰਤ ਵਿਚਾਲੇ ਸਬੰਧ ਦੋਹਾਂ ਦੇਸ਼ਾਂ ਲਈ ਬਹੁਤ ਮਹੱਤਵਪੂਰਨ ਹਨ।" ਅਮੀ ਬੇਰਾ, ਪ੍ਰਮਿਲਾ ਜੈਪਾਲ, ਰਾਜਾ, ਕ੍ਰਿਸ਼ਨਾਮੂਰਤੀ, ਰੋ ਖੰਨਾ ਅਤੇ ਥਾਨੇਦਾਰ ਤੋਂ ਬਾਅਦ ਸੁਬਰਾਮਣੀਅਮ (38) ਅਮਰੀਕੀ ਪ੍ਰਤੀਨਿਧੀ ਸਭਾ ਲਈ ਚੁਣੇ ਗਏ ਛੇਵੇਂ ਭਾਰਤੀ-ਅਮਰੀਕੀ ਹਨ।

***

## 'ਇੱਕ ਧਰਤੀ, ਇੱਕ ਪਰਿਵਾਰ

ਉਸੇ ਤਰ੍ਹਾਂ ਅਸੀਂ ਗਲੋਬਲ ਸ਼ਾਸਨ ਸੰਸਥਾਵਾਂ 'ਚ ਸੁਧਾਰ ਕਰਾਂਗੇ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ 'ਭੁੱਖ ਅਤੇ ਗਰੀਬੀ ਵਿਰੁਧ ਗਲੋਬਲ ਗਠਜੋੜ' ਲਈ ਬ੍ਰਾਜ਼ੀਲ ਦੀ ਪਹਿਲ ਦਾ ਸਮਰਥਨ ਕਰਦਾ ਹੈ। ਉਨ੍ਹਾਂ ਕਿਹਾ ਕਿ ਨਵੀਂ ਦਿੱਲੀ 'ਚ ਜੀ-20 ਸਿਖਰ ਸੰਮੇਲਨ 'ਚ ਲਏ ਗਏ ਲੋਕ-ਕੇਂਦਰਿਤ ਫੈਸਲਿਆਂ ਨੂੰ ਬ੍ਰਾਜ਼ੀਲ ਦੀ ਪ੍ਰਧਾਨਗੀ ਦੌਰਾਨ ਅੱਗੇ ਵਧਾਇਆ ਗਿਆ।

ਉਨ੍ਹਾਂ ਕਿਹਾ, "ਇਹ ਬਹੁਤ ਸੰਤੁਸ਼ਟੀ ਦੀ ਗੱਲ ਹੈ ਕਿ ਅਸੀਂ ਐਸ.ਡੀ.ਜੀ. ਨੂੰ ਤਰਜੀਹ ਦਿਤੀ ਹੈ। ਅਸੀਂ ਸਮਾਵੇਸ਼ੀ ਵਿਕਾਸ, ਔਰਤਾਂ ਦੀ ਅਗਵਾਈ ਵਾਲੇ ਵਿਕਾਸ ਅਤੇ ਯੁਵਾ ਸ਼ਕਤੀ 'ਤੇ ਧਿਆਨ ਕੇਂਦਰਿਤ ਕੀਤਾ। ਅਤੇ 'ਗਲੋਬਲ ਸਾਊਥ' ਦੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਖੰਭ ਦਿਤੇ।" ਪ੍ਰਧਾਨ ਮੰਤਰੀ ਨੇ ਕਿਹਾ, "ਇਹ ਸਪੱਸ਼ਟ ਹੈ ਕਿ ਇਸ ਸਿਖਰ ਸੰਮੇਲਨ 'ਚ ਇਕ ਧਰਤੀ ਇਕ ਪਰਵਾਰ ਇਕ ਭਵਿੱਖ ਦਾ ਵਿਸ਼ਾ ਓਨਾ ਹੀ ਢੁਕਵਾਂ ਹੈ ਜਿੰਨਾ ਪਿਛਲੇ ਸਾਲ ਸੀ।"

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬ੍ਰਾਜ਼ੀਲ ਪਹੁੰਚਣ 'ਤੇ ਭਾਰਤੀ ਮੂਲ ਦੇ ਲੋਕਾਂ ਨੇ ਉਨ੍ਹਾਂ ਦਾ ਮੰਤਰਾਂ ਦੇ ਜਾਪ ਨਾਲ ਸਵਾਗਤ ਕੀਤਾ। ਬ੍ਰਾਜ਼ੀਲ 'ਚ ਉਨ੍ਹਾਂ ਦੇ ਸਵਾਗਤ ਲਈ ਇੱਕ ਸੱਭਿਆਚਾਰਕ ਪ੍ਰੋਗਰਾਮ ਵੀ ਕੀਤਾ ਗਿਆ ਸੀ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD
sling

CREDIBILITY
RELIABILITY

Minute to Minute Coverage of Punjab Elections

Punjabi Super Pack
20 channels for only $25/month on
sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290
Visit: sling.com/juspunjabi

for advertisement & more information call: +1-718-752-9293
www.jusbroadcasting.com